
ੴ ੴ ੴ

# ਅਨੁਪਮ ਕਾਵਿਕ ਉਡਾਰੀਆਂ



ਸੰਪਾਦਕ

ਅਨੂਪ ਸਿੰਘ ਨੂਰੀ

# ਅਨੁਪਮ ਕਾਵਯ ਉਡਾਰੀਆਂ



ਅਨੂਪ ਸਿੰਘ ਨੂਰੀ ਦੀਆਂ ਕਿਤਾਬਾਂ ਜੋ ਛਪ ਚੁਕੀਆਂ ਹਨ।

1. ਬਾਰਾਂ ਮਾਹ ਦਾ 'ਨੂਰ' ( ਅਨੁਵਾਦ ਬਾਰਾਂ ਮਾਹ)।
2. ਸੁਖਮਨੀ ਦਾ ਨੂਰ ਅਨੁਵਾਦ ਸੁਖਮਨੀ।
3. ਗੁਰੂ ਕ੍ਰਿਪਾ (ਧਾਰਮਿਕ ਕਵਿਤਾਵਾਂ)।
4. ਜਪੁਜੀ ਦਾ ਨੂਰ ( ਅਨੁਵਾਦ ਜਪੁਜੀ ਸਾਹਿਬ)।
5. ਅੰਮ੍ਰਿਤਬਾਣੀ ਭਗਤ ਨਾਮ ਦੇਵ ਜੀ (ਕਾਵਿ ਅਨੁਵਾਦ)।
6. ਹੁਕਮ ਨਾਮੇ ਸ੍ਰੀ ਦਰਬਾਰ ਸਾਹਿਬ (ਕਵਿਤਾ ਵਿਚ)।
7. ਅੰਮ੍ਰਿਤਦਰਸ਼ਨ ( ਅਨੁਵਾਦ ਨਿਤਨੇਮ ਦੀਆਂ ਬਾਣੀਆਂ)।
8. ਸੋਵੀਨਰ ਸ੍ਰੀ ਗੁਰੂ ਅਰਜਨ ਦੇਵ ਜੀ।
9. ਇਕ ਸਰਵੇਖਣ ਕਰਤਾਰਪੁਰ।
10. ਸਰਵੇਖਣ ਪੁਸਤਕ ਨਡਾਲਾ ਬਲਾਕ।
11. ਅਜਨਾਮੇ ਦੋਇਮ ਛਪ ਰਹੇ।
12. ਕੁਝ ਮਹਾਨ ਸਖਸ਼ੀਅਤਾਂ ਅਤੇ ਮੇਰੇ ਸਹਿਯੋਗੀਆਂ ਦਾ ਗੁਲਦਸਤਾ।
13. ਯੁੱਗ ਪੁਰਸ਼ ਭਗਤ ਰਵਿਦਾਸ ਮਹਾਰਾਜ ਜੀ ।

# ਅਨੁਪਮ ਕਾਵਯ ਉਡਾਰੀਆਂ

ਅਨੂਪ ਸਿੰਘ ਨੂਰੀ

**ਪ੍ਰਕਾਸ਼ਕ**
ਜੱਬਲ ਪ੍ਰਕਾਸ਼ਨ
ਦਿਆਲ ਪੁਰ ਗੇਟ, ਕਰਤਾਰਪੁਰ



## ਅਨੁਪਮ ਕਾਵਯ ਉਡਾਰੀਆਂ

**ਸੰਪਾਦਕ**
**ਅਨੂਪ ਸਿੰਘ 'ਨੂਰੀ'**
ਦਿਆਲ ਪੁਰ ਗੇਟ, ਕਰਤਾਰਪੁਰ
ਜਿਲ੍ਹਾ ਜਲੰਧਰ-144801
ਫੋਨ ਨੰਬਰ 98556-30313
0181-2780945 (ਘਰ)

**ਪਹਿਲੀ ਵਾਰ** 2013

© ਅਨੂਪ ਸਿੰਘ 'ਨੂਰੀ'

**ਕੰਪਿਊਟਰ ਟਾਈਪ ਸੈਟਿੰਗ**
ਦੂਹੜਾ ਕੰਪਿਊਟਰ
ਦੂਹੜੇ (ਜਲੰਧਰ) -144302
ਮੋਬਾਇਲ ਨੰਬਰ 98723-36944

**ਮੁੱਲ** - 200/-

**ਪ੍ਰਕਾਸ਼ਕ**
ਜੱਬਲ ਪ੍ਰਕਾਸ਼ਨ
ਦਿਆਲ ਪੁਰ ਗੇਟ
ਕਰਤਾਰਪੁਰ।

# ਸਮਰਪਤ

## ਮਹਾਨ ਸ਼ਖਸ਼ੀਅਤ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਜੀ ਨੂੰ।



ਬੜੇ ਭਾਗ ਚੰਗੇ ਅਸਾਂ ਦੇ ਨੇ ਸਜਣੋਂ,
ਜੋ ਚਲ ਆਏ ਖ਼ੁਦ ਰਹਿਨੁਮਾ ਇਸ ਨਗਰ ਵਿੱਚ।
ਮਸੀਹਾ ਵੀ ਇਹ ਸਨ, ਧਨੰਤਰ ਵੀ ਇਹ ਸਨ,
ਜੋ ਬਖਸ਼ਣ ਲਈ ਆਏ ਸ਼ਫਾ ਇਸ ਨਗਰ ਵਿੱਚ।
ਇਹ ਹੈ ਆਪ ਦੇ ਸਾਰੇ ਆਉਣੇਂ ਦੀ ਬਰਕਤ,
(ਜੁ) ਮਸਤੂਆਣਾ ਗੁਰਸਾਗਰ ਹੈ ਵਿੱਦਿਆ ਦਾ ਸਾਗਰ।
ਬੜੀ ਹੱਕੀ-ਬੱਕੀ ਖ਼ੁਦਾਈ ਹੈ ਸਾਰੀ,
ਕਿਵੇਂ ਆਇਆ 'ਨੂਰੀ' ਖ਼ੁਦਾ ਇਸ ਨਗਰ ਵਿੱਚ।



## ਮਹਾਨ ਸੰਤ ਸਿਪਾਹੀ
## ਸੰਤ ਬਾਬਾ ਅਤਰ ਸਿੰਘ ਜੀ
## ਮਸਤੂਆਣਾ ਸਹਿਬ (ਸੰਗਰੂਰ)।

ਸੰਤ ਸਦਾ ਸੰਸਾਰ ਦਾ ਥੱਮ ਹੁੰਦੇ,
ਮੁੱਖੋਂ ਨਿਕਲਿਆ ਬਚਨ ਅਟਲ ਹੁੰਦਾ।
ਜਿਹੜੇ ਸਵਾਲ ਦਾ ਕਿਤਿਉਂ ਨ ਹੱਲ ਲਭੇ,
ਉਹ ਸਾਧੂ ਦੀ ਰਸਨਾ ਤੋਂ ਹਲ ਹੁੰਦਾ।
ਲੋਕੀਂ ਕਿਉਂ ਨ ਇਹਨਾਂ ਦੀ ਕਰਨ ਪੂਜਾ,
ਚਿੱਤ ਇਹਨਾਂ ਦਾ ਪ੍ਰਭੂ ਦੇ ਵਲ ਹੁੰਦਾ।
ਬੱਧੀ ਭਗਵਾਨ ਦੀ ਸੰਤ ਛੁਡਾ ਦੇਂਦੇ,
ਜੁਦਾ ਭਗਤਾਂ ਤੋਂ ਪ੍ਰਭੂ ਨਹੀਂ ਪਲ ਹੁੰਦਾ।
ਸੀਸ ਦੇ ਕੇ ਸੌਦੇ ਨੂੰ ਕਹਿਣ ਸਸਤਾ,
ਤਾਹੀਓਂ ਦਰ ਪਿਆਰੇ ਦਾ ਮਲ ਹੁੰਦਾ।
ਸਾਧੂ ਉਹ ਜੋ ਸਮ ਕਰ ਜਾਣਦਾ ਹੈ,
ਭਾਂਵੇਂ ਸੁੱਖ ਹੁੰਦਾ ਭਾਂਵੇਂ ਸਲ ਹੁੰਦਾ।
ਸਾਗਰ ਗਿਆਨ ਦੇ ਸੰਤ ਅਤਰ ਸਿੰਘ ਜੀ,
ਦੀਪਕ ਬਾਣੀ ਦੇ ਜੀਹਨਾਂ ਜਗਾਏ ਥਾਂ-ਥਾਂ।
ਕੀਰਤਨ, ਨਾਮ ਨਾਲ ਜੋੜਕੇ ਜਗ ਤਾਂਈ,
ਗੁਰੂਦੁਆਰੇ ਸਕੂਲ ਬਣਾਏ ਥਾਂ-ਥਾਂ
ਸਿੱਖੀ ਮਾਰਗ ਤੇ ਚਲਕੇ ਉਮਰ ਸਾਰੀ,
ਸਿੰਘ ਸਾਜਣ ਲਈ ਅੰਮ੍ਰਿਤ ਛਕਾਏ ਥਾਂ-ਥਾਂ।
ਸਾਂਝੀ ਵਾਲਤਾ ਦੀ ਜਿਥੋਂ ਮਹਿਕ ਆਉਂਦੀ,
ਠੱਪੇ ਸੇਵਾ ਤੇ ਸਿਮਰਨ ਦੇ ਲਾਏ ਥਾਂ-ਥਾਂ।
ਮਸਤੂਆਣਾ ਗੁਰਸਾਗਰ ਤੇ ਦਮਦਮਾ ਸਾਹਿਬ,
ਸਾਜ ਇਹਨਾਂ ਜੋ ਪੈਂਦਾ ਮਿਸਾਲ ਕੀਤੀ।
ਕੀਹਦੇ ਨਾਲ ਕੋਈ ਦੇਵੇ ਤਸ਼ਬੀਹ ਇਹਦੀ,
ਪੈਂਦਾ ਜਿਹੜੀ ਇਸ ਗੁਰੂ ਦੇ ਲਾਲ ਕੀਤੀ।
ਹਰ ਇੱਕ ਪੰਥ ਦੀ ਲਹਿਰ ਵਿੱਚ ਹੋ ਸ਼ਾਮਲ,
ਜੀਵਨ ਇਹਨਾਂ ਨੇ ਸੱਚਾ ਗੁਜ਼ਾਰਿਆ ਹੈ।
ਪੜ੍ਹ ਲਿਖਕੇ ਕੌਮ ਸੁਚੇਤ ਹੋਵੇ,
ਮਨਸ਼ਾ ਇਹਨਾਂ ਕਮਾਲ ਇਹ ਧਾਰਿਆ ਹੈ।

ਕਾਲਜ ਮਾਲਵੇ ਮੁਲਕ ਵਿੱਚ ਖੋਹਲ ਉੱਤਮ,
ਵੱਡਾ ਹੰਭਲਾ ਇਹਨਾਂ ਨੇ ਮਾਰਿਆ ਹੈ।
ਕਢਣ ਲਈ ਅਨਪੜ੍ਹਤਾ ਹਿੰਦ ਵਿੱਚੋਂ,
ਐਸਾ ਉੱਤਮ ਵਿਚਾਰ ਵਿਚਾਰਿਆ ਹੈ।
ਕੌਮ ਇਹਨਾਂ ਨੂੰ ਕਿਸ ਤਰ੍ਹਾਂ ਭੁਲ ਸਕਦੀ,
ਉੱਚਾ ਕੌਮ ਦਾ ਜੀਹਨਾਂ ਹੈ ਨਾਂ ਕੀਤਾ।
ਇਹਨਾਂ ਆਪਣੀ ਸੂਝ ਸਮਤ ਸਦਕੇ,
ਮਸਤੂਆਣਾ ਸਹਿਬ ਮਸ਼ਹੂਰ ਗਿਰਾਂ ਕੀਤਾ।
ਜਾਤੀਆਤ ਦਾ ਪਖ ਹੀ ਪੂਰਿਆ ਨਹੀਂ,
ਹਰ ਇੱਕ ਆਏ ਸਵਾਲੀ ਦਾ ਮਾਣ ਕੀਤੈ।
ਨਿੱਜੀ ਕਾਰਾਂ ਵਿਹਾਰਾਂ ਨੂੰ ਵੱਡ ਪਿੱਛੇ,
ਸਾਂਝੇ ਕੰਮਾਂ ਵੱਲ ਪਹਿਲਾਂ ਧਿਆਨ ਕੀਤੈ।
ਸਿੱਖੀ ਰਹਿਤ ਵਿੱਚ ਹਰ ਸਿੰਘ ਰਹੇ ਪੂਰਾ,
ਸੰਗਤ ਵਿੱਚ ਇਹ ਸਦਾ ਫੁਰਮਾਨ ਕੀਤੈ।
ਕਿਸੇ ਬੋਲ ਕੁਬੋਲ ਵੀ ਬੋਲਿਆ ਜੇ,
ਕੌੜਾ ਬੋਲ ਨਹੀਂ ਉਹਦਾ ਅਪਮਾਨ ਕੀਤੈ।
ਉਹਨੂੰ ਪਿਆਰ ਮਿਲਾਪ ਦੀ ਸਿੱਖਿਆ ਦੇ,
ਦੂਰ ਓਸਦਾ ਹਉੱਮੈਂ ਹੰਕਾਰ ਕੀਤੈ।
ਉਹਨੇ ਆਪਣੀ ਭੁਲ ਮਹਿਸੂਸ ਕਰਕੇ,
ਇਹਨਾਂ ਸੰਤਾਂ ਦਾ ਦਿਲੋਂ ਸਤਿਕਾਰ ਕੀਤੈ।
ਰੱਖਿਆ ਸਾਹਮਣੇ ਨਾਨਕ ਦਾ ਨਾਮ ਹਰਦਮ,
ਮੈਂ ਨੂੰ ਮਾਰਿਆ ਸੀ ਸੰਤ ਅਤਰ ਸਿੰਘ ਜੀ।
ਡੁੱਬ ਕੇ ਸੇਵਾ ਦੇ ਸਾਗਰ ’ਚ ਸੱਚ ਜਾਣੋਂ,
ਜੱਗ ਨੂੰ ਤਾਰਿਆ ਸੀ ਸੰਤ ਅਤਰ ਸਿੰਘ ਜੀ।
ਤੱਪਦੇ ਹਿਰਦੇ ਸੰਸਾਰ ਦੇ ਸ਼ਾਂਤ ਕਰਕੇ,
ਜੱਗ ਨੂੰ ਠਾਰਿਆ ਸੀ ਸੰਤ ਅਤਰ ਸਿੰਘ ਜੀ
ਧਨੀ ਲੋਕਾਂ ਨੂੰ ਤਿਆਗ ਦੀ ਜਾਗ ਲਾਕੇ,
ਹੰਭਲਾ ਮਾਰਿਆ ਸੀ ਸੰਤ ਅਤਰ ਸਿੰਘ ਜੀ।
ਸੇਵਾ ਸਿਮਰਨ ਦੀ ਦਸ ਗਏ ਜਾਚ ਐਸੀ,
ਤਾਹੀਓਂ ਥਾਂ-ਥਾਂ ਹੁੰਦੀ ਵਡਿਆਈ ਇਹਦੀ।
ਜੋ-ਜੋ ਸਿੱਖੀ ਦੇ ਮਹਿਲ ਉਸਾਰ ਗਏ ਨੇ,
ਮੂੰਹੋਂ ਬੋਲਦੀ ਕਿਰਤ ਕਮਾਈ ਇਹਦੀ।

ਅਨੂਪ ਸਿੰਘ ‘ਨੂਰੀ’
(ਸਾਹਿਤਕਾਰ)



# ਤਰਤੀਬ ਤਰਤੀਬ ਤਰਤੀਬ ਤਰਤੀਬ


1. ਮੇਰੀ ਵੀ ਸੁਣੋ- ਅਨੂਪ ਸਿੰਘ ‘ਨੂਰੀ’ 11

2. ਉਸਤਾਦ ਸ਼ਾਇਰ ਅਮਰਜੀਤ ਸਿੰਘ ਸੰਧੂ 17
ਗ਼ਜ਼ਲ
ਗ਼ਜ਼ਲ
ਜੰਮੇ ਸਿੰਘ ਸੰਘਰਸ਼ ਚੋਂ
ਆਸ਼ਿਕ

3. ਇੱਕ ਅਨੁਪਮ ਸ਼ਾਇਰ
ਅਨੂਪ ਸਿੰਘ ‘ਨੂਰੀ’ ਸਾਹਿਤਕਾਰ। 32
ਗ਼ਜ਼ਲ
ਧੰਨ ਧੰਨ ਗੁਰੂ ਰਾਮ ਦਾਸ ਜੀ
ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ
ਕੌਮੀ ਏਕਤਾ
ਏਡਜ਼ ਰੋਗ ਦਾ ਕੋਈ ਇਲਾਜ਼ ਹੈ ਨਹੀਂ
ਅਨੂਪ ਸਿੰਘ ਨੂਰੀ ਵਲੋਂ ਲਿਖੇ ਗਏ ਅੱਜਨਾਮੇ
ਉਪਕਾਰ ਦਾ ਕੰਮ

4. ਸ. ਹਰਭਜਨ ਸਿੰਘ ਸਾਜਨ 73
ਸ਼ਹਾਦਤ ਪਰੱਤਖ ਹਰਿ ਗੁਰੂ ਅਰਜਨ ਦੇਵ ਜੀ
ਪੂਜਨੀਕ ਪਰਮ ਆਤਮਾ, ਬੇਬੇ ਨਾਨਕੀ ਜੀ
ਉਪਕਾਰ ਕਲਗੀਆਂ ਵਾਲੇ ਦੇ (ਗੀਤ)
ਹਰੀ ਦਾ ਨਾਮ ਜਪ ਲੈ

5. ਮਹਾਨ ਸ਼ਇਰ ਲਾਲੀ ਕਰਤਾਰਪੁਰੀ 85
ਗ਼ਜ਼ਲ
ਇੱਕ- ਇੱਕ ਪੁਸਤਕ ਰੱਖੀ ਐ
ਲੋਕ ਤੱਥ
ਸਾਵਨ ’ਤੇ ਵਿਸ਼ੇਸ਼ ਗੀਤ

6. ਸ. ਚਾਨਣ ਸਿੰਘ ਚੰਨ ਮੋਮੀ 95
ਚਰਾਗ਼ੇ-ਏ-ਸ਼ਹਾਦਤ
ਗ਼ਜ਼ਲ
ਗ਼ਜ਼ਲ
ਗ਼ਜ਼ਲ
ਗ਼ਜ਼ਲ

7. ਸ. ਤਰਲੋਕ ਸਿੰਘ ਦੀਵਾਨਾ 102
ਜੈਕਾਰਾ
ਪਾਉਂਟਾ ਸਾਹਿਬ
ਸਰਨਾ ਨਹੀਂ
ਬਜ਼ੁਰਗਾਂ ਦਾ ਮਾਣ ਸਤਿਕਾਰ

8. ਇੱਕ ਬਹੁਪਖੀ ਸ਼ਖਸੀਅਤ –
ਰਾਗੀ ਗੁਰਚਰਨ ਸਿੰਘ 'ਕੰਵਲ' 118
ਜਖ਼ਮੀ ਹਿਰਦਿਆਂ ਤੇ ਮਲਮਾਂ ਲਾਉਣ ਆਇਆ
ਦੁਰਮਤ ਮਤ
ਬੇਰ ਸਾਹਿਬ ਦੀ ਮੱਸਿਆ

9. ਸ. ਗੁਰਚਰਨ ਸਿੰਘ 'ਚਰਨ' 130
ਗਿਣੇ ਜਾਂਦੇ ਨਹੀਂ ਪਰਉਪਕਾਰ ਤੇਰੇ
ਸ਼ਹੀਦੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ
ਆਪਣਾ ਸ਼ੇਅਰ
ਮੈਂ ਇੱਕ ਕਵੀ

10. ਸ. ਭਗਵਾਨ ਸਿੰਘ ਦੀਪਕ 140
ਅੰਮ੍ਰਿਤ ਦੀ ਸ਼ਕਤੀ
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ਼ ਸਿੱਖੀ
ਫੁਹਾਰਾ
ਭੰਗਾਣੀ ਦਾ ਯੁੱਧ
ਖੋਪਰ ਕੇਸਾਂ ਦੇ ਸਣੇ ਲੁਹਾ ਦੇਈਏ



ਪੈਸੇ ਦੇ ਨਾਲ

11. ਸੁਰਜੀਤ ਆਰਟਿਸਟ 158
ਸਿੰਘ
ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ
ਜੀਵਨ
ਸਭ ਜਗ ਝੁਕਾਇਆ ਸਿੰਘਾਂ ਨੇ

12. ਸੀਤਲ ਸਿੰਘ ਸੀਤਲ 165
ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ
ਰਿਣੀ ਰਹੇਗਾ ਸਦਾ ਸੰਸਾਰ ਤੇਰਾ
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ

13. ਭੁਪਿੰਦਰ ਸਿੰਘ ਸੱਗੂ 181
ਕੱਲਯੁੱਗ ਤਾਰਨ ਲਈ
ਜੁਗਨੂੰਆਂ ਦਾ ਸ਼ਹਿਰ
ਗ਼ਜ਼ਲ
ਅਸੀਂ ਵਤਨ ਦੇ, ਵਤਨ ਹੈ ਜਾਨ ਸਾਡੀ

14. ਨੇਕ ਦਿਲ ਇਨਸਾਨ–
ਜਸਵਿੰਦਰ ਦੂਹੜਾ 193
ਗ਼ਜ਼ਲ
ਗ਼ਜ਼ਲ
ਗ਼ਜ਼ਲ
ਅੱਕੜ-ਬੱਕੜ
ਗੁਰਬਤ ਦਾ ਗੀਤ
ਗੀਤ

15. ਸਾਡੇ ਸਹਿਯੋਗੀ 225

# ਮੇਰੀ ਵੀ ਸੁਣੋ –
## ਅਨੂਪ ਸਿੰਘ 'ਨੂਰੀ'

ਸੱਯਦ ਵਾਰਸ਼ਾਹ ਜਿਸ ਨੇ ਹੀਰ ਰਾਂਝਾ ਦੀ ਕੱਥਾ 1180 ਹਿਜ਼ਰੀ ਵਿੱਚ ਲਿਖੀ ਬਿਕ੍ਰਮੀ ਸਾਲ 1822 ਵਿੱਚ ਦੱਸਦੇ ਹਨ ਜਿਸ ਦੀਆਂ ਹਜਾਰਾਂ ਐਡੀਸ਼ਨਾ ਛੱਪ ਕੇ ਵਿੱਕ ਚੁੱਕੀਆਂ ਹਨ, ਬਹੁਤ ਸਾਰੇ ਸ਼ਾਇਰਾਂ ਨੇ ਹੀਰ ਰਾਂਝੇ ਦੀ ਕਥਾ ਵਾਰਤਾ ਲਿਖਣ ਦੇ ਯਤਨ ਕੀਤੇ ਪਰ ਸਭ ਨਿਸ਼ਫਲ। ਕੀ ਜੇਕਰ ਹੀਰ ਕਿਸੇ ਪ੍ਰਯੋਗਵਾਦੀ ਕਵੀ ਨੇ ਲਿਖੀ ਹੁੰਦੀ ਤਾਂ ਉਸ ਦੀ ਕੋਈ ਪੁੱਛਗਿੱਛ ਹੁੰਦੀ ? ਕਦਾ–ਚਿੱਤ ਨਹੀਂ ਸੋ ਇੱਕ ਤਾਂ ਇਹਨਾਂ ਕਚ ਘਰੜਾਂ ਨੇ ਕਵਿਤਾ ਤੇ ਕਵੀ ਦਰਬਾਰਾਂ ਦਾ ਸਤਿਆਨਾਸ ਕੀਤਾ ਅਤੇ ਹਾਲੇ ਵੀ ਅਖ਼ਬਾਰਾਂ, ਰਿਸਾਲਿਆਂ ਵਿੱਚ ਕਵਿਤਾ ਦੇ ਸ਼ੌਕੀਨ ਪਾਠਕ ਚੰਗੀਆਂ ਕਵਿਤਾਵਾਂ ਪੜ੍ਹਕੇ ਅਨੰਦਤ ਹੋ ਕੇ ਉਹਨਾਂ ਸ਼ਾਇਰਾਂ ਨੂੰ ਖੁਸ਼ੀ ਨਾਲ ਝੂਮਕੇ ਟੈਲੀਫ਼ੂਨ ਕਰਦੇ ਹਨ ਜਾਂ ਖਤ ਲਿਖਕੇ ਵਧਾਈ ਦਿੰਦੇ ਹਨ। ਪਿੱਛਲੇ ਦਸ ਬਾਰਾਂ ਸਾਲ ਤੋਂ ਨਵਾਂ ਜ਼ਮਾਨਾ ਅਖ਼ਬਾਰ ਪੰਜਾਬੀ ਦੇ ਸੰਪਾਦਕ ਜਨਾਬ ਜਤਿੰਦਰ ਪੰਨੂੰ ਜੀ ਅੱਜਨਾਮਾ ਕਵਿਤਾ ਵਿੱਚ ਰੋਜ਼ ਲਿਖਦੇ ਹਨ ਤੇ ਕਦੇ ਕਦੇ ਮੈਂ ਵੀ ਅੱਜਨਾਮਾ ਦੋਇਮ ਦੇ ਨਾਂ ਥੱਲੇ ਅਖ਼ਬਾਰ ਨਵਾਂ ਜ਼ਮਾਨਾ ਵਿੱਚ ਲਿਖਦਾ ਹਾਂ ਇਸਤੇ ਕਈ ਪਾਠਕਾਂ ਵਲੋਂ ਮੈਨੂੰ ਤੇ ਪੰਨੂੰ ਸਾਹਿਬ ਨੂੰ ਫ਼ੂਨ ਆਉਂਦੇ ਹਨ। ਕਿ ਅਸੀਂ ਸਭ ਤੋਂ ਪਹਿਲਾਂ ਅੱਜਨਾਮੇ ਹੀ ਪੜ੍ਹਦੇ ਹਾਂ।

ਕਵਿਤਾ ਲਈ ਗਰੈਮਰ ਜ਼ਰੂਰੀ ਹੈ ਵਜ਼ਨ ਬਹਿਰ–ਕਾਫ਼ੀਆਂ ਰਦੀਫ਼ ਦਾ ਗਿਆਨ ਹਰ ਸ਼ਾਇਰ ਨੂੰ ਹੋਣਾ ਜ਼ਰੂਰੀ ਹੈ ਕਵੀ ਨੂੰ ਮਿੱਠ ਬੋਲੜਾ ਤੇ ਖੁਦਦਾਰ ਹੋਣਾ ਵੀ ਜ਼ਰੂਰੀ ਹੈ।

ਮੈਂ ਸਾਲ 1995 ਤੋਂ 2003 ਤਕ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਬੇ ਨਾਨਕੀ ਵਿੱਚ ਬਤੌਰ ਮੈਨਜ਼ਰ ਸੇਵਾ ਕੀਤੀ ਤੇ ਇਹਨਾਂ ਸਾਲਾ ਵਿੱਚ 9 ਕਵੀ ਦਰਬਾਰ ਬੇਬੇ ਨਾਨਕੀ ਜੀ ਦੇ ਜਨਮ ਦਿਨ ਅਤੇ ਸਮਸਿਆ 'ਤੇ ਮਿਸਰਾ ਤਰਾਹ ਦੇ ਕੇ ਕਰਵਾਏ ਇਸ ਤੋਂ ਇਲਾਵਾ ਹੋਰ 9 ਕਵੀ ਦਰਬਾਰ ਗੁਰੂ ਨਾਨਕ ਦੇਵ ਜੀ ਅਤੇ ਸ਼ਰੋਮਣੀ ਭਗਤ ਰਵਿਦਾਸ ਜੀ ਅਤੇ ਭਗਤ ਨਾਮ ਦੇਵ ਜੀ ਤੇ ਕਰਵਾਏ। ਮੈਂ ਵੇਖਿਆ ਜਿਹੜੇ ਸ਼ਾਇਰ ਕਵੀ ਦਰਬਾਰ ਤੇ ਆਉਂਣ ਲਈ ਖ਼ਤਾਂ ਰਾਹੀ ਤੇ ਟੈਲੀਫ਼ੂਨਾਂ ਰਾਹੀ ਮਿਨਤਾਂ ਕਰਦੇ ਸਨ ਉਹਨਾਂ ਵਿਚੋਂ ਕਈ ਕਵੀ ਹੁਣ ਮਿਲਕੇ ਸਤਿ ਸ਼੍ਰੀ ਅਕਾਲ ਬਲਾਉਂਣਾ ਵੀ ਪਸੰਦ ਨਹੀਂ ਕਰਦੇ ਬਲਕਿ ਉਸੇ 'ਨੂਰੀ' ਦੀ ਨਿੰਦਿਆ



ਕਰਦੇ ਹਨ। ਜਿਹੜੇ ਨੂਰੀ ਦੀਆਂ ਮਿਨਤਾਂ ਕਰਦੇ ਹੁੰਦੇ ਸਨ। ਸ਼ਾਇਰ ਨੂੰ ਨਿੰਦਕ, ਮਤਲਬੀ, ਖੁਦਗਰਜ਼, ਅਤੇ ਬੇ ਜ਼ਮੀਰਾਂ ਨਹੀਂ ਹੋਣਾ ਚਾਹੀਦਾ।

ਸ਼ਾਇਰ ਮਿਠਬੋਲੜਾ ਅਤੇ ਗੈਰਤ ਮੰਦ ਹੋਣਾ ਚਾਹੀਦਾ ਹੈ ਕੁਝ ਪੈਸਿਆਂ ਦੀ ਖਾਤਰ ਪ੍ਰਬੰਧਕਾਂ ਦੀਆਂ ਮਿਨਤਾਂ ਨਾ ਕਰਦਾ ਫਿਰੇ ਐਤਕੀ ਮਿਤੀ 9–10–2012 ਨੂੰ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਕਵੀ ਮਿਤ੍ਰ ਬਲ ਜੀ ਨੇ ਦਸਿਆ ਕਿ ਇਕ ਸਰਦੇ ਪੁਜਦੇ ਕਵੀ ਨੇ ਦਰਬਾਰ ਸਾਹਿਬ (ਮੰਜੀ ਸਾਹਿਬ ) ਤੋਂ ਕਵਿਤਾ ਪੜ੍ਹਨ ਲਈ ਮੇਰੀਆਂ ਅਤੇ ਪੁਬੰਧਕਾਂ ਦੀਆਂ ਬੇਹਦ ਮਿੰਨਤਾ ਤਰਲੇ ਕੀਤੇ। ਅਤੇ ਬਹੁਤ ਸਾਰੀਆਂ ਸਿਫਾਰਿਸ਼ਾਂ ਵੀ ਕਰਵਾਈਆ ਪਰ ਫਿਰ ਵੀ ਪੂਰੀ ਨਾ ਪਈ ਦੱਸੋ ਕੀ ਰਹਿ ਗਈ ਉਸ ਕਵੀ ਜੀ ਦੀ ? ਜਿਹੜੇ ਕਵੀ ਮੈਂ ਇਸ ਪੁਸਤਿਕ ਵਿੱਚ ਸ਼ਾਮਲ ਕਰ ਰਿਹਾ ਇਹ ਸਾਰੇ ਮਿਠਬੋਲੜੇ ਮਿਲਨਸਾਰ ਨੇਕ ਨੀਅਤ ਤੇ ਕਿਸੇ ਹਦ ਤਕ ਗੈਰਤ ਮੰਦ ਵੀ ਹਨ। ਇਹ ਪੁਸਤਕ ਲਿਖਣ ਦੀ ਲੋੜ ਕਿਉ ਪਈ ਇਸ ਬਾਰੇ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਦਿੱਲੀ ਵਿੱਚ ਰਹਿੰਦੇ ਇਕ ਸ਼ਾਇਰ ਸ. ਗੁਰਚਰਨ ਸਿੰਘ 'ਚਰਨ' ਜਿਹਨਾਂ ਦੀ ਪਿਛੇ ਜਿਹੇ ਕਵਿਤਾ ਦੀ ਇਕ ਪੁਸਤਕ ਪਰ ਉਪਕਾਰ ਤੇਰੇ ਵੀ ਛਪੀ ਹੈ ਉਹਨਾਂ ਦਾ ਅਕਸਰ ਮੇਰੇ ਨਾਲ ਮੇਲ ਸ੍ਰੀ ਅੰਮ੍ਰਿਤਸਰ ਸ਼੍ਰੀ ਦਰਬਾਰ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਸ੍ਰੀ ਮੰਜੀ ਸਾਹਿਬ ਦੀ ਸਟੇਜ ਤੇ ਕਵੀ ਦਰਬਾਰ ਵਿਚ ਹੁੰਦਾ ਰਹਿੰਦਾ ਸੀ ਤੇ ਇਹ ਮੇਲ ਉਹਨਾਂ ਦੀ ਨਿਮਰਤਾ ਮਿਠਬੋਲੜਾ ਹੋਣ ਤੇ ਪਿਆਰ ਵਿੱਚ ਤਬਦੀਲ ਹੋ ਗਿਆ ਉਹਨਾਂ ਦੀ ਹਿੰਮਤ ਦੀ ਦਲੇਰੀ ਵੇਖ ਕੇ ਜੋ ਉਹਨਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 52 ਕਵੀਆਂ ਦੇ ਕਵੀ ਦਰਬਾਰ ਦੀ ਪ੍ਰੰਪਰਾ ਨੂੰ ਜਾਰੀ ਰਖਦਿਆਂ ਮਿਸਰਾ ਤਰ੍ਹਾਂ ਦੇ ਕੇ ਕਵੀ ਦਰਬਾਰ ਦਿੱਲੀ ਅਤੇ ਗੁੜਗਾਵਾਂ ਦੇ ਗੁਰਦੁਆਰਿਆਂ ਵਿੱਚ ਕਰਵਾਏ ਤੋਂ ਮੈਂ ਬੇਹਦ ਪ੍ਰਭਾਵਤ ਹੋਇਆ ਅਤੇ ਉਹਨਾਂ ਨੂੰ ਪੂਰਨ ਸਹਿਯੋਗ ਦੇਣ ਵਾਲੇ ਸ. ਹਰੀ ਸਿੰਘ ਮਥਾਰੂ ਕੋਆਰਡੀ ਨੇਟਰ ਸੰਤ ਸਿਪਾਹੀ ਵਿੱਚ ਮੰਚ ਐਚ 35/21 ਐਫ–ਐਫ 02 ਡੀ ਐਲ ਐਫ,ਸਿਟੀ। ਗੁੜਗਾਉਂ 122002 ਫ਼ੂਨ 09811051484 ਤੋਂ ਵੀ ਬੇਹਦ ਪ੍ਰਭਾਵਤ ਹੋਇਆ ਜਿਹਨਾਂ ਨੇ ਮਿਤੀ 30–9–2012 ਨੂੰ ਮਿਸਰਾ ਤਰਾਹ 'ਅਸੀਂ ਕੇਸ ਨਹੀਂ ਆਪਣੇ ਲਹਿਣ ਦੇਣੇ, ਖੋਪਰ ਸਿਰਾਂ ਦੇ ਭਾਵੇ ਲੁਹਾ ਦੇਈਏ' ਜਿਸ ਵਿੱਚ ਮੈਂ ਕਵੀ ਗੁਰਚਰਨ ਸਿੰਘ ਚਰਨ ਦੇ ਬਹੁਤ ਮਜਬੂਰ ਕਰਨ ਤੇ ਸ਼ਾਮਿਲ ਹੋਇਆ ਇਹ ਕਵੀ ਦਰਬਾਰ ਚੌਥਾ ਕਵੀ ਦਰਬਾਰ ਸੀ ਜਿਸ ਵਿੱਚ 13 ਕਵੀ ਸ਼ਾਮਲ ਹੋਏ। ਜਿਹਨਾਂ ਨੂੰ ਮਿਥਾਰੂ ਸਾਹਿਬ ਨੇ ਆਪਣੇ ਪਲਿਓਂ ਪਰ ਕਵੀ ਨੂੰ

1500/, 1500/ ਰੁਪਏ ਦਿੱਤੇ ਅਤੇ ਆਪਣੀ ਕਾਰ ਰਾਹੀ ਕਵੀਆਂ ਨੂੰ ਥਾਂ ਪਰ ਥਾਂ ਪੁੱਜਦਾ ਕੀਤਾ। ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਪਣੇ ਆਪ ਨੂੰ ਸ਼ਾਇਰ ਤੇ ਲਿਖਾਰੀ ਕਹਾਉਂਣ ਵਿੱਚ ਬੜਾ ਮਾਣ ਦਸਿਆ ਜਿਵੇ-

ਕਰੇ ਕਰਾਏ ਸਭ ਕਿਛ ਜਾਣੈ।
ਨਾਨਕ ਸ਼ਾਇਰ ਇਵ ਕਹਿਆ॥
(ਪੰਨਾ੪੩੪)
ਜਾਂ
ਨਾਨਕ ਸ਼ਾਇਰ ਏਵ ਕਹਤੁ ਹੈ ਸਚੇ ਪਰਵਦਗਾਰਾ॥
(ਪੰਨਾ੬੬)

ਫਿਰ ਸ਼ਾਇਰ ਦੀ ਤਾਰੀਫ਼ ਕਰਦੇ ਫੁਰਮਾਉਂਦੇ ਹਨ-

ਧੰਨ ਸੁ ਕਾਗਦੁ ਕਲਮ, ਧਨੁ, ਧਨੁ ਭਾਂਡਾ, ਧਨੁ ਮਸੁ॥
ਧਨੁ ਲੇਖਾਰੀ ਨਾਨਕਾ, ਜਿਨਿ ਨਾਮ ਲਿਖਾਇਆ ਸੱਚ ॥ ॥
(ਪੰਨਾ੧੨੯੧)

**ਅਰਥਾਤ**

ਧੰਨ ਉਹ ਕਾਗਜ਼, ਕਲਮ ਵੀ ਧੰਨ ਹੈ, ਧੰਨ ਉਹ ਦਵਾਤ ਪਿਆਰੇ।
ਧੰਨ ਉਹ ਸਿਆਹੀ ਜਿਸ ਥੀਂ ਲਿਖਦੇ ਲੇਖਕ ਪ੍ਰਭੂ ਜੀ ਬਾਰੇ।
ਨਾਮ ਪ੍ਰਭੂ ਦਾ ਸੱਚਾ ਨਾਨਕ, ਜਿਨ ਇਹ ਲਿਖਿਆ ਗਾਇਆ।
ਧੰਨਤਾ ਯੋਗ ਉਹ ਲੇਖਕ ਜਾਣੋ ਜੋ ਮੇਰੇ ਮਨ ਭਾਇਆ।

ਕਲਗੀਧਰ ਪਾਤਸ਼ਾਹ ਸ਼੍ਰੀ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਆਪ ਨੂੰ ਕਵੀ ਆਖਿਆ। ਚੌਪਈ ਬਾਣੀ ਦਾ ਸਿਰਲੇਖ ਵੇਖੋ ਪਾ-੧੦,
ਕਬਯੋਬਾਚ ਬੇਨਤੀ ॥ਚੌਪਈ॥
ਲੇਖਕ ਉਹ ਦੀਵਾ ਹੈ ਜੋ ਲਟ-ਲਟ ਕਰਕੇ ਰੌਸ਼ਨੀ ਦੇ ਕੇ ਆਪਣਾ ਆਪਾ ਜਲਾ ਲੈਂਦਾ ਹੈ ਪਰ ਦੁਨੀਆਂ ਨੂੰ ਸਦਾ ਲਈ ਨੂਰੋ ਨੂਰ ਕਰ ਜਾਂਦਾ ਹੈ। ਦੁਨੀਆਂ ਤੇ ਕਈ ਤਰ੍ਹਾਂ ਦੇ ਲਿਖਾਰੀ ਹੋਏ ਤੇ ਹੁੰਦੇ ਰਹਿਣਗੇ। ਪਰ ਕੇਵਲ ਉਹ ਲਿਖਾਰੀ ਹੀ ਅਮਰ ਹਨ ਤੇ ਉਹਨਾਂ ਦੀ ਲਿਖਤ ਹੀ ਅਮਰ ਹੈ ਜਿਨ੍ਹਾਂ ਨੇ ਪ੍ਰਭੂ ਦੇ ਬੰਦਿਆਂ ਦੇ ਜੀਵਨ ਨੂੰ ਉਚਿਆਂ ਬਨਾਉਣ ਲਈ ਉਹਨਾਂ ਦੇ ਭਲੇ



ਲਈ ਲਿਖਿਆ।

ਧੰਨ ਗੁਰੂ ਨਾਨਕ ਜੀ ਸੱਤ ਸਾਲ ਦੀ ਉਮਰ ਵਿੱਚ ਪਾਂਦੇ ਪਾਸ ਪੜ੍ਹਨ ਲਈ ਜਾਂਦੇ ਹਨ। ਪਾਂਧੇ ਨੇ ਬਾਲ ਨਾਨਕ ਨੂੰ ਕਿਹਾ ਕਿ ਆਪਣੀ ਲੱਕੜ ਦੀ ਪਟੀ ਪੋਚ ਕੇ ਲਿਆ ਤਾਂ ਕੀ ਮੈਂ ਉਸ 'ਤੇ ਕੁਝ ਅੱਖਰ ਲਿਖ ਦਿਆਂ।

ਗੁਰੂ ਨਾਨਕ ਜੀ ਫੱਟੀ ਪੋਚ ਕੇ ਲੈ ਆਏ ਤੇ ਆਣ ਕੇ ਪਾਂਧੇ ਨੂੰ ਪੁੱਛਦੇ ਹਨ ਕਿ ਮੈਂ ਤਾਂ ਫੱਟੀ ਪੋਚ ਕੇ ਲੈ ਆਇਆ ਹਾਂ ਕਿ ਤੁਸੀਂ ਵੀ ਆਪਣੇ ਮਨ ਦੀ ਫੱਟੀ ਪੋਚੀ ਹੋਈ ਹੈ। ਜਿਸਤੇ ਪ੍ਰਭੂ ਦੇ ਨਾਮ ਦੇ ਅੱਖਰ ਲਿਖਣੇ ਹਨ ? ਇਹ ਸੁਣਕੇ ਪਾਂਧਾ ਹੈਰਾਨ ਹੋ ਗਿਆ। ਗੁਰੂ ਜੀ ਨੇ ਪਾਂਧੇ ਨੂੰ ਉਪਦੇਸ਼ ਦੇਣ ਲਈ ਪੱਟੀ ਲਿਖੀ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 432 ਤੋਂ 434 ਤੇ ਅੰਕਤ ਹੈ।

ਡਾ. ਇਕਬਾਲ ਨੇ ਲਿਖਾਰੀ ਦੀ ਤੁਲਨਾ ਅੱਖ ਨਾਲ ਕੀਤੀ ਹੈ। ਜਿਸ ਤਰ੍ਹਾਂ ਸਰੀਰ ਦਾ ਕੋਈ ਵੀ ਅੰਗ ਦਰਦ ਕਰੇ ਪਰ ਰੋਂਦੀ ਅੱਖ ਹੈ। ਏਸੇ ਤਰ੍ਹਾਂ ਦੁਨੀਆਂ ਦੇ ਕਿਸੇ ਮਨੁੱਖ ਨੂੰ ਕੋਈ ਦੁੱਖ ਹੋਵੇ ਤਾਂ ਉਸਦੇ ਦੁੱਖ ਨੂੰ ਵੇਖ ਕੇ ਲਿਖਾਰੀ ਦੀ ਕਲਮ ਰੋਂਦੀ ਹੈ। ਡਾ. ਇਕਬਾਲ ਫੁਰਮਾਉਂਦੇ ਹਨ-

ਮੁਬਤਲਾਏ ਦਰਦ ਕੋਈ ਉਜ਼ਵ ਹੋ, ਰੋਤੀ ਹੈ ਆਂਖ,
ਕਿਸ ਕਦਰ ਹਮਦਰਦ ਸਾਰੇ ਜਿਸਮ ਕੀ ਹੋਤੀ ਹੈ ਆਂਖ।

ਰਾਜ ਕਵੀ ਭਰਥਰੀ ਨੇ ਲਿਖਾਰੀ ਨੂੰ ਅੱਗ ਦੀ ਲਾਟ ਨਾਲ ਤਸ਼ਬੀਹ ਦਿੱਤੀ ਹੈ। ਜੋ ਆਪਣਾ ਸਿਰ ਹਮੇਸ਼ਾ ਉੱਚਾ ਰੱਖਦੀ ਹੈ। ਇਸ ਤਰ੍ਹਾਂ ਚੰਗਾ ਲੇਖਕ ਵੀ ਹਮੇਸ਼ਾ ਅਣਖ ਗੈਰਤ ਅਤੇ ਸਵੈਮਾਨ ਨਾਲ ਹਮੇਸ਼ਾ ਆਪਣਾ ਸਿਰ ਉੱਚਾ ਰੱਖਦਾ ਹੈ। ਪੰਡਤ ਲਭੂ ਰਾਮ ਜੋਸ਼ ਮਲਸੀਆਨੀ ਉਰਦੂ ਜ਼ੁਬਾਨ ਦੇ ਬਹੁਤ ਵੱਡੇ ਉਸਤਾਦ ਹੋ ਗੁਜ਼ਰੇ ਹਨ। ਉਹਨਾਂ ਦੇ ਬਹੁਤ ਸਾਰੇ ਸ਼ਾਗਿਰਦ ਹਨ। ਉਹਨਾਂ 'ਚੋਂ ਇੱਕ ਬੇਹੱਦ ਉਚ ਪਾਏ ਦੇ ਸ਼ਾਇਰ ਜਨਾਬ ਜਗਨ ਨਾਥ ਕਮਾਲ ਬੀ.ਏ.ਬੀ.ਟੀ ਕਰਤਾਰਪੁਰ ਜ਼ਿਲ੍ਹਾ ਜਲੰਧਰ ਦੇ ਹੋਏ ਹਨ। ਉਹਨਾਂ ਦਾ ਇੱਕ ਬਹੁਤ ਹੀ ਪਿਆਰਾ ਸ਼ਾਇਰ ਦੀ ਖੁਦਦਾਰੀ ਬਿਆਨ ਕਰਦਾ ਹੋਇਆ ਸ਼ਿਅਰ ਲਿਖ ਰਿਹਾ ਹਾਂ-

ਹਮ ਵੋਹ ਗੈਵੂਰ ਹੈਂ ਕਿ ਉਠਾ ਲੇਂਗੇ ਕੋਹਿ ਗਮ,
ਇਹਸਾਂ ਮਗਰ ਕਾ ਕਿਸੀ ਉਠਾਇਆ ਨਾ ਜਾਏਗਾ।

ਭਾਵ ਅਸੀਂ ਤਾਂ ਉਹ ਗੈਰਤ ਮੰਦ ਹਾਂ ਕਿ ਗਮਾਂ ਦੇ ਪਹਾੜ ਵੀ ਚੁੱਕ ਸਕਦੇ ਹਾਂ ਪਰ ਸਾਡੇ ਪਾਸੋਂ ਕਿਸੇ ਦਾ ਇਹਸਾਨ ਰਤੀ ਭਰ ਵੀ ਚੁੱਕਿਆ ਨਹੀਂ ਜਾ ਸਕਦਾ। ਚੰਗਾ ਲੇਖਕ ਲਿਖਾਰੀ ਕੌਮ ਦਾ ਲੀਡਰ ਆਗੂ ਉਹ ਹੈ ਜੋ ਸੋਨੇ-ਹੀਰੇ ਮੋਤੀ ਤੋਂ ਵੀ ਵਿਕ ਨ ਸਕੇ। ਰੁਪੈ ਪੈਸੇ ਤੋਂ ਤਿਲਕ ਨਾ ਜਾਵੇ, ਕਿਉਂਕਿ ਇਕ ਲੇਖਕ ਜਾਂ ਆਗੂ ਦੇ ਤਿਲਕਣ ਨਾਲ ਲੱਖਾਂ ਲੋਕ ਤਿਲਕ ਜਾਂਦੇ ਹਨ।

ਇੱਕ ਬੱਚਾ ਚਿਕੜ ਵਿੱਚ ਤੁਰਿਆ ਜਾ ਰਿਹਾ ਸੀ। ਉਸੇ ਪਾਸੇ ਦੀ ਅਬੂ ਹਨੀਫ ਨਾਮ ਦਾ ਦਰਵੇਸ਼ ਗੁਜ਼ਰ ਰਿਹਾ ਸੀ। ਅਬੂ ਹਨੀਫ ਨੇ ਬੱਚੇ ਨੂੰ ਸੁਚੇਤ ਕਰਦਿਆਂ ਕਿਹਾ, ਬੇਟਾ ਧਿਆਨ ਨਾਲ ਚੱਲੀਂ, ਕਿਤੇ ਤਿਲਕ ਨਾ ਜਾਵੀਂ। ਬੱਚੇ ਨੇ ਉੱਤਰ ਦਿੱਤਾ, ਬਾਬਾ ਜੀ ਕਿਤੇ ਨਹੀਂ ਮੈਂ ਜੇ ਤਿਲਕ ਵੀ ਗਿਆ ਤਾਂ ਕੋਈ ਗੱਲ ਨਹੀਂ ਇਕੱਲਾ ਹੀ ਤਿਲਕਾਂਗਾ ਕਿਤੇ ਤੁਸੀਂ ਨਾ ਤਿਲਕ ਜਾਇਉ, ਕਿਉਂਕਿ ਤੁਹਾਡੇ ਪਿੱਛੇ ਤਾਂ ਸਾਰੀ ਕੌਮ ਹੀ ਤਿਲਕ ਜਾਵੇਗੀ। ਏਸ ਤਰ੍ਹਾਂ ਹੀ ਸ਼੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ।

ਕਲਮ ਜਲਓ ਸਣੁ ਮਸਵਾਣੀਐ ਕਾਗਦੁ ਭੀ ਜਲ ਜਾਉ ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥

ਭਾਵ ਉਹ ਕਲਮ ਉਹ ਸਿਆਹੀ ਤੇ ਉਹ ਕਾਗਜ਼ ਵੀ ਸੜ ਜਾਵੇ ਤੇ ਉਹ ਲਿਖਣ ਵਾਲਾ ਲਿਖਾਰੀ ਵੀ ਸੜ ਜਾਵੇ, ਜਿਹੜਾ ਇੱਕ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਦਾ ਪਿਆਰ ਲਿਖਦਾ ਫਿਰੇ।

ਭਾਈ ਨੰਦ ਲਾਲ ਜੀ ਉਸ ਕਲਮ ਨੂੰ, ਉਹਨਾਂ ਹੱਥਾਂ ਨੂੰ ਕਿੰਨਾਂ ਵਡਭਾਗਾ ਫੁਰਮਾਉਂਦੇ ਹਨ ਜੋ ਕਲਮ ਵਾਹਿਗੁਰੂ ਦਾ ਜੱਸ ਲਿਖਦੀ ਹੈ ਤੇ ਉਹਨਾਂ ਪੈਰਾਂ ਦੇ ਵੀ ਸਦਕੇ ਜਾਂਦੇ ਹਨ ਜੋ ਆਪਣੇ ਪਿਆਰੇ ਗਲੀ ਵਿਚੋਂ ਗੁਜ਼ਰਦੇ ਹਨ।

ਐ ਜ਼ਹੇ ਦਸਤੇ ਕਿ ਵਸਫਸ ਉ ਨਵਿਸ਼ਤ ॥
ਐ ਜ਼ਹੇ ਪਾਏ ਕੂ ਦਰ ਕੂਇਸ਼ਮ ਗੁਜ਼ਸ਼ਤ ॥

ਜ਼ਹਿਰ ਇੱਕ ਆਦਮੀ ਮਾਰਦਾ ਹੈ ਪਰ ਲਿਖਤ ਲੱਖਾਂ ਨੂੰ ਆਤਮਕ-ਮੌਤ ਮਾਰ ਸਕਦੀ ਹੈ। ਚੰਗੀ ਲਿਖਤ ਲੱਖਾਂ ਨੂੰ ਜੀਵਨ ਦਾਨ ਦੇ ਸਕਦੀ ਹੈ।

ਇਕ ਦਿਨ ਅਨੰਦਪੁਰ ਭਾਈ ਨੰਦ ਲਾਲ ਜੀ ਤਲਵਾਰ ਲੈ ਕੇ ਦੌੜੇ ਜਾਂਦੇ ਕਲਗੀਧਰ ਪਾਤਸ਼ਾਹ ਜੀ ਦੀ ਨਜ਼ਰ ਪਏ। ਕਲਗੀਧਰ ਜੀ ਨੇ ਆਵਾਜ਼



ਦੇ ਕੇ ਪੁਛਿਆ, 'ਭਾਈ ਸਾਹਿਬ ਕਿੱਧਰ ਜਾ ਰਹੇ ਹੋ ਤਾਂ ਭਾਈ ਨੰਦ ਲਾਲ ਜੀ ਨੇ ਉੱਤਰ ਦਿੱਤਾ ਪਾਤਸ਼ਾਹ ਆਪ ਜੀ ਦਾ ਹੁਕਮ ਹੈ ਕਿ ਮੇਰਾ ਹਰ ਸਿੱਖ ਜੰਗ ਵਿੱਚ ਹਿੱਸਾ ਲਵੇ। ਮੈਂ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹਾਂ ਕਿ ਸੈਂਕੜੇ ਸਿੱਖ ਸ਼ਹੀਦ ਹੋ ਜਾਣ ਤੇ ਮੈਂ ਪਿੱਛੇ ਰਹਿ ਜਾਵਾਂ ਮੈਂ ਆਪ ਜੀ ਦਾ ਹੀ ਹੁਕਮ ਮੰਨ ਕੇ ਜੰਗ ਲਈ ਜਾ ਰਿਹਾ ਹਾਂ।

ਕਲਗੀਧਰ ਪਾਤਸ਼ਾਹ ਨੇ ਭਾਈ ਨੰਦ ਲਾਲ ਨੂੰ ਗਲਵਕੜੀ ਵਿਚ ਲੈ ਲਿਆ ਤੇ ਫੁਰਮਾਇਆ-ਆਪ ਸ਼ਹੀਦ ਹੋਣ ਲਈ ਜਾ ਰਹੇ ਹੋ। ਪਰ ਸ਼ਹੀਦ ਹੋਣ ਲਈ ਪੈਦਾ ਕਰਨ ਵਾਲੇ ਵੀ ਚਾਹੀਦੇ ਹਨ। ਇੱਕ ਲਿਖਾਰੀ ਲੱਖਾਂ ਸ਼ਹੀਦ ਪੈਦਾ ਕਰ ਸਕਦਾ ਹੈ। ਇਹ ਕਹਿਕੇ ਉਸਦੇ ਹੱਥੋਂ ਤਲਵਾਰ ਲੈ ਲਈ ਤੇ ਉਸਦੇ ਹੱਥ ਵਿੱਚ ਕਲਮ ਦੇ ਦਿੱਤੀ।

ਆਪ ਜੀ ਨੇ ਬਵੰਜਾ ਕਵੀ ਤੇ ਲੇਖਕ ਆਪਣੇ ਪਾਸ ਰਖੇ ਤੇ ਉਨਾਂ ਪਾਸੋਂ ਪੰਜਾਬੀ ਸਾਹਿਤ ਸੰਪੂਰਨ ਕਰਵਾਇਆ। ਕਲਗੀਧਰ ਪਾਤਸ਼ਾਹ ਖੁਦ ਵੀ ਬਹੁਤ ਉੱਚ ਪਾਏ ਦੇ ਲਿਖਾਰੀ ਸਨ। ਆਪ ਜੀ ਨੇ ਆਪਣੇ ਜੀਵਨ ਦੇ ਮਿਸ਼ਨ ਦਾ ਅਧਾ ਕੰਮ ਪਾਉਂਟਾ ਸਾਹਿਬ ਵਿਚ ਲਿਖਤ ਰਾਹੀਂ ਹੀ ਪੂਰਨ ਕਰ ਲਿਆ ਸੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰ ਵਿੱਚ ਇੱਕ ਚੋਮਿਸਰਾ ਲਿਖ ਕੇ ਆਪਣੀ ਅਕੀਦਤ ਦਾ ਇਜ਼ਹਾਰ ਕਰ ਰਿਹਾ ਹਾਂ।

ਸਾਡੀ ਜੇ ਸ਼ਾਨ ਕਾਇਮ ਹੈ ਤਾਂ ਬਸ ਦਸ਼ਮੇਸ਼ ਦੇ ਸਦਕੇ।
ਸਾਡੀ ਜੇ ਆਨ ਕਾਇਮ ਹੈ ਤਾਂ ਬਸ ਦਸ਼ਮੇਸ਼ ਦੇ ਸਦਕੇ।
ਗੁਰੂ ਦੇ ਦੂਲਿਉ ਸੋਚੋ ਨਹੀਂ ਇਸ ਵਿੱਚ ਝੂਠ ਕੋਈ 'ਨੂਰੀ'।
ਇਹ ਹਿੰਦੋਸਤਾਨ ਕਾਇਮ ਹੈ ਤਾਂ ਬਸ ਦਸ਼ਮੇਸ਼ ਦੇ ਸਦਕੇ।

ਅੰਤ ਵਿੱਚ ਅਸੀਂ ਬੇਹਦ ਧੰਨਵਾਦੀ ਹਾਂ ਅਕਾਲ ਕਾਲਜ ਕੌਂਸਲ ਗੁਰੂਸਾਗਰ ਮਸਤੂਆਣਾ ਸਾਹਿਬ ਸੰਗਰੂਰ ਦੀ ਸਾਰੀ ਮੈਨਜ਼ਮੈਂਟ ਦੇ ਖ਼ਾਸ ਤੌਰ ਤੇ ਡਾ. ਭੂਪਿੰਦਰ ਸਿੰਘ ਜੀ ਪੂੰਨੀਆ ਪਰਧਾਨ ਡਾ. ਜਸਵੰਤ ਸਿੰਘ ਖੈਹਰਾ ਸਕੈਟਰੀ ਅਤੇ ਡਾ. ਗੋਬਿੰਦ ਸਿੰਘ ਜੀ ਪ੍ਰਿੰਸੀਪਲ ਸਾਹਿਬ ਜੀ ਦਾ ਜਿੰਨ੍ਹਾਂ ਇਸ ਕਿਤਾਬ ਨੂੰ ਦਿਲੋਂ ਜੀ ਆਇਆ ਆਖਿਆ ਤੇ ਸਾਰੇ ਸ਼ਾਇਰਾਂ ਨੂੰ ਅਗਾਉਂ ਕਵੀ ਦਰਬਾਰ ਵਿੱਚ ਬੁਲਾਕੇ ਨਿਵਾਜਿਆ।

**ਅਨੂਪ ਸਿੰਘ 'ਨੂਰੀ'ਸਾਹਿਤਕਾਰ**
ਪਰਧਾਨ ਇੰਟਰਨੈਸ਼ਨਲ ਲੇਖਕ ਸਭਾ-ਕਰਤਾਰਪੁਰ ,
ਮੋਬਾਇਲ ਫੋਨ 9855630313
ਘਰ ਦਾ 0181-2780945

# ਉਸਤਾਦ ਸ਼ਾਇਰ ਸ.ਅਮਰਜੀਤ ਸਿੰਘ 'ਸੰਧੂ'



ਸ.ਅਮਰਜੀਤ ਸਿੰਘ ਸੰਧੂ ਹੈ ਇਕ ਉਸਤਾਦ ਸ਼ਾਇਰ,
ਸ਼ਿਅਰ ਸਾਰੇ ਹਨ ਇਹਦੇ ਅਨਮੋਲ ਹੁੰਦੇ।
ਮਾਹਿਰ ਮੰਨਿਆ ਇਲਮ ਅਰੂਜ਼ ਦਾ ਇਹ,
ਵਜ਼ਨ ਬਹਿਰ ਅੰਦਰ ਪੂਰੇ ਤੋਲ ਹੁੰਦੇ।
ਜਾਨਸ਼ੀਨ ਇਹ ਦੀਪਕ ਸਕੂਲ ਦਾ ਹੈ,
ਐਬ ਕਵਿਤਾ ਦੇ ਜਿੱਥੇ ਫਰੋਲ ਹੁੰਦੇ।
ਸਿਖਣੀ ਗਜ਼ਲ ਤਾਂ ਆਉ ਸਕੂਲ ਸਾਡੇ,
ਮਿੱਠੇ ਸ਼ਹਿਦ ਨਾਲੋਂ ਇਹਦੇ ਬੋਲ ਹੰਦੇ।
ਇਹਦੇ ਕਈ ਸ਼ਾਗ੍ਰਿਦ ਉਸਤਾਦ ਬਣਕੇ,
ਕਵਿਤਾ ਲਿਖਣ ਦੇ ਢੰਗ ਸਿਖਾਉਣ ਵੇਖੋ।
ਜਦ ਵੀ ਕਵਿਤਾ ਵਿਚ ਗਜ਼ਲ ਦਾ ਜ਼ਿਕਰ ਚਲੇ,
ਗੁਣ ਸੰਧੂ ਅਸਕੂਲ ਦੇ ਗਾਉਣ ਵੇਖੋ।
ਸੰਧੂ ਸਾਹਿਬ ਦੇ ਜਦੋਂ ਵੀ ਹੋਣ ਦਰਸ਼ਨ,
ਸੱਚਾ, ਸੁੱਚਾ ਇਹ ਨੇਕ ਇਨਸਾਨ ਜਾਪੇ।
ਸ਼ਿਅਰ ਏਸਦੇ ਪੜ੍ਹੀਏ ਜਾਂ ਜਦੋਂ ਸੁਣੀਏ,
ਹਰ ਇਕ ਸ਼ਿਅਰ ਇਸਦਾ ਆਲੀਸ਼ਾਨ ਜਾਪੇ।
ਹਰਮਜਮੂਨ ਵਿਚ ਇਹਨੂੰ ਅਬੂਰ ਹਾਸਿਲ,
ਸੱਚ ਪੁਛੋ ਇਹ ਗਿਆਨ ਦੀ ਖਾਨ ਜਾਪੇ।
ਸ਼ਾਇਰ ਏਸਨੂੰ ਅਜ ਤਾਹੀਉਂ ਕਰਨ ਸਜਦੇ,
ਕਿਉਕਿ ਗਜ਼ਲ ਦਾ ਇਹ ਸੁਲਤਾਨ ਜਾਪੇ।
ਇਹਦੀਆਂ ਲਿਖੀਆਂ ਕਿਤਾਬਾਂ ਨੂੰ ਪੜ੍ਹੋ ਤੇ ਸਹੀ,
ਹਰ ਇਕ ਪੁਸਤਿਕ ਚੋਂ ਗਿਆਨ ਦਾ ਨੂਰ ਲਭੂ।
ਕਵਿਤਾ ਰਾਣੀ ਦੇ 'ਨੂਰੀ' ਉਪਾਸ਼ਕਾਂ ਨੂੰ,
ਇਹਦੀ ਕਵਿਤਾ ਚੋਂ ਪਿਆਰੇ ਸਰੂਰ ਲਭੂ।

ਵਲੋਂ – ਅਨੂਪ ਸਿੰਘ 'ਨੂਰੀ'



*ਅਮਰਜੀਤ ਸਿੰਘ ਸੰਧੂ*

## ਗ਼ਜ਼ਲ

ਲੋਕਾਈ ਪਿਆਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?
ਲਹੂ ਤੱਕ ਵਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਇਹ ਧਰਤੀ ਤੇਰੀ ਹੈ ਜੇ ਕਰ, ਤਾਂ ਐਨੀਂ ਗੰਦਗੀ ਕਿਉਂ ਹੈ ?
ਤੇ ਮੈਨੂੰ ਇੱਕ ਗੱਲ ਦੱਸੀਂ,
ਇਨੂੰ ਸ਼ਿੰਗਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਅਸਾਡੀ ਲੋਚ, ਸਾਡੀ ਸੋਚ, ਸਾਡੇ ਹੱਕ,
ਸਾਡੇ ਸੱਕ ਲਾਹ ਕੇ ਖਾ ਗਿਐ ਜਿਹੜਾ,
ਉਨੂੰ ਦੁਰਕਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਜੇ ਤੇਰੀ ਸੋਚ ਹੈ, 'ਸੰਸਾਰ ਇਕ ਪਰਿਵਾਰ ਬਣ ਜਾਵੇ,
ਗੁਲੋ-ਗਲਜ਼ਾਰ ਬਣ ਜਾਵੇ,
ਤਾਂ ਉਸ ਪਰਿਵਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਕਿਸੇ 'ਤੇ ਜ਼ੁਲਮ ਨਾ ਕਰਨਾ, ਕਿਸੇ ਦਾ ਜ਼ੁਲਮ ਨਾ ਸਹਿਣਾ,
ਤੂੰ ਇਹ ਵੀਚਾਰ ਦਿੰਦਾ ਏਂ,
ਇਸੇ ਵੀਚਾਰ ਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਤੂੰ 'ਸਾਥੀ' ਆਖਦੈਂ ਖ਼ੁਦ ਨੂੰ, ਉਦੋਂ ਤੂੰ ਕਿੱਥੇ ਹੁੰਦੈਂ,
ਜ਼ੁਲਮ ਜਦ ਲਲਕਾਰਿਆ ਜਾਂਦੈ,
ਉਨ੍ਹੂੰ ਲਲਕਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਤੂੰ ਕਹਿੰਦਾ ਹੈਂ, ਅਜ਼ਾਦੀ ਦੀ ਵੀ ਕੀਮਤ ਤਾਰੀ ਜਾਂਦੀ ਹੈ,
ਇਹ ਤਾਂ ਹੀ ਹੱਥ ਆਂਦੀ ਹੈ,
ਤਾਂ ਕੀਮਤ ਤਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਕਿਸਾਨਾਂ 'ਤੇ ਮਜ਼ੂਰਾਂ ਨੂੰ, ਤੂੰ ਇਕ ਪਰਿਵਾਰ ਕਹਿੰਦਾ ਏਂ,
ਤੇ ਲੀਡਰ ਬਣ ਕੇ ਬਹਿੰਦਾ ਏਂ,
ਉਸੇ ਪਰਿਵਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਜੇ ਤਿਲ-ਤਿਲ ਮਰਦੇ ਲੋਕਾਂ ਲਈ, ਹੈ ਜੀਵਨ ਵਾਰਿਆ ਲੋਕਾਂ,
ਤੇ ਮਰਨਾ ਧਾਰਿਆ ਲੋਕਾਂ,
ਤਾਂ ਮਰਨਾ ਧਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

ਮੇਰੇ ਦਸਮੇਸ਼ ਨੇ ਦੱਸਿਆ, ਕਿ ਟੱਬਰ ਵਾਰਿਆ ਜਾਂਦੈ,
ਤਾਂ ਸੱਚ ਪਰਚਾਰਿਆ ਜਾਂਦੈ,
ਤਾਂ ਸੱਚ ਪਰਚਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

(ਇਜਾਜ਼ਤ ਹੋਵੇ ਤਾਂ ਇੱਕ ਪ੍ਰਸ਼ਨ ਦਾਸ ਅਪਣੇ-ਆਪ ਤੋਂ ਵੀ ਪੁੱਛ ਲਵੇ)
ਹਥੌੜੇ-ਦਾੱਤੀਆਂ ਵਾਂਗੂੰ, ਤੇਰੀ ਕਿਰਪਾਨ ਵੀ 'ਸੰਧੂ',
ਨਿਰੀ ਇਕ ਚਿੰਨ੍ਹ ਮਾਤਰ ਹੈ,
ਜਾਂ ਦੱਸ, ਸਿਰ ਵਾਰਦੇ ਲੋਕਾਂ 'ਚ ਤੂੰ ਕਿੱਥੇ ਕੁ ਸ਼ਾਮਿਲ ਹੈਂ,
ਅਤੇ ਕਿੰਨਾਂ ਕੁ ਸ਼ਾਮਿਲ ਹੈਂ ?

********



# ਗ਼ਜ਼ਲ

ਕੌਣ ਹੈ ਜੋ ਗ਼ਮ 'ਚ ਡੁਬਿਆ ਮੁਸਕਰਾਈ ਜਾ ਰਿਹਾ ਏ।
ਜ਼ਖ਼ਮ ਦਿਲ ਦੇ ਹਾਸਿਆਂ ਹੇਠਾਂ ਲੁਕਾਈ ਜਾ ਰਿਹਾ ਏ।

ਦਿਲ ਕੋਈ ਛੋਟਾ ਨਹੀਂ ਹੁੰਦਾ, ਕਿ ਵੇਖੋ ਮੇਰੇ ਦਿਲ ਵਿਚ,
ਲੱਖ ਬ੍ਰਹਿਮੰਡਾਂ ਦਾ ਮਾਲਿਕ ਵੀ ਸਮਾਈ ਜਾ ਰਿਹਾ ਏ।

ਇਕ ਭੰਬੀਰੀ ਵੀ ਚਲਾਏ ਬਿਨ ਜੇ ਚਲ ਸਕਦੀ ਨਹੀਂ ਤਾਂ,
ਕੌਣ ਹੈ ਜੋ ਦੁਨੀਆਂ ਦਾ ਚੱਕਾ ਚਲਾਈ ਜਾ ਰਿਹਾ ਏ।

ਮੌਤ ਦਾ ਠੇਡਾ ਜਦੋਂ ਲੱਗਾ ਤਾਂ ਮੂੰਹ ਪਰਨੇ ਗਿਰੇਗਾ,
ਤ੍ਰਿਸ਼ਈ-ਘੋੜੇ ਨੂੰ ਜੋ ਸਰਪਟ ਦੁੜਾਈ ਜਾ ਰਿਹਾ ਏ।

ਅੱਜ ਤੱਕ ਜੇ ਹਰ ਨਿਆਮਤ ਦਿੱਤੀ ਹੈ ਤੈਨੂੰ ਖ਼ੁਦਾ ਨੇ,
ਕੱਲ੍ਹ ਦਾ ਕਿਉਂ ਫ਼ਿਕਰ ਫਿਰ ਤੈਨੂੰ ਸਤਾਈ ਜਾ ਰਿਹਾ ਏ।

ਲਕਸ਼ਹੀਣੀ ਜ਼ਿੰਦਗੀ ਇਨਸਾਨ ਜੀਂਦਾ ਹੈ, ਜਿਵੇਂ ਉਹ
ਲਾਸ਼ ਅਪਣੀ ਅਪਣੇ ਮੋਢੇ 'ਤੇ ਉਠਾਈ ਜਾ ਰਿਹਾ ਏ।

ਅੱਜ ਕੱਲ੍ਹ ਰੋਟੀ ਕਮਾਉਣੀ ਇਸ ਕਦਰ ਹੋਈ ਹੈ ਔਖੀ,
ਜ਼ਿੰਦਗੀ-ਭਰ ਆਦਮੀ 'ਰੋਟੀ' ਕਮਾਈ ਜਾ ਰਿਹਾ ਏ।

ਨਾਰੀ ਜਿਉਂ-ਜਿਉਂ ਬਾਹਾਂ ਵਿਚ ਵੰਙਾਂ ਚੜ੍ਹਾਈ ਜਾ ਰਹੀ ਹੈ,
ਮਰਦ ਤਿਉਂ-ਤਿਉਂ ਹੋਰ ਵੀ ਬਾਹਾਂ ਚੜ੍ਹਾਈ ਜਾ ਰਿਹਾ ਏ।

ਕਿਸ ਕਦਰ ਹੈ ਕਦਰ ਹੁੰਦੀ ਕਵਿਤਾ ਦੀ, ਸਭ ਜਾਣਦੈ ਪਰ,
ਫ਼ਰਜ਼ ਹੈ, ਸ਼ਾਇਰ ਜੋ ਹਰ ਹੀਲੇ ਨਿਭਾਈ ਜਾ ਰਿਹਾ ਏ।

ਉਹ ਕਿਹਾ ਉਸਤਾਦ ਹੈ ਜੋ ਗ਼ੈਰ-ਵਾਜ਼ਬ ਕਰ ਕੇ ਗੱਲਾਂ,
ਆਪਣੇ ਉਸਤਾਦ ਦੀ ਇੱਜ਼ਤ ਘਟਾਈ ਜਾ ਰਿਹਾ ਏ।

ਤੂੰ ਕਿਹਾ ਮਿਸਰਾ ਤਰ੍ਹਾਅ ਦਿੱਤਾ ਹੈ ਮੇਰੀ ਰੇਨੂੰ ਬੇਟੀ,
ਤੇਰਾ ਮਿਸਰਾ ਮੇਰੇ ਤੋਂ ਕੀ ਕੁਝ ਲਿਖਾਈ ਜਾ ਰਿਹਾ ਏ।

ਉਹ ਤਾਂ ਕਹਿੰਦੇ ਨੇ, 'ਪੰਜਾਬੀ ਵਿਚ ਗ਼ਜ਼ਲ ਜੰਮ ਈ ਨਹੀਂ ਸਕਦੀ',
'ਸੰਧੂ' ਐਪਰ ਹੱਥ 'ਤੇ ਸਰਸੋਂ ਜਮਾਈ ਜਾ ਰਿਹਾ ਏ।

***********

## ਗ਼ਜ਼ਲ

ਬਣ ਕੇ ਰਾਵਣ ਫਿਰਦਾ ਜੋ ਹੰਕਾਰਿਆ ਸੀ, ਮੈਂ ਨਹੀਂ ਸੀ।
ਬਣ ਕਬੀਰਾ ਹਉਮੈਂ ਨੂੰ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੇਰੀ ਗ਼ੈਰਤ ਸਾਹਮਣੇ ਨਹੀਂ ਇਸ਼ਕ ਬਣ ਸਕਦਾ ਅੜਿੱਕਾ,
ਛੋਕਰੀ ਖ਼ਾਤਿਰ ਜਿਨ੍ਹੇਂ ਵੱਗ ਚਾਰਿਆ ਸੀ, ਮੈਂ ਨਹੀਂ ਸੀ।

ਜ਼ੁਲਮ ਦੇ ਸੀਨੇ ਜਿਸ ਦਾਗੀ ਸੀ ਗੋਲੀ, ਮੈਂ ਹੀ ਸਾਂ ਉਹ,
ਸੱਚ ਦੇ ਸੀਨੇ 'ਚ ਜਿਸ ਫੁੱਲ ਮਾਰਿਆ ਸੀ, ਮੈਂ ਨਹੀਂ ਸੀ।

ਜੇ ਮੈਂ ਕਲਗੀਧਰ ਦੇ ਹੱਥੋਂ ਮਰਦਾ, ਫਿਰ ਜੂਨੇ ਨਾ ਪੈਂਦਾ,
ਜਿਸ ਨੂੰ ਉਸ ਦੀ ਦੇਗ਼ ਨੇ ਸੰਘਾਰਿਆ ਸੀ, ਮੈਂ ਨਹੀਂ ਸੀ।

ਮੈਂ ਤਾਂ ਉਸ ਦੇ ਨਾਮ 'ਤੇ ਪਿਆ ਪਾਲਦਾਂ ਪਰਿਵਾਰ ਅਪਣਾ,
ਕੌਮ ਤੋਂ ਪਰਿਵਾਰ ਜਿਸ ਨੇ ਵਾਰਿਆ ਸੀ, ਮੈਂ ਨਹੀਂ ਸੀ।

ਇਹ ਤਾਂ ਹੋ ਸਕਦੈ, ਮੈਂ ਅਪਣਾ ਹਕ ਅਦਾ ਕੀਤਾ ਨਾ ਹੋਵੇ,
ਪਰ ਜਿਨ੍ਹੇ ਹਕਦਾਰ ਦਾ ਹਕ ਮਾਰਿਆ ਸੀ, ਮੈਂ ਨਹੀਂ ਸੀ।



ਸਿੱਖੀ ਪਹਿਰਾਵੇ 'ਚ ਸੱਜਣ-ਠੱਗ ਹਾਂ, ਸੱਜਣ ਨਹੀਂ ਮੈਂ,
ਸੀਸ ਦੇ, ਸਿੱਖੀ ਦਾ ਜਿਸ ਮੁੱਲ ਤਾਰਿਆ ਸੀ, ਮੈਂ ਨਹੀਂ ਸੀ।

ਜਿਸ ਨੇ ਮਰਦਾਨੇ ਨੂੰ ਪਾਣੀ ਨਹੀਂ ਸੀ ਦਿੱਤਾ, ਉਹ ਤਾਂ ਮੈਂ ਸਾਂ,
ਜਿਸ ਨੇ ਪਰ ਨਾਨਕ ਨੂੰ ਪੱਥਰ ਮਾਰਿਆ ਸੀ, ਮੈਂ ਨਹੀਂ ਸੀ।

ਸ਼ਾਮ ਸਿੰਘ ਜਦ ਜੂਝਦਾ ਸੀ, ਕਾਸ਼ ਓਦੋਂ ਮੈਂ ਵੀ ਹੁੰਦਾ,
ਸਾਜਿਸ਼ਾਂ ਤੋਂ ਖ਼ਾਲਸਾ ਜਦ ਹਾਰਿਆ ਸੀ, ਮੈਂ ਨਹੀਂ ਸੀ।

ਜਾਣਦਾਂ ਮੈਂ, ਜਿਸ ਨੇ ਸਿੱਖ ਸਾੜੇ ਸੀ ਦਿੱਲੀ, ਤੂੰ ਨਹੀਂ ਸੈਂ,
ਹਿੰਦੂਆਂ ਨੂੰ ਬੱਸਾਂ 'ਚੋਂ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੇਰੀ ਹਸਤੀ ਨੂੰ ਪਛਾਣੋ ਦੋਸਤੋ, ਇਉਂ ਤਾਂ ਨਾ ਆਖੋ,
ਕਿ ਸਿਕੰਦਰ ਨੂੰ ਜਿੰਨ੍ਹੇ ਲਲਕਾਰਿਆ ਸੀ, ਮੈਂ ਨਹੀਂ ਸੀ।

ਅਣਖ਼ ਵੰਗਾਰੀ ਸੀ ਜਿਸ ਨੇ, ਉਸ ਨੇ ਏਦਾਂ ਹੀ ਸੀ ਮਰਨਾ,
ਕਾਸ਼! ਮੈਂ ਹੁੰਦਾ, ਮਗਰ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੈਂ ਕਦੀ ਹਿਟਲਰ ਨੂੰ ਮਾਰਨ ਦੀ ਤਾਂ ਸੋਚੀ ਹੋਊ 'ਸੰਧੂ',
ਸਹੁੰ ਗੁਰੂ ਦੀ, ਜਿਸ ਨੇ ਗਾਂਧੀ ਮਾਰਿਆ ਸੀ, ਮੈਂ ਨਹੀਂ ਸੀ।

*********

(ਮੁਸਲਸਲ ਗ਼ਜ਼ਲ)

(ਲੋਕ-ਰੰਗ, ਲੋਕ-ਵੇਦਨਾ)

ਮਨ ਵਿਚ ਸੋਚਾਂ ਦੀ ਤਰਥੱਲੀ, ਹੱਥ 'ਚ ਰੰਬਾ, ਮੋਢੇ ਪੱਲੀ!
ਘਾਹ ਖੋਤਣ ਖੇਤਾਂ ਨੂੰ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਉੱਚਾ-ਉੱਚਾ ਚਰੀ ਬਾਜ਼ਰਾ, ਵਿੱਚ ਉਜਾੜਾਂ ਖੇਤ ਬਿਗਾਨੇ,
ਵੱਢ-ਵੱਢ ਖਾਵੇ ਸੋਚ ਅਵੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਖੇਤਾਂ ਵੱਲ ਨੂੰ ਤੁਰ ਪਈ ਲੈ ਕੇ, ਖਾਲੀ ਢਿੱਡ ਤੇ ਭਰੀਆਂ ਅੱਖੀਆਂ,
ਸੋਚ ਉਦ੍ਹੀ ਫ਼ਿਕਰਾਂ ਨੇ ਮੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਦੋ ਦਿਨ ਉਸ ਦੇ ਨਾਜ਼ ਨਾ ਚੱਲੇ, ਜੋ ਆਈ ਸੀ ਦੁਲਹਣ ਬਣ ਕੇ,
ਅੱਜ ਓਹੀ ਖੇਤਾਂ ਨੂੰ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਤਨ ਦੀਆਂ ਲੀਰਾਂ, ਮਨ ਦਿਆਂ ਚੀਰਾਂ, ਸਵੈਮਾਨ ਕਰ ਦਿੱਤਾ ਲੀਰਾਂ,
ਝੱਲਣ ਨੂੰ ਫਿਟਕਾਰਾਂ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

'ਦੋਧਾ-ਛੱਲੀ' ਵਾਲੀ ਉਮਰੋਂ ਪਹਿਲਾਂ ਦੀ ਰੁਲਦੀ ਹੈ ਖੇਤੀਂ,
ਗ਼ਮ ਦੀ ਅੱਗ 'ਚ ਭੁੱਜੇ-ਛੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਵੱਟਾਂ ਉਤਲੇ ਘਾਹ ਦੇ ਬਦਲੇ, ਖੇਤਾਂ ਵਾਲਾ ਇਸਮਤ ਮੰਗਦੈ,
ਪੱਥਰ ਹੋ ਗਈ ਸੋਚਾਂ-ਸੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਫੁੱਲਾਂ ਵਰਗੀ ਇੱਕ ਅਵਾਣੀ, ਪਈ ਮਧੋਲੀ ਭੁੱਖਣ-ਭਾਣੀ,
ਮਾਪਿਆਂ ਨੇ ਸੀ ਦੇ ਕੇ ਘੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਜੋਬਨ ਦੀਆਂ ਯਾਦਾਂ ਵਿਚ ਵਹਿ ਕੇ, ਪਾਵੇ ਵੈਣ ਪ੍ਰੀਤ-ਮਰੀ ਦੇ,
'ਸੰਧੂ' ਝੱਲੀ ਜਾਏ ਨਾ ਝੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

********

## ਗ਼ਜ਼ਲ

ਨਾ ਨੈਣ ਤਿੱਖੇ ਕਟਾਰ ਵਰਗੇ,
ਨਾ ਖਿੜਿਆ ਚਿਹਰਾ ਗੁਲਾਬ ਵਰਗਾ।
ਮਗਰ ਮੁਹੱਬਤ ਦੇ ਨਾਂ 'ਤੇ ਹੁਣ ਵੀ,
ਕਿਉਂ ਦਿਲ ਧੜਕਦੈ ਸ਼ਬਾਬ ਵਰਗਾ।



ਜਿਨ੍ਹਾਂ ਜਵਾਨੀ ਨੂੰ ਮਾਣਿਆਂ ਹੈ,
ਉਹ ਇਸ ਹਕੀਕਤ ਨੂੰ ਜਾਣਦੇ ਨੇ,
ਨਸ਼ਾ ਬੜਾ ਹੈ ਸ਼ਰਾਬ ਵਿਚ ਪਰ,
ਨਸ਼ਾ ਨਹੀਂ ਹੈ ਸ਼ਬਾਬ ਵਰਗਾ।

ਇਹ ਆਸ਼ਕਾਂ ਨੂੰ ਜੇ ਦਿੰਦੈ ਜੀਵਨ,
ਤਾਂ ਰੋਜ਼ ਮੰਗਦਾ ਏ ਮਾਸ ਦਿਲ ਤੋਂ,
ਜੇ ਇਸ਼ਕ ਇਕ ਪਲ ਹੈ ਰੱਬ ਵਰਗਾ,
ਤਾਂ ਦੂਜੇ ਪਲ ਹੈ ਉਕਾਬ ਵਰਗਾ।

ਮਹਿਕ ਵੀ ਦਿੰਦੈ, ਟਹਿਕ ਵੀ ਦਿੰਦੈ,
ਤੇ ਨਾਲ ਪਾਉਂਦਾ ਹੈ ਸਾੜ ਸੀਨੇ,
ਹੈ ਇਸ਼ਕ ਮਿਤਰਾ ਗੁਲਾਬ ਵਰਗਾ,
ਸ਼ਰਾਬ ਵਰਗਾ, ਤਿਜ਼ਾਬ ਵਰਗਾ।

ਹੈ ਯਾਰ ਮੇਰਾ ਗੁਲਾਬ ਵਰਗਾ,
ਸ਼ਰਾਬ ਵਰਗਾ, ਸ਼ਬਾਬ ਵਰਗਾ,
ਉਕਾਬ ਵਰਗਾ, ਕਿਤਾਬ ਵਰਗਾ,
ਜਨਾਬ ਸਮਝੋ ਜਨਾਬ ਵਰਗਾ।

ਉਡਾਣ ਉੱਚੀ ਤੇ ਸੋਚ ਡੂੰਘੀ,
ਹੈ ਪੁਖ਼ਤਗੀ ਵੀ ਕਲਾ 'ਚ ਐਸੀ,
ਕਵੀ ਤਾਂ ਵੇਖੇ ਨੇ ਲੱਖ 'ਸੰਧੂ',
ਕਵੀ ਨਹੀਂ ਪਰ ਜਨਾਬ ਵਰਗਾ।

**********

## ਜੰਮੇਂ ਸਿੰਘ ਸੰਘਰਸ਼ ’ਚੋਂ

ਨਾ ਹੀ ਕੁੱਲ, ਨਾ ਜਨਮ ਦੀ ਜਾਤ ਵਿੱਚੋਂ,
ਨਾ ਹੀ ਅਰਸ਼ ਵਿੱਚੋਂ, ਨਾ ਹੀ ਫ਼ਰਸ਼ ਵਿੱਚੋਂ।
ਇੱਕ ਓਂਕਾਰ ਦੇ ਇਕ ਸੰਕਲਪ ਵਿੱਚੋਂ,
ਬਾਬੇ ਨਾਨਕ ਦੇ ਸੱਚੇ ਆਦਰਸ਼ ਵਿੱਚੋਂ।
ਅੰਗਦ ਦੇਵ ਦੇ ਅੰਗਾਂ ਦੀ ਛੂਹ ਵਿੱਚੋਂ,
ਅਮਰ ਦਾਸ ਦੇ ਚਰਨ-ਸਪਰਸ਼ ਵਿੱਚੋਂ।
ਰਾਮ ਦਾਸ ਦੀ ਸੇਵਾ ਦੇ ਭਾਵ ਵਿੱਚੋਂ,
ਅਰਜਨ ਦੇਵ ਦੀ ਬਾਣੀ ਦੇ ਦਰਸ਼ ਵਿੱਚੋਂ।

ਹਰਿ ਗੋਬਿੰਦ ਤੇ ਗੋਬਿੰਦ ਦੀ ਤੇਗ਼ ਵਿੱਚੋਂ,
ਤੇ ਸ਼ਹੀਦੀ ਦੀ ਖਿੱਚ, ਆਕਰਸ਼ ਵਿੱਚੋਂ।
ਗੁੜ੍ਹਤੀ ਲਈ ਇਹਨਾਂ ਖੰਡੇ-ਪਹੁਲ ਵਾਲੀ,
ਸਿੰਘ ਜੰਮੇ ਨੇ 'ਸੰਧੂ' ਸੰਘਰਸ਼ ਵਿੱਚੋਂ।

ਪਹਿਲਾਂ ਨਾਨਕ ਨੂੰ ਪਰਖਿਆ ਆਪ ਬਾਬਰ,
ਫਿਰ ਹਿਮਾਯੂੰ ਨੇ ਅੰਗਦ ਨੂੰ ਤੋਲਿਆ ਸੀ।
ਪੰਚਮ-ਗੁਰਾਂ ਨੂੰ ਕੀਤਾ ਸ਼ਹੀਦ ਜਿਸ ਨੇ,
ਹਰਿਗੋਬਿੰਦ ਦੇ ਅੱਗੇ ਨਾ ਬੋਲਿਆ ਸੀ।
ਨੌਂਵੇਂ ਪਾਤਸ਼ਾਹ ਨੇ ਦਿੱਲੀ ਸੀਸ ਦੇ ਕੇ,
ਜਬਰ-ਜ਼ੁਲਮ ਨੂੰ ਪੈਰੀਂ ਮਧੋਲਿਆ ਸੀ।
ਦਸਵੇਂ ਪਿਤਾ ਨੇ ਖੰਡੇ ਦੀ ਧਾਰ ਵਿੱਚੋਂ,
ਗਾਡੀ-ਰਾਹ ਸ਼ਹੀਦੀ ਦਾ ਖੋਲ੍ਹਿਆ ਸੀ।

ਸੀਸ ਲੈ ਕੇ ਸਿੱਖੀ ਦੀ ਦਾਤ ਬਖ਼ਸ਼ੀ,
ਆਪਣੀ ਤੇਗ਼ ਦੇ ਤੇਜ ਸਪਰਸ਼ ਵਿੱਚੋਂ।
ਸੂਲਾਂ ਜੰਮਦੀਆਂ ਦੇ ਤਿੱਖੇ ਮੂੰਹ ਹੁੰਦੇ,
ਸਿੰਘ ਜੰਮੇਂ ਨੇ 'ਸੰਧੂ ਸੰਘਰਸ਼ ਵਿੱਚੋਂ।



ਔਰੰਗਜ਼ੇਬ ਦਾ ਮੂੰਹ ਤਾਂ ਭੰਨ ਦਿੱਤਾ,
ਦਸਵੇਂ ਪਿਤਾ ਦੀ ਕਲਮ-ਤਲਵਾਰ ਮਿਲਕੇ।
ਬਦਲੇ ਲੈ ਲਏ ਜ਼ਾਲਮ ਹਤਿਆਰਿਆਂ ਤੋਂ,
ਪੈ ਗਏ ਟੁੱਟ ਕੇ ਸਿੰਘ ਸਰਦਾਰ ਮਿਲਕੇ।

ਕਾਇਮ ਬੰਦੇ ਬਹਾਦਰ ਨੇ ਰਾਜ ਕੀਤਾ,
ਸਿੰਘਾਂ ਨਾਲ ਚਲਾਈ ਸਰਕਾਰ ਮਿਲਕੇ।
ਜਦੋਂ 'ਆਵ ਕੀ ਅਉਧ ਨਿਧਾਨ' ਬਣ ਗਈ,
ਜੂਝ ਮਰੇ 'ਸੰਧੂ' ਆਖ਼ਿਰਕਾਰ ਮਿਲਕੇ।

ਢਹਿੰਦੀ ਕਲਾ ਤਾਂ ਪੈਦਾ ਈ ਨਹੀਂ ਹੋਣ ਦਿੰਦੇ,
ਨਾ ਹੀ ਸੋਗ ਵਿੱਚੋਂ, ਨਾ ਹੀ ਹਰਸ਼ ਵਿੱਚੋਂ।
ਨਹੀਂ ਸਿੰਘਾਂ ਨੂੰ ਕੋਈ ਝੁਕਾ ਸਕਦਾ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਸਾਰੇ ਦਿੱਲੀ ਦੇ ਹਾਕਮਾਂ ਵਾਹ ਲਾ ਲਈ,
ਸਿੰਘ ਉੱਠੇ ਤੇ ਫੇਰ ਦਬਾਏ ਨਾ ਗਏ।
ਮੰਨੂੰ ਵਰਗ ਨੇ ਬੱਚਿਆਂ ਤੀਕ ਮਾਰੇ,
ਜੜ੍ਹਾਂ ਵੱਢਿਆਂ, ਤਾਂ ਵੀ ਮੁਕਾਏ ਨਾ ਗਏ।
ਅਹਿਮਦ ਸ਼ਾਹ ਆਬਦਲੀ ਅਬਦਾਲ ਵੱਲੋਂ,
ਹਟ-ਹਟ ਕੇ ਪਿਆ ਪਰ ਢਾਏ ਨਾ ਗਏ।
ਈਨ ਮੰਨੀ ਨਾ ਇਹਨਾਂ ਫਰੰਗੀਆਂ ਦੀ,
ਇਹ ਦਬਕਾਏ ਨਾ ਗਏ, ਇਹ ਸਮਝਾਏ ਨਾ ਗਏ।

ਸਿੱਧੇ ਨੱਕ ਦੀ ਸੇਧ ’ਤੇ ਤੁਰਨ ਹਰ ਦਮ,
ਸੇਧ ਲੈ ਕੇ ਬਾਣੀ ਦੇ ਦਰਸ਼ ਵਿੱਚੋਂ।
ਸਿੱਧੇ ਮੌਤ ਨੂੰ ਆਉਂਣ ਮਖੌਲ ਕਰਦੇ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਪੱਕਾ ਦੇਸ ਪੰਜਾਬ ਹੈ ਖ਼ਾਲਸੇ ਦਾ,
ਦਿੱਲੀ ਨਾਲ ਟੱਕਰ ਇਹਦੀ ਖਾਸ ਰਹੀ ਏ।
ਇਹਨਾਂ ਦਿੱਲੀ ਦੀ ਕਦੇ ਨਾ ਧੌਂਸ ਮੰਨੀ,
ਦਿੱਲੀ ਇਹਨਾਂ ਤੋਂ ਸਦਾ ਨਿਰਾਸ ਰਹੀ ਏ।
ਕਦੀ ਫਸਣ ਤਾਂ ਜਕੜ ਕੇ ਮਾਰ ਦੇਵਾਂ,
ਰੱਸੇ ਲੈ ਦਿੱਲੀ ਆਸ-ਪਾਸ ਰਹੀ ਏ।
ਐਪਰ ਸਿੰਘ ਨਾ ਓਸ ਦੇ ਚੜ੍ਹੇ ਅੱਡੇ,
ਆਸ ਦਿੱਲੀ ਦੀ ਸਦਾ ਬੇਆਸ ਰਹੀ ਏ।

ਏਹੋ ਦਿੱਲੀ ਦੀਆਂ ਈਨਾਂ ਮੰਨਦੇ ਨਹੀਂ,
ਏਹੋ ਰੜਕਦੇ ਨੇ ਭਾਰਤ ਵਰਸ਼ ਵਿੱਚੋਂ।
ਜਾਰੀ ਰੱਖਿਆ ਜੀਵਨ-ਸੰਘਰਸ਼ ਇਹਨਾਂ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

ਸਾਨੂੰ ਸਾਲ ਚੌਰਾਸੀ ਦਾ ਭੁੱਲਣਾ ਨਹੀਂ,
ਸਾਡੀ ਅਣਖ ਨੂੰ ਜਦੋਂ ਵੰਗਾਰਿਆ ਸੀ।
ਸਾਡੀ ਜਾਨ ਤੋਂ ਪਿਆਰਾ ਦਰਬਾਰ ਸਾਹਿਬ,
ਸਣੇ ਤਖ਼ਤ-ਅਕਾਲ ਉਜਾੜਿਆ ਸੀ।
ਸਾਡਾ ਸੱਭਿਆਚਾਰ ਤੇ ਧਰਮ-ਵਿਰਸਾ,
ਜਾਣ ਬੁੱਝ ਕੇ ਜ਼ਾਲਿਮਾਂ ਸਾੜਿਆ ਸੀ।
'ਧਰਮੀ ਆਦਮੀ' ਕਹਿੰਦਾ ਸੀ ਪੁੱਤ ਜਿਸ ਨੂੰ,
ਮਾਂ ਨੇ ਓਸ ਉੱਤੇ ਕੱਟਕ ਚਾੜਿਆ ਸੀ।

ਮੌਤ ਪੈ ਗਈ ਓਸ 'ਤੇ ਬਿੱਜ ਬਣ ਕੇ,
ਮੌਤ ਫੁੱਟ ਪਈ ਓਸ ਦੇ ਫ਼ਰਸ਼ ਵਿੱਚੋਂ।
ਸਿੰਘ ਨਹੀਂ ਪਟਰਾਣੀਏਂ! ਮਰਨ ਵਾਲੇ,
ਸਿੰਘ ਜੰਮੇਂ ਨੇ 'ਸੰਧੂ' ਸੰਘਰਸ਼ ਵਿੱਚੋਂ।

*********



# ਆਸ਼ਿਕ

ਛੱਡ ਓਏ ਕਵੀਆ ਇਸ਼ਕ ਮੁਸ਼ਕ ਨੂੰ, ਇਸ਼ਕ ਇਸ਼ਕ ਕੀ ਕਰਦਾ ਰਹਿੰਨੈਂ।
ਸੋਚਾਂ ਦੇ ਵਿਚ ਡੁੱਬਿਆ ਰਹਿੰਨੈਂ, ਠੰਡੇ ਹਉਕੇ ਭਰਦਾ ਰਹਿੰਨੈਂ।

ਕਦੀ ਕਿਸੇ ਦੇ ਕਿੱਸੇ ਛੇੜੇਂ, ਕਦੀ ਕਿਸੇ ਦੀ ਕਹਾਣੀ ਪਾਉਨੈਂ।
ਕਦੀ ਕਿਸੇ ਸੋਹਣੀ ਦੀ ਫੋਟੋ, ਘੁੱਟ ਘੁੱਟ ਕੇ ਸੀਨੇ ਲਾਉਨੈਂ।

ਮੰਨ ਲਿਆ ਕਿ ਸ਼ਾਇਰ ਹੈਂ ਤੂੰ, ਕਵਿਤਾ ਲਿਖਣਾ ਕੰਮ ਹੈ ਤੇਰਾ।
ਤੇਰੇ ਕਰਕੇ ਕਵਿਤਾ ਹੈ ਤੇ ਕਵਿਤਾ ਕਰਕੇ ਦਮ ਹੈ ਤੇਰਾ।

ਲੇਕਿਨ ਕਵਿਤਾ ਇਹ ਤਾਂ ਨਹੀਂ, ਕਿ ਖ਼ਿਆਲਾਂ ਦੇ ਹੀ ਮਹਿਲ ਉਸਾਰੇਂ।
ਬਸ ਜਜ਼ਬਾਤੀ ਜੀਵਨ ਜੀਵੇਂ, ਅਸਲੀਅਤ ਨੂੰ ਮੁੱਢੋਂ ਮਾਰੇਂ।

ਕਿਧਰੇ ਸੱਜਣੀ ਦੇ ਕੇਸਾਂ ਨੂੰ, ਕਾਲੀ-ਘਟਾ ਪੁਕਾਰੀ ਜਾਨੈਂ।
ਕਾਲ਼ੀ ਰਾਤੋਂ ਤਾਰੇ ਲੈ ਕੇ, ਉਸ ਦੇ ਕੇਸ ਸ਼ਿੰਗਾਰੀ ਜਾਨੈਂ।

ਕਦੀ ਆਖਦੈਂ- ਚੰਦ ਨਾਲੋਂ ਵੀ, ਉਸ ਦਾ ਮੁੱਖੜਾ ਸੋਹਣਾ ਲੱਗਦੈ।
ਡੱਲ ਝੀਲ ਦੇ ਝਿਲਮਿਲ ਪਾਣੀ, ਨਾਲੋਂ ਵੀ ਮਨਮੋਹਣਾ ਲੱਗਦੈ।

ਅੱਖਾਂ ਦਾ ਨੀਲਾਪਣ ਉਸ ਦਾ, ਤੂੰ ਨੀਲਾ ਅਸਮਾਨ ਬਣਾਇਆ।
ਨੈਣੀਂ ਹੰਝੂ ਤੱਕੇ ਕਿਧਰੇ, ਸਾਗਰ ਦਾ ਤੂਫ਼ਾਨ ਬਣਾਇਆ।

ਪਾਤਾਲਾਂ ਤੋਂ ਅਰਸ਼ਾਂ ਤੀਕਣ, ਸਾਰੇ ਨੀਝ ਘੁਮਾ ਆਇਆ ਹੈਂ।
ਲੇਕਿਨ ਤੈਨੂੰ ਧਰਤ ਨਾ ਦਿੱਤੀ, ਕਿੱਥੇ ਹੋਸ਼ ਗੁਆ ਆਇਆ ਹੈਂ।

ਮੈਂ ਗੁਸਤਾਖ਼ੀ ਕਰਨੀ ਚਾਹੁੰਨਾਂ, ਦੇ ਦੇ ਜ਼ਰਾ ਇਜਾਜ਼ਤ ਮੈਨੂੰ।
ਆ ਕਵੀਆ! ਤੇਰੀ ਹੀ ਧਰਤੀ ਦੀ ਫੋਟੋ ਦਿਖਲਾਵਾਂ ਤੈਨੂੰ।

ਔਧਰ ਵੇਖੀਂ-

ਔਹ ਤੇਰੀ ਸੱਜਣੀ ਵਰਗੀ ਹੀ, ਆਉਂਦੀ ਉ ਮੁਟਿਆਰ ਹੁਸੀਨਾ।
ਸੁੱਕੇ ਬੁੱਲ੍ਹ ਸਿੱਕਰੀ ਮਾਰੇ, ਚੋ ਚੋ ਪੈਂਦਾ ਪਿਆ ਪਸੀਨਾ।

ਸਿਰ ’ਤੇ ਪੰਡ ਪਾਏ ਤੋਂ ਭਾਰੀ, ਪੈਰ ਡੋਲਦੇ ਥਿੜਕ ਰਹੇ ਨੇ।
ਸਾਰੇ ਦਿਨ ਦੀ ਮਿਹਨਤ ਮਾਰੇ, ਅੰਗ ਨਿਮਾਣੇ ਤਿੜਕ ਰਹੇ ਨੇ।

ਹੱਡ-ਭੰਨਵੀਂ ਮਿਹਨਤ ਦਾ ਵੀ, ਏਨਾ ਇਵਜ਼ ਕਮਾ ਨਹੀਂ ਸਕਦੀ।
ਭਰਨਾ ਪੇਟ ਤਾਂ ਗੱਲ ਦੂਰ ਦੀ, ਭੁੱਖਾ ਪੇਟ ਲੁਕਾ ਨਹੀਂ ਸਕਦੀ।

ਲੀੜੇ ਲੀਰਾਂ-ਲੀਰਾਂ ਹੋਏ, ਲੀਰਾਂ ਲੱਜ ਕੱਜਣੋਂ ਆਰੀ।
ਕਦੀ ਛੁਪਾਵੇ ਛਾਤੀ ਤਾਈਂ, ਕਦੀ ਛੁਪਾਵੇ ਪੇਟ ਵਿਚਾਰੀ।

ਕਦੀ ਪੱਟ ਤੋਂ ਪਾਟੀ ਸੁੱਥਣ, ਪਰਤ ਪਰਤ ਕੇ ਢੱਕੀ ਜਾਵੇ।
ਬਿਨ ਕੱਪੜਿਉਂ ਅੰਗ ਛੁਪਾ ਕੇ, ਜੀਵਨ-ਗੱਡੀ ਧੱਕੀ ਜਾਵੇ।

ਔਹ ਵੇਖੀਂ-

ਔਹ ਵੇਖੀਂ, ਇਕ ਬੁੱਢੀ ਮਾਤਾ, ਤੇਰੀ ਮਾਂ ਜਾਂ ਮੇਰੀ ਮਾਂ ਹੈ।
ਇਹ ਹੈ ਜੱਗ ਦੀ ਜੰਮਣ-ਹਾਰੀ, ਏਸੇ ਦਾ ਹੀ ‘ਔਰਤ’ ਨਾਂ ਹੈ।

ਲੇਕਿਨ ਵੀਰਾ, ਇਸ ਨੂੰ ਬੁੱਢੇ-ਵਾਰੇ ਵੀ ਆਰਾਮ ਨਹੀਂ ਹੈ।
ਠੂਠੇ ਦੇ ਵਿਚ ਆਟਾ ਨਹੀਂ ਹੈ, ਬੋਝੇ ਦੇ ਵਿਚ ਦਾਮ ਨਹੀਂ ਹੈ।

ਹਿੰਮਤ-ਹਾਰੀ, ਉਮਰਾ-ਭੰਨੀ, ਕੰਮ ਤਾਂ ਕੋਈ ਕਰ ਨਹੀਂ ਸਕਦੀ।
ਲੇਕਿਨ ਬੱਚੇ ਵਿਧਵਾ ਨੂੰਹ ਦੇ, ਭੁੱਖੇ ਮਰਦੇ ਜਰ ਨਹੀਂ ਸਕਦੀ।

ਔਹ ਬੁੱਢੀ ਨੂੰ ਠੇਡਾ ਲੱਗਾ, ਡਿੱਗ ਪਈ ਮੂੰਹ-ਭਾਰ ਵਿਚਾਰੀ।
ਪੇਟ ਵਾਸਤੇ ਦਰ-ਦਰ ਫਿਰਦੀ, ਕੀ ਕਰਦੀ ਲਾਚਾਰ ਵਿਚਾਰੀ?



ਨਜ਼ਰ-ਵਿਹੂਣੀ ਠੇਡਾ ਖਾ ਕੇ, ਡਿੱਗ ਪਈ ਪਰ ਚੁੱਕਦਾ ਕਿਹੜਾ?
ਚਲੋ-ਚਲੀ ਦੀ ਚੱਲੇ ਦੁਨੀਆ, ਇਸ ਦੀ ਖ਼ਾਤਿਰ ਰੁਕਦਾ ਕਿਹੜਾ?

ਔਹ ਜਿਹੜੀ ਹੈ ਤੀਵੀਂ ਬੈਠੀ, ਬੱਚੇ ਵੱਟੇ ਮਾਰ ਰਹੇ ਨੇ।
‘ਝੱਲੀ ਝੱਲੀ’ ਕਹਿ ਝੱਲੀ ਨੂੰ, ਝੱਲੇ ਝੱਲ ਖਿਲਾਰ ਰਹੇ ਨੇ।

ਇਹ ਜੋਬਨ ਦੀ ਵਿਧਵਾ, ਇਸ ਨੇ ਅੰਗ ਵੇਚ ਕੇ ਉਮਰ ਲੰਘਾਈ।
ਰੂਪ ਗਿਆ, ਜੋਬਨ ਵੀ ਖੁੱਸਿਆ, ਪਰ ਬੇਤਰਸ ਮੌਤ ਨਾ ਆਈ।

ਔਧਰ ਵੇਖੀਂ, ਵਿਲਕ ਰਿਹਾ ਈ, ਢਿੱਡੋਂ ਭੁੱਖਾ ਬਾਲ ਕਿਸੇ ਦਾ।
ਬਿਨਾਂ ਦਵਾਈਓਂ ਔਹ ਮਰਿਆ ਈ, ਨੰਨਾ-ਮੁੰਨਾ ਲਾਲ ਕਿਸੇ ਦਾ।

ਏਨਾ ਹੀ ਨਹੀਂ, ਆ ਧਰਤੀ ’ਤੇ, ਧਰਤੀ ਵਾਲੇ ਹੋਰ ਵਿਖਾਵਾਂ।
ਧਰਤੀ ਖ਼ਾਤਿਰ, ਧਰਮਾਂ ਖ਼ਾਤਿਰ, ਲੜਦੇ ਜ਼ੋਰੋ-ਜ਼ੋਰ ਵਿਖਾਵਾਂ।

ਔਹ ਧਰਮਾਂ ਦੇ ਨਾਂ ’ਤੇ ਮਿੱਤਰਾ, ਪੀਲੇ ਸੂਹੇ ਝੰਡੇ ਉੱਠੇ।
ਔਹ ਦੋਹਾਂ ’ਤੇ ਗੋਲੀ ਚੱਲੀ, ਕਰ ਦਿੱਤੇ ਦੋਵੇਂ ਹੀ ਪੁੱਠੇ।

ਔਹ ਕਾਲਜ ਦੇ ਛੋਕਰਿਆਂ ਨੇ, ਇੱਕ ਕੁੜੀ ਦੀ ਚੁੰਨੀ ਖਿੱਚੀ।
ਔਹ ਚੰਦੂ ਨੇ ਵੀਰ ਸਿੰਘ ਦੀ, ਵੱਢੀ ਮਾਰ ਗੰਡਾਸਾ ਗਿੱਚੀ।

ਲਾਭ ਸਿਹੁੰ ਨੇ ਲਾਲ ਚੰਦ ਦੇ, ਟਕੂਆ ਸਿਰ ਦੇ ਵਿੱਚ ਟਿਕਾਇਆ।
ਔਹ ਲਾਰੀ ਨੂੰ ਲਾਂਬੂ ਲੱਗਾ, ਸੜੇ ਪਿਆ ਸਾਂਝਾ ਸਰਮਾਇਆ।

ਏਧਰ ਅੱਤ ਗਰੀਬੀ, ਓਧਰ ਜਾਏਦਾਦਾਂ ਸਾੜੀ ਜਾਵਣ।
ਇਹ ਬਾਗਾਂ ਦੇ ਝੱਲੇ ਮਾਲੀ, ਆਪੇ ਬਾਗ ਉਜਾੜੀ ਜਾਵਣ।

ਕਲਯੁਗ ਦੇ ਵਿਚ ਬਣ ਗਏ ਕਵੀਆ! ਕਲਯੁਗ ਦੇ ਅਨਕੂਲ ਪੁਜਾਰੀ।
ਵੰਡ ਰਹੇ ਪਰਸ਼ਾਦ ਸਮਝ ਕੇ, ਕਿਰਪਾਨਾਂ ਤਿਰਸ਼ੂਲ ਪੁਜਾਰੀ।

ਔਹ ਮੰਦਰੋਂ ਤਿਰਸ਼ੂਲ ਲਿਆ ਕੇ, ਸਿੱਖਾਂ ਨੂੰ ਲਲਕਾਰੇ ਹਿੰਦੂ।
ਔਹ ਲਾਰੀ 'ਚੋਂ ਖਿੱਚ-ਖਿੱਚ ਕੇ, ਦਹਿਸ਼ਤ-ਮੰਦਾਂ ਮਾਰੇ ਹਿੰਦੂ।

ਔਹ ਅਖ਼ਬਾਰ ਨੂੰ ਸੁਰਖ਼ੀ ਮਿਲ ਗਈ, ਉਸ ਨੇ ਘੜ ਕੇ ਖ਼ਬਰ ਲਗਾਈ।
ਅੱਗ ਲਾ ਕੇ ਡੱਬੂ ਰੂੜੀ 'ਤੇ, ਲੜ-ਲੜ ਮਰ ਗਏ ਭਾਈ-ਭਾਈ।

ਔਧਰ ਕਾਰ 'ਚ ਬੰਬ ਰੱਖਦਾ, ਉੱਡ ਗਿਆ ਜੇ ਆਪੇ ਕੋਈ।
ਕਿੰਨੇ ਨਾਲ ਬੇਦੋਸ਼ੇ ਉੱਡੇ, ਇਹ ਕਿਸ ਧਰਮ ਦੀ ਸੇਵਾ ਹੋਈ ?

ਘਰੋਂ ਉਠਾ ਕੇ ਮੁੰਡਿਆਂ ਤਾਈਂ, ਔਹ ਫੜ੍ਹ ਕੇ ਲੈ ਗਏ ਸਿਪਾਹੀ।
'ਸ਼ਾਮ ਨੂੰ ਏਥੇ ਈ ਛੱਡ ਜਾਵਾਂਗੇ', ਜਾਣ ਸਮੇਂ ਕਹਿ ਗਏ ਸਿਪਾਹੀ।

'ਘੁੱਸ-ਪੈਠੀਏ' ਕਹਿ ਇਹਨਾਂ ਨੂੰ, ਸਰਹੱਦਾਂ 'ਤੇ ਭੁੰਨ ਦੇਣਗੇ।
ਜਾਂ ਜੇਲ੍ਹਾਂ ਵਿਚ ਬੂਟਾਂ ਹੇਠਾਂ, ਆਟੇ ਵਾਂਗੂੰ, ਗੁੰਨ੍ਹ ਦੇਣਗੇ।

ਇਹ ਘਟਨਾ ਨਿਤ ਵਾਪਰਦੀ ਹੈ, ਇਕ-ਅੱਧੀ ਘਟਨਾ ਨਾ ਜਾਣੀ।
ਇੱਕ ਤੰਦ ਦੀ ਗੱਲ ਨਾ ਸਮਝੀਂ, ਮਿੱਤਰਾ ਉਲਝ ਗਈ ਊ ਤਾਣੀ।

ਇਸ ਵੇਲੇ ਵੇਲਾ ਹੈ ਕਵੀਆ! ਲੋਕ-ਦਿਲਾਂ ਵਿਚ ਜੋਤ ਜਗਾ ਦੇ!
ਇਸ ਵੇਲੇ ਕੀ ਕਰਨਾ ਬਣਦੈ, ਸਭਨਾਂ ਨੂੰ ਸਜਣਾ ਸਮਝਾ ਦੇ!

ਸੁਣਿਐਂ ਕਵੀਆ! ਤੇਰੀ ਬੋਲੀ, ਸਭ ਦੇ ਦਿਲ ਨੂੰ ਪੋਹ ਜਾਂਦੀ ਏ।
ਮਿੱਠੀ ਦਿਲ ਨੂੰ ਮੋਹ ਜਾਂਦੀ ਏ, ਕੌੜੀ ਵੀ ਸਹਿ ਹੋ ਜਾਂਦੀ ਏ।

ਤਾਂ ਹੀ ਕਹਿੰਨਾਂ- ਛਡ ਦੇ ਹੁਣ ਤੂੰ, ਇਸ਼ਕ-ਮੁਸ਼ਕ ਦੀ ਗੱਲ ਪੁਰਾਣੀ।
ਲਿਖ ਦੇ ਦੁਖੀਆਂ ਦੇ ਦੁੱਖਾਂ ਦੀ, ਦਰਦ-ਭਰੀ ਕੋਈ ਦਰਦ-ਕਹਾਣੀ।

ਜੰਤਾ ਦੀ ਦੇਵੀ ਦਾ ਅੜਿਆ, 'ਸੰਧੂ ਵੀਰ' ਉਪਾਸ਼ਕ ਬਣ ਜਾ!
ਇਹ ਦੁਨੀਆਂ ਮਾਸ਼ੂਕ ਬਣਾ ਲੈ, ਤੂੰ ਦੁਨੀਆ ਦਾ ਆਸ਼ਿਕ ਬਣ ਜਾ!

********



# ਇਕ ਅਨੂਪਮ ਸ਼ਾਇਰ ਅਨੂਪ ਸਿੰਘ 'ਨੂਰੀ'



ਯਾਰਾ ਦਾ ਯਾਰ ਪਿਆਰਾ, ਸ਼ਾਇਰ ਅਨੂਪ ਨੂਰੀ।
ਸਾਹਿਤ ਦਾ ਹੈ ਸਿਤਾਰਾ, ਸ਼ਾਇਰ ਅਨੂਪ ਨੂਰੀ।

ਬਾਣੀ ਦੇ ਸ਼ਬਦ ਪੜ੍ਹ ਕੇ, ਕਵਿਤਾ 'ਚ ਅਰਥ ਕਰਨੇ,
ਇਹ ਗਿਆਨ ਦਾ ਭੰਡਾਰਾ, ਸ਼ਾਇਰ ਅਨੂਪ ਨੂਰੀ।

ਜੋ ਕੁਝ ਹੈ ਦਿਲ 'ਚ ਇਸ ਦੇ, ਉਹੋ ਜ਼ਬਾਨ ਉੱਤੇ,
ਹੱਕ ਸੱਚ ਦਾ ਮਿਨਾਰਾ, ਸ਼ਾਇਰ ਅਨੂਪ ਨੂਰੀ।

ਹਿਰਦੇ 'ਚ ਹਰਿ ਵਸਾ ਕੇ, ਉਸ ਦਾ ਧਿਆਨ ਧਰਨਾ,
ਕਰਦੈ ਸਦਾ ਇਹ ਚਾਰਾ, ਸ਼ਾਇਰ ਅਨੂਪ ਨੂਰੀ।

ਪੁਸਤਕ ਇਹਦੀ ਨੂੰ ਪੜ੍ਹ ਕੇ ਹਰ ਇਕ ਜ਼ਰੂਰ ਆਖੂ,
ਸ਼ਾਇਰਾਂ 'ਚੋਂ ਸਭ ਤੋਂ ਨਿਆਰਾ, ਸ਼ਾਇਰ ਅਨੂਪ ਨੂਰੀ।

ਹਰ ਇਕ ਦੀ ਪਿਆਰ ਕਰਨਾ, ਹਰ ਇਕ ਦਾ ਮਾਣ ਕਰਨਾ,
ਹਰ ਇਕ ਦੀ ਅੱਖ ਦਾ ਤਾਰਾ, ਸ਼ਾਇਰ ਅਨੂਪ ਨੂਰੀ।

ਕ੍ਰਿਪਾ ਗੁਰਾਂ ਦੀ ਹੋਈ, ਬਣਿਆ ਤਦੇ ਇਹ ਸੰਧੂ,
ਕਵਿਤਾ ਦਾ ਰੂਪ ਸਾਰਾ, ਸ਼ਾਇਰ ਅਨੂਪ ਨੂਰੀ।

ਅਮਰਜੀਤ ਸਿੰਘ "ਸੰਧੂ"

ਗੋਰਾ-ਚਿੱਟਾ ਰੰਗ, ਹਸੂੰ-ਹਸੂੰ ਕਰਦਾ ਮੁੱਖੜਾ, ਪ੍ਰਾਕਸ਼ ਕੀਤਾ ਹੋਇਆ ਵਿਰਲਾ- ਵਿਰਲਾ ਦਾਹੜਾ, ਕਾਲੇ ਗਾਤਰੇ ਵਾਲੀ ਸ਼ੋਭਦੀ ਸ੍ਰੀ-ਸਾਹਿਬ, ਪੂਰਾ ਟਕਸਾਲੀ ਸਿੰਘ ਅਨੂਪ ਸਿੰਘ "ਨੂਰੀ" ਜਦੋਂ ਹੁੱਬ ਕੇ ਅਤੇ ਘੁੱਟਵੀਂ ਜੱਫੀ ਪਾ ਕੇ ਮਿਲਦਾ ਹੈ ਤਾਂ ਇੱਕ ਵਾਰ ਤਾਂ ਸੀਨੇ ਠੰਢ ਪਾ ਜਾਂਦਾ ਹੈ। ਉਸਤਾਦ ਸ਼ਾਇਰ ਜਨਾਬ ਦੀਪਕ ਜੈਤੋਈ ਸਾਹਿਬ ਦਾ ਫ਼ਰਮਾ-ਬਰਦਾਰ ਸ਼ਾਗਿਰਦ ਤੇ ਇਸ ਪੱਖੋਂ ਮੇਰਾ ਗੁਰ-ਭਾਈ ਸਾਹਿਤਕ ਸਮਾਗਮਾਂ ਵਿੱਚ ਆਵੇ ਭਾਵੇਂ ਲੇਟ ਹੀ ਪਰ ਆਪਣੇ ਯਾਰਾਂ-ਬਾਸ਼ਾਂ ਨੂੰ ਉਹਨਾਂ ਦੀਆਂ ਸੀਟਾਂ ਤੇ ਜਾ ਜਾ ਕੇ ਮਿਲਦਾ ਹੈ ਤੇ ਆਪਣੀਆਂ ਮਸਰੂਫ਼ੀਅਤ ਕਾਰਨ, ਮੈਰਿਟ ਤੋਂ ਪਹਿਲਾਂ ਹੀ ਆਪਣੀ ਨਜ਼ਮ ਸੁਣਾਕੇ ਛੇਤੀ ਹੀ ਚਾਲੇ ਪਾ ਜਾਂਦਾ ਹੈ। ਉਹ ਕੇਵਲ ਪੂਰਾ-ਸੂਰਾ ਗੁਰ-ਸਿੱਖ ਹੀ ਨਹੀਂ ਸਗੋਂ ਨਾਲ ਦੀ ਨਾਲ ਯਾਰਾਂ ਦਾ ਯਾਰ ਵੀ ਹੈ। ਉਸ ਦੇ ਦਰਸ਼ਨ ਕਰਕੇ ਦਿਲ ਦਾ ਕੰਵਲ ਪੂਰੇ ਤੌਰ ਤੇ ਖਿੜ ਉੱਠਦਾ ਹੈ।

ਇੱਕ ਲਿਖਾਰੀ ਵਜੋਂ ਉਹ ਬਹੁਤ ਸਿਰੜੀ ਵਿਦਵਾਨ ਹੈ। ਉਸ ਨੇ ਨਾ ਕੇਵਲ ਖੂਬਸੂਰਤ ਸਾਹਿਤਕ ਨਜ਼ਮਾਂ ਤੇ ਗ਼ਜ਼ਲਾਂ ਹੀ ਲਿਖੀਆ ਹਨ ਸਗੋਂ ਧਾਰਮਿਕ ਕਵਿਤਾਵਾਂ ਲਿਖਕੇ ਅਤੇ ਸਟੇਜਾਂ ਤੇ ਸੁਣਾ ਕੇ 'ਬੱਲੇ-ਬੱਲੇ' ਵੀ ਕਰਵਾਈ ਹੈ। ਨੂਰੀ ਇੱਕ ਸਫ਼ਲ ਸਟੇਜ-ਸੈਕਟਰੀ ਵੀ ਹੈ ਉਸ ਨੇ "ਇਨਾਮੀ ਕਵੀ ਦਰਬਾਰ ਕਮੇਟੀ" ਵੀ ਬਣਾਈ ਹੋਈ ਹੈ ਜੋ ਜਿਸ ਤਹਿਤ ਉਹ ਧਾਰਮਿਕ ਕਵੀ ਦਰਬਾਰ ਕਰਵਾ ਕੇ ਸ਼ਾਇਰਾਂ ਦੀਆਂ ਅਤੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਰਹਿੰਦਾ ਹੈ।

ਕਿੱਤੇ ਵਜੋਂ ਉਹ ਪਟਵਾਰੀ ਭਰਤੀ ਹੋਕੇ ਤਰੱਕੀ ਕਰਦਾ ਕਾਨੂੰਨ-ਗੋ ਬਣਿਆ ਤੇ ਫਿਰ ਕਾਨੂੰਗੋਆਂ ਦਾ ਅਧਿਆਪਕ। ਇਸ ਸ਼ਾਇਰ ਪਟਵਾਰੀ ਬਾਰੇ ਮੇਰੀ ਕਲਮ ਨੇ ਕਿਸੇ ਵੇਲੇ ਇਉਂ ਲਿਖਿਆ ਸੀ-

ਕੀਤੀ ਇਹਨੇ ਪਟਵਾਰ ਹੈ ਉਮਰ ਸਾਰੀ,
ਮਿਣਨਾਂ ਸ਼ਿਅਰਾਂ ਨੂੰ ਨਾਲ ਜ਼ਰੀਬ ਸਿੱਖਿਆ।
ਕਰਮ ਇੱਧਰ ਕੀ ਤੇ ਕਰਮ ਉਧਰ ਕੀ ਹੈ ?
ਝਗੜਾ ਕਰਨਾ ਨਹੀਂ ਨਾਲ ਰਕੀਬ ਸਿੱਖਿਆ।
ਸ਼ਾਇਰੀ ਸਿੱਖੀ ਹੈ 'ਦੀਪਕ ਜੈਤੋਈ ਕੋਲੋਂ',
ਚੜ੍ਹਨਾਂ ਸ਼ਿਅਰਾਂ ਦੀ ਸਦਾ ਸਲੀਬ ਸਿੱਖਿਆ।
ਬਾਬੇ ਨਾਨਕ ਦੇ ਜਦੋਂ ਦਾ ਪਿਆ ਪੈਰੀਂ,
ਇੱਕ ਗੱਲ ਹੈ ਬੜੀ ਅਜੀਬ ਸਿੱਖਿਆ।



ਕੋਈ 'ਭਲਾ ਕਹਿ ਦਏ, ਕੋਈ 'ਬੁਰਾ' ਕਹਿ ਦਏ,
ਨੂਰੀ 'ਭਲਾ ਹੀ ਭਲਾ' ਪੁਕਾਰਦਾ ਹੈ।
"ਸੰਧੂ" ਜਿਹੇ ਜੱਟ-ਵਹਿੜ ਤੇ ਅੜਬ ਨੂੰ ਵੀ,
ਸੀਨੇ ਨਾਲ ਲਾ ਕੇ ਡਾਢਾ ਪਿਆਰਦਾ ਹੈ।

ਪਟਵਾਰ ਦੀ ਨੌਕਰੀ ਵਿੱਚ ਜੱਗ-ਜ਼ਹਿਰ ਹੈ ਕਿ ਬੜੇ ਗਹਿਰੇ-ਗੱਫੇ ਮਿਲਦੇ ਹਨ। ਪਰ ਇੱਕ ਸ਼ਾਇਰ ਦੀ ਜ਼ਮੀਰ ਇਹਨਾਂ ਗਹਿਰੇ-ਗੱਫਿਆਂ ਨੂੰ ਕਿਸ ਹੱਦ ਤੱਕ ਹਜ਼ਮ ਕਰ ਸਕਦੀ ਹੈ ? ਸ਼ਇਦ ਇਸੇ ਕਰਕੇ ਨੂਰੀ ਆਪਣੀ ਮਜ਼ਬੂਰ-ਤੰਗ ਦਸਤੀ ਨੂੰ ਵੀ ਬੜੀ ਵਿਅੰਗ-ਮਈ ਢੰਗ ਨਾਲ ਇਉਂ ਪੇਸ਼ ਕਰਦਾ ਹੈ-

ਗਿਣ ਗਿਣ ਮੈਂ ਦਿਨ ਗੁਜ਼ਾਰੇ, ਪਹਿਲੀ ਤਰੀਕ ਤੱਕ।
ਹਰ ਇਕ ਨੂੰ ਲਾਏ ਲਾਰੇ, ਪਹਿਲੀ ਤਰੀਕ ਤੱਕ।
ਪਹਿਲੀ ਤਰੀਕ ਆਈ, ਸਭ ਦਾ ਹਿਸਾਬ ਕਰ ਕੇ,
ਫਿਰ ਫੜ ਲਏ ਹੁਦਾਰੇ, ਪਹਿਲੀ ਤਰੀਕ ਤੱਕ।

"ਗਰੀਬੀ ਗਦਾ ਹਮਾਰੀ" ਦੇ ਮਹਾਂਵਾਕ ਅਨੁਸਾਰ ਗਰੀਬੀ ਨਾਲ ਨੂਰੀ ਨੂੰ ਮੋਹ ਹੈ। ਅੱਜ ਹਰ ਤਰ੍ਹਾਂ ਸਮਰੱਥ ਹੋਣ ਦੇ ਬਾਵਜੂਦ ਵੀ ਉਹ ਆਪਣੇ-ਆਪ ਨੂੰ ਗਰੀਬ (ਨਿਰਧਨ) ਅਖਵਾ ਕੇ ਖੁਸ਼ ਹੁੰਦਾ ਹੈ। ਤੇ ਫਿਰ ਉਸ ਦੀ ਸ਼ੁਕਰ-ਗੁਜ਼ਾਰੀ ਦਾ ਆਲਮ ਵੇਖੋ ਕਿ ਉਹ ਆਪਣੀ ਕਾਰ ਦੇ ਪਿੱਛਲੇ ਸ਼ੀਸ਼ੇ ਤੇ ਮੋਟੇ ਅੱਖਰਾਂ ਵਿੱਚ ਇਹ ਚੌਮਿਸਰਾ ਲਿਖਵਾਈ ਫਿਰਦਾ ਹੈ-

ਹੇ ਜੱਗ ਦੇ ਪ੍ਰਭ ਸਿਰਜਣਹਾਰ॥
ਤੇਰਾ ਨਹੀਂ ਕੋਈ ਪਾਰਾਵਾਰ॥
"ਨੂਰੀ" ਜਿਹੇ ਨਿਰਧਨ ਨੂੰ ਕਾਰ ?
ਇਹ ਭੀ ਦਾਤ ਤੇਰੀ ਦਾਤਾਰ॥

ਅਨੂਪ ਸਿੰਘ 'ਨੂਰੀ' ਨੇ ਨੌਕਰੀ ਵਿੱਚੋਂ ਸੇਵਾ-ਮੁਕਤ ਹੋ ਕੇ ਵੀ ਆਰਾਮ ਨਾਲ ਪੈਨਸ਼ਨ ਖਾ ਕੇ ਸੌਂ ਰਹਿਣਾ ਪਰਵਾਨ ਨਹੀਂ ਕੀਤਾ ਸਗੋਂ ਸਮਾਜ ਅਤੇ ਧਰਮ ਸੇਵਾ ਲਈ 75 ਸਾਲ ਦੀ ਉਮਰ ਵਿੱਚ ਵੀ ਪੂਰੀ ਤਰ੍ਹਾਂ ਸਰਗਰਮ ਹੈ। ਰੀਟਾਇਰਮੈਂਟ ਮਗਰੋਂ ਉਹ ਕਾਫ਼ੀ ਦੇਰ "ਗੁਰਦੁਆਰਾ ਗੰਗਸਰ

ਸੋਢੀਆਂ ਜੀ, ਕਰਤਾਰਪੁਰ" ਵਿਖੇ ਮੈਨੇਜ਼ਰ ਦੇ ਫ਼ਰਜ਼ ਅੰਜਾਮ ਦਿੰਦਾ ਰਿਹਾ ਅਤੇ ਹੁਣ ਕਈ ਸਾਲਾਂ ਤੋਂ "ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਸਾਹਿਬ" ਵਿਖੇ ਮੈਨੇਜ਼ਰ ਦੇ ਤੌਰ ਤੇ ਸੇਵਾ ਕਰ ਰਿਹਾ ਹੈ। ਨੂਰੀ ਮਿੱਠਾ-ਬੋਲੜਾ ਤੇ ਦਿਲ ਦਾ ਸਾਫ ਹੈ, ਉਹ ਮਿਹਨਤੀ ਵੀ ਹੈ ਤੇ ਗੁਰੂ-ਸੇਵਾ ਤੇ ਸਾਹਿਤ ਸੇਵਾ ਨੂੰ ਪ੍ਰਨਾਇਆ ਹੋਇਆ ਵੀ ਹੈ। ਉਹ ਆਪਣੇ ਦਫ਼ਤਰ ਵਿੱਚ ਬੈਠਾ ਮੈਨੇਜ਼ਰੀ ਦੇ ਫ਼ਰਜ਼ ਵੀ ਪੂਰੀ ਤਨ-ਦੇਹੀ ਨਾਲ ਅਦਾ ਕਰਦਾ ਰਹਿੰਦਾ ਹੈ ਤੇ ਕਵਿਤਾ ਵੀ ਲਿਖਦਾ ਰਹਿੰਦਾ ਹੈ। ਇਕ ਵਾਰੀ ਉਸ ਦੇ ਕੁਝ ਵਿਰਧੀਆਂ ਨੇ ਗੁਰਦੁਆਰਾ ਸਾਹਿਬ ਦੇ ਟ੍ਰਸਟ ਦੀ ਪ੍ਰਧਾਨ ਬੀਬੀ ਬਲਵੰਤ ਕੌਰ ਪਾਸ ਸ਼ਕਾਇਤ ਕੀਤੀ ਕਿ ਇਹ ਤਾਂ ਕਵਿਤਾ ਹੀ ਲਿਖਦਾ ਰਹਿੰਦਾ ਹੈ, ਕੰਮ-ਕਾਰ ਕੋਈ ਕਰਦਾ ਨਹੀਂ। ਤਾਂ ਬੀਬੀ ਜੀ ਨੇ ਨੂਰੀ ਦੀ ਨਿਮਰਤਾ, ਧਰਮ ਅਤੇ ਸਹਿਤ ਪ੍ਰਤੀ ਪ੍ਰਤੀ- ਬੱਧਤਾ ਤੋਂ ਪ੍ਰਭਾਵਤ ਹੋ ਕੇ ਕਿਹਾ "ਚੱਲੋਂ ਠੀਕ ਹੈ, ਇਸ ਨੂੰ ਕਵਿਤਾ ਲਿਖਣਾਂ ਦਿਉ, ਤੇ ਇਸ ਨਾਲ ਇੱਕ ਕਾਰਜਕਾਰੀ ਮੈਨੇਜ਼ਰ ਹੋਰ ਲਾ ਦਿਓ।

ਨੂਰੀ ਨਾ ਕੇਵਲ ਹਰ-ਫ਼ਨ-ਮੌਲਾ ਸ਼ਾਇਰ ਹੈ ਸਗੋਂ ਉਸ ਵਿੱਚ ਇੱਕ ਖੂਬੀ ਇਹ ਵੀ ਹੈ ਕਿ ਉਹ ਜਦ ਵੀ ਕਿਸੇ ਸਮਾਗਮ ਜਾਂ ਕਵੀ-ਦਰਬਾਰ ਤੇ ਜਾਂਦਾ ਹੈ ਤਾਂ ਉਹ ਉਸ ਸਮਾਗਮ ਜਾ ਉਸ ਸਮਾਗਮ ਵਿੱਚ ਸਨਮਾਨੀ- ਸਤਿਕਾਰੀ ਜਾ ਰਹੀ ਸ਼ਖਸੀਅਤ ਬਾਰੇ ਕੁਝ ਕਿਸ ਬਾਰੇ ਹੈ ਤਾਂ ਵੀ ਉਹ ਉੱਥੇ ਪਹੁੰਚਕੇ, ਪਤਾ ਕਰਕੇ, ਉਸੇ ਵੇਲੇ ਕੋਈ ਰੁਬਾਈ/ਚੌਮਿਸਰਾ ਵਗੈਰਾ ਲਿਖ ਲੈਂਦਾ ਹੈ ਤੇ ਉਹ ਜ਼ਰੂਰ ਸੁਣਾਉਂਦਾ ਹੈ। ਮੈਂ ਉਸ ਦੇ ਇਸ ਫ਼ਨ ਤੇ ਹੈਰਾਨ ਵੀ ਹੁੰਦਾ ਹਾਂ ਤੇ ਕੁਰਬਾਨ ਵੀ। ਮੁਹੱਬਤ-ਵੱਸ ਲਿਖੀਆ ਕੁਝ ਲਾਈਨਾਂ-

ਵਕਤ ਮੁਤਾਬਕ ਸ਼ਿਅਰ ਲਿਖਣ ਵਿੱਚ,
ਕੋਈ ਨਹੀਂ ਇਸ ਦਾ ਸਾਨੀ॥
'ਨੂਰੀ' ਹੁੰਦਿਆਂ ਵੀ ਇਹ ਸਮਝੇ,
ਖੁਦ ਨੂੰ 'ਖਾਕੀ-ਫ਼ਾਨੀ'॥
ਮਾਨ-ਸਰੋਵਰ ਵਰਗਾ ਨਿਰਮਲ,
ਹਿਰਦਾ ਇਸ ਦਾ 'ਸੰਧੂ'
ਜੁਗਾਂ ਜੁਗਾਂ ਤੱਕ ਖੁਸ਼ੀਆਂ ਮਾਣੇ,
ਇਹ ਮੇਰਾ ਦਿਲ-ਜਾਨੀ॥

ਇਸ ਸੰਧਰਭ ਵਿੱਚ ਮੈਂ ਇੱਕ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ ਜਿਸ



ਨੂੰ ਨੂਰੀ ਕੁਝ ਇਉਂ ਬਿਆਨਦਾ ਹੈ-

"ਇੱਕ ਵਾਰ ਸਕੂਟਰ ਤੇ ਜਾਂਦਿਆ ਸਕੂਟਰ ਦੀ ਕਿੱਕ ਪੈਰ ਵਿੱਚ ਲੱਗ ਗਈ ਤੇ ਉੱਥੋਂ ਲਹੂ ਨਿਕਲਣ ਲੱਗ ਪਿਆ। ਦਿਲ 'ਚ ਆਇਆ ਸਰਕਾਰੀ ਹਸਪਤਾਲ ਨੇੜੇ ਹੀ ਹੈ ਨਾਲੇ ਤਾਂ ਪੱਟੀ ਕਰਵਾ ਲੈਂਦੇ ਹਾਂ ਨਾਲੇ ਟੈਟਨੈਸ ਦਾ ਟੀਕਾ ਲਵਾ ਲੈਂਦੇ ਹਾਂ, ਬੇਧਿਆਨੀ ਵਿੱਚ ਜ਼ਖ਼ਮ ਖ਼ਰਾਬ ਹੀ ਨਾ ਹੋ ਜਾਵੇ। ਹਸਪਤਾਲ ਵਿੱਚ ਜਾ ਕੇ ਜਦੋਂ ਆਪਣੇ ਆਉਣ ਦਾ ਮਕਸਦ ਇੱਕ ਨਰਸ ਨੂੰ ਦੱਸਿਆ ਤਾਂ ਉਹ ਬੀਬੀ ਬੋਲੀ "ਮੱਲ੍ਹਮ ਤਾਂ ਹੈ ਪਰ ਪੱਟੀ ਹੈ ਨਹੀਂ।" ਮੈਂ ਕਿਹਾ, "ਚੱਲ ਤੂੰ ਟੀਕਾ ਹੀ ਲਾ ਦੇ, ਪੱਟੀ ਮੈਂ ਹੋਰ ਕਿਤਿਓ ਕਰਵਾ ਲਊਂ"। ਤਾਂ ਬੀਬੀ ਬੋਲੀ, "ਜੀ ਟੀਕਾ ਤਾਂ ਹੈ ਪਰ ਡਿਸਟਿਲਡ-ਵਾਟਰ (ਟੀਕੇ ਵਾਲਾ ਪਾਣੀ) ਹੈ ਨਹੀਂ।" ਮੈਂ ਪ੍ਰੇਸ਼ਾਨ ਜਿਹਾ ਹੋ ਗਿਆ ਤੇ ਇਸੇ ਪ੍ਰਸ਼ਾਨੀ ਵਿੱਚ ਇੱਕ ਚੌਮਿਸਰਾ ਪੈਦਾ ਹੋ ਗਿਆ। ਸੁਣੋਂ ਤਾਂ ਸੁਣਾਵਾਂ ?

ਮੇਰੇ ਸ਼ਹਿਰ ਦਾ ਹੈ ਇਹ ਹਸਪਤਾਲ ਪਿਆਰੇ,
ਡਿੱਠਾ ਇੱਥੋਂ ਦਾ ਕਿੰਨਾ ਕਾਨੂੰਨ ਵਧੀਆ॥
ਟੀਕਾ ਹੈ ਪਰ ਟੀਕੇ ਦਾ ਪਾਣੀ ਹੈ ਨਹੀਂ,
ਮਿਲਿਆ ਕਵੀ ਨੂੰ ਕਿੰਨਾਂ ਮਜ਼ਮੂਨ ਵਧੀਆ॥
ਮੱਲ੍ਹਮ ਹੈ ਪਰ ਬੰਨ੍ਹਣ ਨੂੰ ਪੱਟੀ ਹੈ ਨਹੀਂ,
ਮਿਲਦਾ ਰੋਗੀ ਨੂੰ ਕਿੰਨਾ ਸਕੂਨ ਵਧੀਆ॥
ਜਿੱਥੇ ਬਿਨਾਂ ਦਵਾਈਓਂ ਮਰੀਜ਼ ਮਰ ਜਾਏ,
'ਨੂਰੀ' ਕਿੰਨੀਂ ਇਸ ਸ਼ਹਿਰ ਦੀ ਜੂਨ ਵਧੀਆ॥

"ਖ਼ੈਰ ਇਹ ਕਵਿਤਾ ਸੁਣਨ ਪਿੱਛੋਂ ਉਸੇ ਹਸਪਤਾਲ ਵਿੱਚੋਂ ਹੀ ਹਰ ਚੀਜ਼ ਮੁਹੱਈਆ ਹੋ ਗਈ।"

ਨੂਰੀ ਇੱਕ ਸਿਦਕਵਾਨ ਗੁਰ-ਸਿੱਖ ਹੈ। ਗੁਰੂ-ਸ਼ਬਦ ਦੇ ਚਰਨੀਂ ਲੱਗ ਕੇ ਉਹ ਸ਼ਬਦ-ਰੂਪ ਹੀ ਹੋ ਗਿਆ ਹੈ। ਉਹਦੇ ਦਿਲ ਵਿੱਚ 'ਤੇਰ-ਮੇਰ' ਜਾਂ 'ਵੈਰ-ਵਿਰੋਧ' ਲਈ ਕੋਈ ਥਾਂ ਹੀ ਨਹੀਂ ਰਹਿ ਗਈ। ਉਹ ਕਹਿੰਦਾ ਹੈ-

ਨਾ ਕੇ ਮੇਰਾ ਦੁਸ਼ਮਣ ਰਹਿਆ,
ਨਾ ਹਮ ਹਾਂ ਕਿਸ ਕੇ ਬੈਰਾਈ।
ਸਤਿਗੁਰ ਦੀ ਕਿਰਪਾ ਦੇ ਸਦਕੇ,
ਸਮਝ ਜਦੋਂ ਇਸ ਬਾਤ ਦੀ ਆਈ॥

ਸਾਰੇ ਮੈਨੂੰ ਸੱਜਣ ਜਾਪਣ,
ਸਾਰੇ ਮੇਰੇ ਹੁਣ ਨੇ ਭਾਈ।
ਹੁਣ ਮੈਂ 'ਨੂਰੀ' ਮੇਰ-ਤੇਰ ਦੀ,
ਉੱਕਾ ਜੜ੍ਹ ਤੋਂ ਅਲਖ ਮੁਕਾਈ॥

ਸ਼ਬਦ ਗੁਰੂ ਰਹਿਮਤਾਂ ਬਾਰੇ ਨੂਰੀ ਕਿੰਨਾ ਸੋਹਣਾ ਲਿਖਦਾ ਹੈ-

ਸ਼ਬਦ ਰੂਪ ਚੰਨ ਤੋਂ ਵੱਧ ਸੀਤਲ,
ਸਾੜ ਮਿਟਾਵੇ ਬਾਣੀ ਦਿਲ ਦੇ॥
ਇਹ ਉਹ ਨੂਰੀ-ਸੋਮਾਂ ਜਿੱਥੇ,
ਸੋਹਣੇ ਕਵੰਲ ਦਿਲਾਂ ਦੇ ਖਿਲਦੇ॥
ਸ਼ੀਸ਼ੇ ਵਾਂਗੂੰ ਨਿਰਮਲ ਹੋ ਕੇ,
ਪਾਪੀ ਸਾਰੇ ਹੋਣ ਪਵਿੱਤਰ,
ਏਸੇ ਮਸਤੀ ਰਾਹੀਂ ਸਾਦਿਕ,
ਨਾਲ ਪ੍ਰਭੂ ਦੇ 'ਨੂਰੀ' ਮਿਲਦੇ॥

ਨੂਰੀ ਪੂਰਨ ਤੌਰ ਤੇ "ਗੁਰੂ ਮਾਨਿਓਂ ਗ੍ਰੰਥ" ਦਾ ਵਿਸ਼ਵਾਸੀ ਹੈ। ਉਹ ਦੇਹ-ਧਾਰੀ ਗੁਰੂਆਂ ਤੇ ਬਾਬਿਆਂ ਬਾਰੇ ਦੋ-ਟੁੱਕ ਫ਼ੈਸਲਾ ਸੁਣਾਉਂਦਿਆ ਜ਼ਰਾ ਨਹੀਂ ਝਿਜਕਦਾ ਤੇ ਕਹਿੰਦਾ ਹੈ-

ਔਹ ਜੋ ਭੋਰੇ ਰਹਿੰਦਾ ਹੈ ਇੱਕ ਭਈਆ,
ਹੱਟੀ ਆਪਣੀ ਵਾਹਵਾ ਚਲਾਈ ਫਿਰਦਾ॥
ਆਪਣੇ-ਆਪ ਨੂੰ ਸਿੱਖ ਆਖਵਾਉਂਣ ਵਾਲੇ,
ਕਈ ਆਪਣੇ ਪਿੱਛੇ ਉਹ ਲਾਈ ਫਿਰਦਾ॥
ਆਉ ਰੱਬ ਨੂੰ ਕਹਿੰਦਾ ਮਿਲਾ ਦਿਆ ਮੈਂ,
ਵਿੱਚ ਕਈ ਵਿਚੋਲੇ ਵੀ ਪਾਈ ਫਿਰਦਾ॥
ਜੋਤਾਂ ਦੂਜੇ ਦੀਆਂ ਕਹਿੰਦਾ ਜਗਾਉਣ ਵਾਲਾ,
ਅੰਦਰੋਂ ਆਪਣੀਆਂ ਲਾਈਟਾਂ ਬੁਝਾਈ ਫਿਰਦਾ॥
'ਬਾਣੀ ਗੁਰੂ ਦੀ ਸਿੱਖ ਦਾ ਗੁਰੂ ਅਸਲੀ,
ਗੁਰੂ-ਸ਼ਬਦ ਵਿਚਾਰਨਾ ਚਾਹੀਦਾ ਹੈ॥



ਹੋਰ ਜਿਹੜਾ ਵੀ ਆਖਦਾ, "ਗੁਰੂ ਹਾਂ ਮੈਂ",
ਉਹਦੇ ਤਾਈਂ ਦੁਰਕਾਰਨਾ ਚਾਹੀਦਾ ਹੈ।

ਪਰ ਸ਼ਬਦ- ਗੁਰੂ ਨਾਲ ਜੁੜਨ ਵਾਸਤੇ ਸ਼ਬਦ ਦੀ ਸੋਝੀ ਹੋਣੀ ਅਤੀ-ਅਵੱਸ਼ਿਅਕ ਹੈ। ਸ਼ਬਦ ਨੂੰ ਕੇਵਲ ਮੰਤਰ ਦੇ ਤੌਰ ਤੇ ਗ੍ਰਹਿਣ ਨਹੀਂ ਕਰਨਾ ਚਾਹੀਦਾ ਸਗੋਂ ਉਸ ਦੇ ਅਰਥ/ ਭਾਵ-ਅਰਥ ਦਾ ਗਿਆਨ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਉਸਦੇ ਅਨੁਸਾਰੀ ਬਣਾਕੇ ਜਿਊਣਾ ਹੀ ਅਸਲੀ ਗੁਰ-ਸਿੱਖੀ ਹੈ। ਇਸੇ ਲਈ ਹੀ ਨੂਰੀ ਕਹਿੰਦਾ ਹੈ-

ਸ਼ਬਦ-ਗੁਰੂ ਨਾਲ ਜੁੜਨ ਲਈ ਲਾਜ਼ਮੀ ਹੈ,
ਹਰ ਇੱਕ ਸ਼ਬਦ ਦਾ ਸਾਨੂੰ ਗਿਆਨ ਹੋਵੇ॥
ਤੁੱਕ-ਤੁੱਕ ਦੇ ਅਰਥਾਂ ਦਾ ਪਤਾ ਹੋਵੇ,
ਭਾਵ-ਅਰਥ ਦੀ ਠੀਕ ਪਹਿਚਾਨ ਹੋਵੇ॥
ਭੇਦ ਕਵਿਤਾ ਦੇ ਜਾਨਣ ਦਾ ਚਾਅ ਹੋਵੇ,
ਅਲੰਕਾਰਾਂ ਦੀ ਸੂਝ-ਸਿਆਨ ਹੋਵੇ॥
ਧਰਮ-ਵਿੱਦਿਆ, ਸਿੱਖੀ-ਵਿਚਾਰਧਾਰਾ,
ਇਹਨਾਂ ਗੱਲਾਂ 'ਚ ਬੰਦਾ ਵਿਦਵਾਨ ਹੋਵੇ॥
ਏਹੋ ਜਿਹਾ ਈ ਸੁਘੜ-ਸੁਜਾਨ ਬੰਦਾ,
ਹੱਕ-ਸੱਚ ਨੂੰ 'ਨੂਰੀ' ਨਿਤਾਰ ਸਕਦੈ॥
ਗੁਰੂ ਸ਼ਬਦ ਦੀ ਸਦਾ ਵਿਚਾਰ ਕਰਕੇ,
ਭੇਖੀ-ਦੰਭੀਆਂ ਤਾਈਂ ਦੁਰਕਾਰ ਸਕਦੈ॥

ਇਸੇ ਮਨਸ਼ੇ ਨੂੰ ਹੀ ਮੱਦੇ-ਨਜ਼ਰ ਰੱਖਦਿਆਂ ਹੋਇਆ ਨੂਰੀ ਨੇ ਗੁਰ-ਬਾਣੀ ਦੇ ਸਰਲ-ਅਰਥ ਕੀਤੇ ਹਨ ਤੇ ਉਹ ਵੀ ਕਵਿਤਾ ਵਿੱਚ ਕਿਹਾ ਨਹੀਂ ਜਾਂਦਾ ਸਗੋਂ ਇਹ ਸੱਚ ਵੀ ਹੈ ਕਿ ਕਵਿਤਾ ਦਾ ਕਵਿਤਾ ਵਿੱਚ ਤਰਜੁਮਾ ਕਰਨਾ ਇੱਕ ਅੱਤ-ਕਠਿਨ ਕਾਰਜ ਹੈ ਪਰ ਨੂਰੀ ਨੇ ਇਲਾਹੀ ਬਾਣੀ (ਗੁਰਬਾਣੀ) ਦਾ ਵੀ ਕਵਿਤਾ ਵਿੱਚ ਤਰਜੁਮਾ ਕਰਕੇ ਕਈ ਕਿਤਾਬਾਂ ਲਿਖ ਕੇ ਛਪਵਾ ਛੱਡੀਆਂ ਹਨ। ਜਿਵੇ ਕਿ- "ਜਪੁਜੀ ਦਾ ਨੂਰ", "ਸੁਖਮਣੀ ਸਾਹਿਬ ਦਾ ਨੂਰ", "ਬਾਰਾਂ-ਮਾਹ ਦਾ ਨੂਰ", "ਨੂਰ ਦਾ ਕੁੰਡ" (ਭਗਤ ਰਵੀਦਾਸ ਜੀ ਦੀ ਬਾਣੀ ਦਾ ਤਰਜੁਮਾ) ਅਤੇ "ਹੁਕਮਨਾਮੇ ਸ਼੍ਰੀ ਦਰਬਾਰ ਸਾਹਿਬ" ਆਦਿ। ਤੇ ਪੰਜ ਬਾਣੀਆਂ ਜਿਸ

ਵਿੱਚ ਜਾਪ ਸਾਹਿਬ ਸੱਵੀਏ ਚੋਪਈ ਸਾਹਿਬ ਹਾਲਾਂਕਿ ਜਾਪ ਸਾਹਿਬ ਦਾ ਅਨੁਵਾਦ ਅੱਜ ਤਕ ਕਿਸੇ ਨੇ ਕਵਿਤਾ ਵਿੱਚ ਨਹੀਂ ਕੀਤਾ। ਇੱਥੇ ਮੈਂ ਗੁਰਬਾਣੀ ਨੂੰ ਕਵਿਤਾ ਵਿੱਚ ਉਲਥਾਉਣ ਦੀ ਇੱਕ ਮਿਸਾਲ ਦੇਣਾ ਚਾਹਾਂਗਾ। ਬਾਬਾ ਫ਼ਰੀਦ ਜੀ ਦਾ ਇੱਕ ਸਲੋਕ ਹੈ-

ਗ਼ੋਰ ਨਿਮਾਨੀ ਸਦ ਕਰੇ, ਨਿਘਰਿਆ ਘਰ ਆਉ।
ਸਰਪਰ ਮੈਥੇ ਆਵਣਾ, ਮੈਥੇ ਨ ਡਰਿਆਊ॥

(ਇਸ ਦਾ ਤਰਜੁਮਾ ਕਵਿਤਾ ਵਿੱਚ ਨੂਰੀ ਇਵੇਂ ਕਰਦਾ ਹੈ)

ਵਾਜਾਂ ਮਾਰਦੀ ਕਬਰ ਨੂੰ ਤੁਸੀਂ ਸੁਣਿਆਂ,
ਬੇਘਰ ਬੰਦਿਆਂ! ਮੋੜ ਮੁਹਾਰ ਏਧਰ॥
ਅਸਲੀ ਘਰ ਇਹ ਏਥੇ ਤੈਂ ਅੰਤ ਆਉਣਾਂ,
ਮੈਥੋਂ ਡਰ ਨਾ, ਆ ਮੇਰੇ ਯਾਰ ਏਧਰ॥

ਨੂਰੀ ਪੁਰਾਤਨ-ਕਾਲ ਦੀ ਗੱਲ ਕਰਦਾ ਕਈ ਵਾਰ ਉਸ ਸਮੇਂ ਦੀ ਤੁੱਲਣਾ ਅੱਜ ਦੇ ਜ਼ਮਾਨੇ ਨਾਲ ਕਰ ਜਾਂਦਾ ਹੈ ਤਾਂ ਬੜਾ ਹੀ ਦਿਲ-ਚਪਸ ਵਿਅੰਗ ਸਿਰਜ ਦਿੰਦਾ ਹੈ। ਮਹਾਰਾਜਾ ਰਣਜੀਤ ਸਿੰਘ ਬਾਰੇ ਨਜ਼ਮ ਲਿਖਦਿਆਂ ਉਹ ਅੱਜ ਦੇ 'ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ' ਦੇਣ ਦੇ ਦਾਅਵੇਦਾਰਾਂ ਦੀ ਗੱਲ ਛੇੜ ਬੈਠਦਾ ਹੈ ਤਾਂ ਵੇਖੋ ਕਿਵੇਂ ਰੰਗ ਬੰਨ੍ਹਦਾ ਹੈ-

'ਸ਼ੇਰੇ-ਪੰਜਾਬ ਰਾਜਾ, ਤੇਰੇ ਰਾਜ ਅੰਦਰ,
ਰਾਸ਼ਨ-ਕਾਰਡ ਉੱਤੇ ਮਿਲਦੀ ਖੰਡ ਨ ਸੀ।
ਮਿਲਦਾ ਸੀਮੈਂਟ ਨਾ ਹੈ ਸੀ ਬਲੈਕ ਅੰਦਰ,
ਜੰਤਾਂ ਵਿੱਚ ਹੁੰਦੀ ਕਾਣੀ-ਵੰਡ ਨਾ ਸੀ।
'ਮਾਰੇ ਗਏ, ਮਹਿੰਗਾਈ ਨੇ ਮਾਰ ਦਿੱਤਾ॥"
ਪਰਜਾ ਵਿੱਚ ਏਦਾਂ ਪੈਂਦੀ ਡੰਡ ਨ ਸੀ,
ਟੈਕਸ ਨਵੇਂ ਤੋਂ ਨਵੇਂ ਲਗਾਉਣ ਖਾਤਿਰ।
ਰਚੇ ਜਾਂਦੇ ਨਿਤ ਨਵੇਂ ਪਰਚੰਡ ਨ ਸੀ।
ਸ਼ੇਰੇ ਪੰਜਾਬ ਰਾਜਾ ਤੇਰੇ ਰਾਜ ਅੰਦਰ,
ਬਲਾਤਕਾਰ ਨਾ ਸੀ, ਰਿਸ਼ਵਤਖੋਰ ਨਾ ਸੀ।



ਨੀਅਤ ਸਾਫ ਸੀ ਰਾਜ-ਦਰਬਾਰੀਆਂ ਦੀ,
ਇੱਕ ਵੀ ਤੇਰੇ ਦਰਬਾਰ ਵਿੱਚ ਚੋਰ ਨਾ ਸੀ।

ਅਤੇ ਫਿਰ ਕਹਿੰਦਾ ਹੈ-

ਹੁਣ ਤੂੰ ਆ ਜ਼ਰਾ ਵੇਖ ਪੰਜਾਬ ਆਪਣਾ,
ਜਿਸ ਦੇ ਪਰ ਹੈ ਨਹੀਂ, ਸਾਬਤ ਅੰਗ ਕੋਈ ਨਹੀਂ।
ਪੰਜਾਬ ਰਾਜ ਦੀ ਇਸ ਸਰਕਾਰ ਪਾਸੋਂ,
ਪੂਰੀ ਹੁੰਦੀ ਮੁਹਤਾਜਾਂ ਦੀ ਮੰਗ ਕੋਈ ਨਹੀਂ।
ਰਿਸ਼ਵਤਖ਼ੋਰ ਬਲੈਕੀਏ ਲਾਲ ਸੂਹੇ,
ਕਿਰਤੀ-ਕਾਮਿਆਂ ਦੇ ਚਿਹਰੀਂ ਰੰਗ ਕੋਈ ਨਹੀਂ।
ਹਾਲਤ ਵੇਖ ਮਜ਼ਦੂਰਾਂ ਦੀ ਤਰਸ ਆਉਂਦਾ,
ਬਿੰਨਾਂ ਫਾਕਿਆਂ ਤੋਂ ਟੱਪਦਾ ਡੰਗ ਕੋਈ ਨਹੀਂ।
ਪੜ੍ਹਕੇ ਤੇਰਾ ਇਤਿਹਾਸ ਪੰਜਾਬ ਦਾ ਹੁਣ,
ਗੱਲਾਂ ਗੁਜ਼ਰੀਆਂ-ਬੀਤੀਆਂ ਸੋਚਦੇ ਹਾਂ॥
ਇਸ ਪੰਜਾਬ ਤੇ ਫੇਰ ਬਸੰਤ ਆ ਜਏ,
'ਨੂਰੀ' ਸ਼ੇਰੇ-ਪੰਜਾਬ ਨੂੰ ਲੋਚਦੇ ਹਾਂ।

ਅਨੂਪ ਸਿੰਘ 'ਨੂਰੀ' ਸਾਰੀ ਉਮਰ ਹਰ ਲੋਭ-ਲਾਲਚ ਤੋਂ ਡਰ- ਭੈ ਤੋਂ, ਕਿਸੇ ਦੀ ਧੌਂਸ ਤੋਂ ਤੇ ਨਫੇ-ਨੁਕਸਾਨ ਤੋਂ ਬੇਨਿਆਜ਼ ਰਿਹਾ ਹੈ। ਜਦੋਂ ਉਹ ਇੱਕ ਸ਼ਾਇਰ ਦੀ ਡੈਫੀਨੇਸ਼ਨ ਪੇਸ਼ ਕਰਦਾ ਹੈ ਤਾਂ ਤਕਰੀਬਨ ਆਪਣਾ ਹੀ ਰੰਗ-ਢੰਗ ਬਿਆਨ ਕਰ ਰਿਹਾ ਹੁੰਦਾ ਹੈ। ਉਹ ਲਿਖਦਾ ਹੈ-

ਜਿਹੜੀ ਬਾਤ ਦਾ ਹੋਵੇ ਇੱਕਠ ਹੋਇਆ,
ਓਸ ਬਾਤ ਤੇ ਬੋਲੇ ਤਾਂ ਸ਼ਾਇਰ ਹੈ ਉਹ,
ਆਪਣੇ ਸ਼ਿਅਰਾਂ ਨੂੰ ਸੋਚ ਦੀ ਤੱਕੜੀ ਤੇ,
ਪੂਰਾ ਪੂਰਾ ਜੇ ਤੋਲੇ ਤਾਂ ਸ਼ਾਇਰ ਹੈ ਉਹ।
ਹਰ ਇਕ ਬਾਤ ਦਾ ਨਫ਼ਾ-ਨੁਕਸਾਨ ਦੱਸ ਕੇ,
ਬਾਤ ਰਮਜ਼ ਦੀ ਖੋਲ੍ਹੇ ਤਾਂ ਸ਼ਾਇਰ ਹੈ ਉਹ।
ਦੁਨਿਆਂ ਮਾਇਆ ਦੀ ਦੌੜ ਵਿੱਚ ਭੱਜ ਰਹੀ ਹੈ,

ਮਾਇਆ ਵੇਖ ਨਾ ਡੋਲੇ ਤਾਂ ਸ਼ਾਇਰ ਹੈ ਉਹ।
ਐਸਾ ਮੈਨੂੰ ਤਾਂ ਕੋਈ ਨਹੀਂ ਨਜ਼ਰ ਆਉਂਦਾ ਹੈ,
ਮਾਇਆ ਵੱਲੋਂ ਜਿਹੜਾ ਬੇ-ਪਰਵਾਹ ਹੋਵੇ।
ਹੱਕ-ਸੱਚ ਤੇ ਰੱਖੇ ਯਕੀਨ ਜਿਹੜਾ,
ਸ਼ਾਇਰੀ ਨਾਲ 'ਨੂਰੀ' ਜਿਸ ਦਾ ਵਾਹ ਹੋਵੇ।

**ਅਮਰਜੀਤ ਸਿੰਘ "ਸੰਧੂ"**
421-ਦਕੋਹਾ (ਜਲੰਧਰ)-144023,
ਪੰਜਾਬ (ਭਾਰਤ)
ਮੋਬਾ: 94636-13528,
ਫੋਨ: 0181-6521106



## ਅਨੂਪ ਸਿੰਘ 'ਨੂਰੀ'

## ਗ਼ਜ਼ਲ

ਮਫਊਲ ਫਾਇਲਾਤ ਮਫਊਲ ਫਾਇਲਾਤ

ਹਰ ਆਦਮੀ ਹੀ ਮਰਦਾ ਹੈ ਸ਼ੋਹਰਰਤ ਦੇ ਵਾਸਤੇ।
ਮੇਰੀ ਇਹ ਜ਼ਿੰਦਗੀ ਹੈ ਮਹੱਬਤ ਦੇ ਵਾਸਤੇ।

ਦੁਨੀਆਂ 'ਚ ਹੋਰ ਕੌਣ ਹੈ ਮੇਰਾ ਹੀ ਹੌਸਲਾ,
ਹਾਜ਼ਰ ਹੈ ਦਿਲ ਤੇ ਜਾਨ ਹਰ ਆਫਤ ਦੇ ਵਾਸਤੇ।

ਜੱਗ ਵਿੱਚ ਗੁਨਾਹੀ ਪਿਆਰ ਦਾ ਇੱਕ ਮੈਂ ਹੀ ਰਹਿ ਗਿਆ,
ਮੌਤੇ ਤੂੰ ਮੈਨੂੰ ਰਹਿਣ ਦੇ ਇਬਰਤ ਦੇ ਵਾਸਤੇ।

ਇਹ ਮੈਨੂੰ ਨ ਪਤਾ ਸੀ ਕਿ ਮੇਰਾ ਗਰੀਬ ਦਿਲ,
ਲੁਕਮਾਂ ਬਣੂਗਾ ਹਰ ਨਵੀਂ ਆਫਤ ਦੇ ਵਾਸਤੇ।

ਜਦ ਮੈਂ ਕਿਹਾ ਕਿ ਪਿਆਰ ਤਾਂ ਪਿਆਰੇ ਦੀ ਸ਼ਾਨ ਹੈ,
ਬੋਲੇ ਇਹ ਠੀਕ ਹੈ ਸ਼ੋਹਰਤ ਦੇ ਵਾਸਤੇ।

ਪੰਡਤ ਤੇ ਸ਼ੈਖ ਠੇਕੇ ਚੋਂ ਦੋਂ ਵੇਂ ਫੜੇ ਗਏ,
ਉੱਥੇ ਗਏ ਸੀ ਅਜ ਉਹ ਇਬਾਦਤ ਦੇ ਵਾਸਤੇ।

ਮੈਨੂੰ ਸਤਾਉਂਣ ਬਾਜ਼ ਨਾ ਆਏ ਉਹ ਫੇਰ ਵੀ,
ਪਾਉਂਦਾ ਰਿਹਾ ਹਜ਼ਾਰ ਮੈਂ ਹਸਰਤ ਦੇ ਵਾਸਤੇ।

ਉਹ ਦਿਨ ਵੀ ਗੁਜ਼ਰੇ ਨੇ ਕਿ ਮੈਂ ਲਿਖਦਾ ਸੀ ਸ਼ੁਗਲ ਵਿੱਚ,
ਨੂਰੀ ਦਾ ਹੁਣ ਤਾਂ ਸ਼ੁਗਲ ਹੈ ਆਦਤ ਦੇ ਵਾਸਤੇ।

*******

# ਧੰਨ ਧੰਨ ਗੁਰੂ ਰਾਮ ਦਾਸ ਜੀ

ਜਗਤ ਦਾ ਸਿਰਤਾਜ ਤੂੰ ਸੁਲਤਾਨ ਸੋਢੀ ਪਾਤਸ਼ਾਹ।
ਸੱਚ ਦੇ ਤੂੰ ਨੂਰ ਦੀ ਏਂ ਸ਼ਾਨ ਸੋਢੀ ਪਾਤਸ਼ਾਹ।
ਤੇਰੇ ਦਰ ਤੋਂ ਕੋਈ ਸਵਾਲੀ, ਗਿਆ ਨ ਖਾਲੀ ਕਦੇ।
ਅਰਜ਼ ਸਭ ਦੀ ਤੂੰ ਕਰੇਂ ਪਰਵਾਨ ਸੋਢੀ ਪਾਤਸ਼ਾਹ।

ਹਰਿ ਮੰਦਰ ਹੈ, ਹਰੀ ਦਾ ਮੰਦਰ,
ਉਤਮ ਥਾਨ ਇਹ ਅੰਮ੍ਰਿਤਸਰ ਦਾ।
ਦਰਸ਼ਨ ਤੇ ਇਸ਼ਨਾਨ ਇਹਦੇ ਲਈ,
ਹਰ ਸਿੱਖ ਨਿੱਤ ਅਰਦਾਸ ਹੈ ਕਰਦਾ।
ਇਹ ਸਾਡਾ ਹੈ ਅਠਸਠ ਤੀਰਥ,
ਜੋ ਸਾਡੇ ਹਰ ਦੁੱਖੜੇ ਹਰ ਦਾ।
ਭਵ ਸਾਗਰ ਦਾ ਇਹ ਬੋਹਿਥ ਹੈ,
ਇਸ ਰਾਹੀ ਹਰ ਪ੍ਰਾਣੀ ਤਰਦਾ।
ਭਾਗਾਂ ਵਾਲਾ ਉਹ ਬਣ ਜਣਦਾ,
ਹੋ ਜਾਂਦਾ ਜੋ ਇਸ ਦੇ ਦਰ ਦਾ।
ਜੋ ਇਸ ਦਾ ਸਤਿਕਾਰ ਨਹੀਂ ਕਰਦਾ,
ਭੈੜੀ ਮੌਤੇ ਉਹ ਹੈ ਮਰਦਾ।

ਸੁਲਹੀ ਖਾਨ ਜਦ ਪ੍ਰਿਥੀਏ ਦੇ ਸਦਣੇਂ ਤੇ,
ਏਸ ਦਰ ਵਲ ਹੋ ਕੇ ਤਿਆਰ ਤੁਰਿਆ।
ਮਨ ਵਿੱਚ ਧਾਰ ਕੇ ਹਉਮੈਂ ਹੰਕਾਰ ਸ਼ੋਹਦਾ,
ਹੋ ਕੇ ਘੋੜੇ ਤੇ ਉਹ ਅਸਵਾਰ ਤੁਰਿਆ।
ਅਚਨ ਚੇਤ ਕਿਸੇ ਸ਼ੈ ਤੋ ਤਰਬਕ ਘੋੜਾ,
ਬਲਦੇ ਭੱਠੇ ਵਿੱਚ ਹੋ ਲਾਚਾਰ ਤੁਰਿਆ।
ਘੋੜੇ ਸਣੇ ਹੀ ਸੁਲਹੀ ਦੀ ਮੌਤ ਹੋ ਗਈ,
ਬਾਜ਼ੀ ਜ਼ਿੰਦਗੀ ਦੀ ਮੂਰਖ ਹਾਰ ਤੁਰਿਆ।



ਜ਼ਰੇ-ਜ਼ਰੇ ਵਿੱਚ ਇਹਦੇ ਕਮਾਲ ਸ਼ਕਤੀ,
ਹਾਮੀਂ ਐਵੇ ਨਹੀਂ ਇਹਦੀ ਸੰਸਾਰ ਭਰਦਾ।
ਏਸ ਦਰ ਦਾ ਜੋ ਨਹੀਂ ਸਤਿਕਾਰ ਕਰਦਾ,
ਜਗ ਜਾਣਦਾ ਉਹ ਭੈੜੀ ਮੌਤ ਮਰਦਾ।

ਮੱਸੇ ਰੰਗੜ ਨੇ ਏਸ ਅਸਥਾਂਨ ਉਤੇ,
ਬੱਦ ਫੈਲੀਆਂ ਕੀਤੀਆਂ ਭਾਰੀਆਂ ਜੱਦ।
ਏਥੇ ਬੈਠ ਕੇ ਉਹਨੇ ਸ਼ਰਾਬ ਪੀਤੀ,
ਨੱਚਣ ਲਾਈਆਂ ਕਈ ਇਥੇ ਨਚਾਰੀਆ ਜੱਦ।
ਟੰਗ ਕੇ ਸ਼ਰਮ ਹਯਾ ਨੂੰ ਓਸ ਛਿੱਕੇ,
ਰਾਤਾਂ ਮਸਤੀਆਂ ਵਿੱਚ ਗੁਜ਼ਾਰੀਆਂ ਜੱਦ।
ਸੁਣ ਬਾਤਾਂ ਇਹ ਸਿੰਘਾਂ ਸੂਰਿਆਂ ਨੇ,
ਉਹਨੂੰ ਸੋਧਣੇ ਦੀਆਂ ਨੀਅਤਾਂ ਧਾਰੀਆ ਜੱਦ।
ਵੱਢ ਕੇ ਸਿਰ ਉਹਦਾ ਨੇਜ਼ੇ ਤੇ ਟੰਗ ਲੈ ਗਏ,
ਨੇੜੇ ਇਹਨਾਂ ਦੇ ਕੋਈ ਨਾ ਆਇਆ ਡਰਦਾ।
ਏਸ ਦਰ ਜੋ ਨਹੀਂ ਸਤਿਕਾਰ ਕਰਦਾ,
ਜੱਗ ਜਾਣਦਾ ਉਹ ਭੈੜੀ ਮੌਤ ਮਰਦਾ।

ਅਬਦਾਲੀ ਧਾੜਵੀ ਨੇ ਵੱਡਾ ਜ਼ੁਲਮ ਕਰਕੇ,
ਏਸ ਸੱਰ ਨੂੰ ਪੂਰਨਾ ਧਾਰਿਆ ਜੱਦ।
ਬੱਚੇ, ਬੁੱਢੇ, ਬੇਬਸ ਤਾਰੀਮਤਾਂ ਨੂੰ,
ਉਹਨੇ ਕੋਹ-ਕੋਹ ਏਸ ਦਰ ਮਾਰਿਆ ਜੱਦ।
ਹਰਿਮੰਦਰ ਵੱਲੋਂ ਸਿਧੀ ਇਕ ਇੱਟ ਆਈ,
ਉਹਦੇ ਨੱਕ ਵਾਲਾ ਬੁੱਤਾ ਸਾਰਿਆ ਜੱਦ।
ਉਹਦੇ ਨੱਕ ਤੇ ਉਹਨੇ ਨਾਸੂਰ ਬਣਕੇ,
ਉਹਨੂੰ ਮੌਤ ਵਾਲੇ ਬੇੜੇ ਚਾੜਿਆ ਜੱਦ।
ਉਹਦੇ ਜ਼ੁਲਮ ਦੀ ਉਹਨੂੰ ਸਜ਼ਾ ਮਿਲ ਗਈ,
ਤੜਪ-ਤੜਪ ਮਰਿਆ ਹਾਏ-ਹਾਏ ਕਰਦਾ।
ਏਸ ਦਰ ਦਾ ਜੋ ਨਹੀਂ ਸਤਿਕਾਰ ਕਰਦਾ,
ਜੱਗ ਜਾਣਦਾ ਉਹ ਭੈੜੀ ਮੌਤ ਮਰਦਾ।

ਜਾਬਰ ਦਿੱਲੀ ਨੇ ਵੱਡੀ ਇਕ ਭੁੱਲ ਕਰਕੇ,
ਫੋਜਾਂ ਆਪਣੀਆ ਏਸ ਦਰ ਚਾੜ੍ਹੀਆਂ ਜੱਦ।
ਦਿੱਤਾ ਤਖਤ ਅਕਾਲ ਨੂੰ ਕਰ ਢੇਰੀ,
ਫੋਜਾਂ ਏਸ ਦਰ ਦੇ ਅੰਦਰ ਵਾੜ੍ਹੀਆਂ ਜੱਦ।
ਤੋਸ਼ੇ ਖਾਨੇ ਦੀਆਂ ਕਈ ਨਾਯਾਬ ਵਸਤਾ,
ਬੰਬਾ ਗੋਲੀਆਂ ਮਾਰ ਕੇ ਸਾੜੀਆਂ ਜੱਦ।
ਬੱਚੇ, ਬੱਢੇ, ਜਵਾਨ ਕਈ ਗਏ ਮਾਰੇ,
ਧਾਰਮਿਕ ਪੁਸਤਕਾਂ ਜਾਣਕੇ ਪਾੜੀਆ ਜੱਦ।
ਕਿਵੇ ਮਿਲੀ ਸਜ਼ਾ ਸੀ ਪਾਪੀਆਂ ਨੂੰ,
ਸੱਚੀ ਬਾਤ ਦਾ ਨੂਰੀ ਇਜ਼ਹਾਰ ਕਰਦਾ।
ਏਸ ਦਰਦਾ ਜੋ ਨਹੀਂ ਸਤਿਕਾਰ ਕਰਦਾ,
ਜੱਗ ਜਾਣਦਾ ਉਹ ਭੈੜੀ ਮੌਤ ਮਰਦਾ।

********



## ਸ਼ਹੀਦ ਭਾਈ ਤਾਰੂ ਸਿੰਘ ਜੀ

**ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ,**
**ਖੋਪਰ ਆਪਣੇ ਭਾਵੇਂ ਲਹਾ ਦੇਈਏ।**

1.

ਗੁਰਸਿੱਖੀ ਦੇ ਵਿਰਸੇ ਨੂੰ ਯਾਦ ਕਰਕੇ,
ਆਉ ਆਪਣਾ ਫਰਜ਼ ਨਿਭਾ ਦੇਈਏ।
ਖ਼ੂਨ ਭਿੱਜਾ ਜੋ ਸਿੱਖੀ ਇਤਹਾਸ ਸਾਡਾ,
ਗਾਥਾ ਏਸਦੀ ਖੋਹਲ ਸੁਣਾ ਦੇਈਏ।
ਗੁਰੂ ਨਾਨਕ ਜੋ ਸਿੱਖੀ ਦਾ ਲਾਇਆ ਬੂਟਾ,
ਵਧਿਆ ਫੁਲਿਆ ਕਿਵੇਂ ਵਿਖਾ ਦੇਈਏ।
ਸਿੱਖੀ ਸ਼ਾਨ ਲਈ ਜਿਹੜੇ ਸ਼ਹੀਦ ਹੋ ਗਏ,
ਸ਼ੀਸ਼ ਉਹਨਾ ਨੂੰ ਆਉ ਝੁੱਕਾ ਦੇਈਏ।
ਕਲਗੀਧਰ ਜੋ ਪਰਖ ਕੇ ਹੁਕਮ ਕੀਤਾ,
ਤਨੋ ਮਨੋ ਉਹ ਹੁਕਮ ਬਜਾ ਦੇਈਏ।
ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ,
ਖੋਪਰ ਆਪਣੇ ਭਾਵੇਂ ਲਹਾ ਦੇਈਏ।

2.

ਮੋਹਰ ਕੇਸਾਂ ਦੀ ਬਖਸ਼ੀ ਜੋ ਪਾਤਸ਼ਾਹ ਨੇ,
ਇਸਦੇ ਨਾਲ ਹੀ ਹੈ ਸਾਡੀ ਸ਼ਾਨ ਕਾਇਮ।
ਕੇਸਾਂ ਨਾਲ ਹੀ ਅਸਾਂ ਨੇ ਰੱਖਣੀ ਹੈ,
ਕੰਘਾ, ਕੜਾ, ਕਛੈਹਰਾ, ਕਿਰਪਾਨ ਕਾਇਮ।
ਇਹਨਾਂ ਨਾਲ ਹੀ ਲੱਖਾਂ ਚੋਂ ਹੋਏ ਪਿਆਰੇ,
ਸਾਧ ਸੰਗਤ ਜੀ ਸਾਡੀ ਪਛਾਣ ਕਾਇਮ।
ਕੇਸਾਂ ਵਾਲਿਆਂ ਹੀ ਸਮਝੋ ਰੱਖਿਆ ਹੈ,
ਜਿੱਥੇ ਰਹਿੰਦੇ ਹਾਂ ਇਹ ਹਿੰਦੋਸਤਾਨ ਕਾਇਮ।

ਕੱਲਾ ਕੱਲਾ ਸਿੰਘ ਸੈਆਂ ਤੇ ਰਿਹਾ ਭਾਰੂ,
ਆਉ ਬਾਤ ਇਹ ਚੇਤੇ ਕਰਵਾ ਦੇਈਏ।
ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ,
ਖੋਪਰ ਆਪਣੇ ਭਾਵੇਂ ਲਹਾ ਦੇਈਏ।

3.

ਦਿੱਲੀ ਦੱਖਣ ਦੇ ਹਾਕਮਾਂ ਵਾਹ ਲਾ ਲਈ,
ਸਿੰਘ ਸੂਰਮੇਂ ਕਦੇ ਦਬਾਏ ਨਾ ਗਏ।
ਮੰਨੂੰ ਵਰਗਿਆਂ ਬੱਚਿਆਂ ਤੀਰ ਮਾਰੇ,
ਜੜ੍ਹਾਂ ਵਢੀਆਂ ਤਾਂ ਵੀ ਮੁਕਾਏ ਨਾ ਗਏ।
ਅਹਿਮਦ ਸ਼ਾਹ ਅਬਦਾਲੀ ਕਈ ਵਾਰ ਆਕੇ,
ਪੂਰਾ ਜ਼ੋਰ ਲਾਇਆ ਪਰ ਇਹ ਢਾਏ ਨਾ ਗਏ।
ਅੱਜ ਤੱਕ ਸਿੰਘਾਂ ਨਾ ਕਿਸੇ ਦੀ ਈਨ ਮੰਨੀ,
ਇਹ ਦਬਕਾਏ ਨਾ ਗਏ ਇਹ ਸਮਝਾਏ ਨਾ ਗਏ।
ਆਓ ਇਹਨਾਂ ਦੀ ਏਸ ਮਰਦਾਨਗੀ ਤੇ,
ਉੱਚੀ ਇਕ ਜੈਕਾਰਾ ਗਜਾ ਦੇਈਏ।
ਕੇਸ ਆਪਣੇ ਅਸੀ ਨਹੀ ਲਹਿਣ ਦੇਣੇ,
ਖੋਪਰ ਆਪਣੇ ਭਾਵੇਂ ਲਹਾ ਦੇਈਏ।

4.

ਤਰਨ ਤਾਰਨ ਜਿਲ੍ਹੇ ਤਹਿਸੀਲ ਦੀ ਪੱਟੀ ਅੰਦਰ,
ਪੂਹਲਾ ਨਾਮ ਦਾ ਜੋ ਗਰਾਮ ਹੈਸੀ।
ਉਸ ਨਗਰ ਦਾ ਇਕ ਸਰਦਾਰ ਬਾਂਕਾ,
ਤਾਰੂ ਸਿੰਘ ਜਿਸਦਾ ਨਾਮ ਹੈਸੀ।
ਆਏ ਗਏ ਦੀ ਸੇਵਾ ਦਾ ਚਾਅ ਉਹਨੂੰ,
ਨਾਮ ਸਿਮਰਦਾ ਸੁਬ੍ਹਾ ਤੇ ਸ਼ਾਮ ਹੈਸੀ।
ਸਿੱਖ ਸੇਵਕਾਂ ਦੀ ਸੇਵਾ ਕਰਨ ਬੱਦਲੇ,
ਸਿੱਖ ਜਗਤ ਵਿੱਚ ਉਹਦਾ ਮਕਾਮ ਹੈਸੀ।



ਪੰਥ ਸੇਵਕ, ਭਜਨੀਕ ਉਹ ਸਦਾ ਕਹਿੰਦਾ,
ਖਾਤਰ ਧਰਮ ਦੇ ਜ਼ਿੰਦਗੀ ਲਾ ਦੇਈਏ।
ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ,
ਖੋਪਰ ਆਪਣੇ ਭਾਵੇਂ ਲਹਾ ਦੇਈਏ।

5.

ਜ਼ਕਰੀਆ ਖ਼ਾਨ ਜੋ ਹਾਕਮ ਲਾਹੌਰ ਦਾ ਸੀ,
ਜ਼ੁਲਮ ਉਸ ਹੈਸਨ ਬੇ-ਸ਼ੁਮਾਰ ਕੀਤੇ।
ਮੈ ਹੁਣ ਸਿੱਖ ਨਹੀਂ ਜੀਦਾ ਕੋਈ ਰਹਿਣ ਦੇਣਾ,
ਮਨ ਵਿੱਚ ਉਸ ਇਹ ਕੌਲ ਇਕਰਾਰ ਕੀਤਾ।
ਸੱਚੇ, ਸੁੱਚੇ ਕਈ ਸੇਵਾ ਤੇ ਸਿੱਦਕ ਵਾਲੇ,
ਕਤਲ ਉਸ ਕਈ ਸਿੰਘ ਸਰਦਾਰ ਕੀਤੇ।
ਤਾਰੂ ਸਿੰਘ ਲਈ ਉਸਨੇ ਹੁਕਮ ਕੀਤਾ,
ਕਤਲ ਕੇਸ ਇਸਦੇ ਜਾਣ ਇਕ ਵਾਰ ਕੀਤੇ।
ਤਾਰੂ ਸਿੰਘ ਕਿਹਾ, ਇਹ ਨਾ ਮੁਮਕਨ,
ਏਸ ਬਾਤ ਨੂੰ ਸ਼ਾਹਾ ਭੁਲਾ ਦੇਈਏ।
ਕੇਸ ਆਪਣੇ ਅਸੀਂ ਨਹੀਂ ਲਹਿਣ ਦੇਣੇ,
ਖੋਪਰ ਆਪਣੇ ਭਾਵੇਂ ਲਹਾ ਦੇਈਏ।

6.

ਸੱਦ ਕੇ ਨਾਈਆਂ ਨੂੰ ਆਖਿਆ ਜ਼ਕਰੀਏ ਨੇ,
ਕੇਸ ਲਾਹੋ ਤੇ ਤੋੜੋ ਹੰਕਾਰ ਇਹਦਾ।
ਵੇਖ ਲੈਨੇ ਇਹ ਕਿੰਨਿਆਂ ਪਾਣੀਆਂ ਵਿੱਚ,
ਕਿੰਨਾ ਸਿੱਖੀ ਦੇ ਨਾਲ ਪਿਆਰ ਇਹਦਾ।
ਕੇਸ ਲਾਹੁੰਦਿਆਂ ਹੰਭ ਕੇ ਨਾਈ ਕਹਿੰਦਾ,
ਹਰ ਇਕ ਕੇਸ ਫੌਲਾਦ ਦੀ ਤਾਰ ਇਹਦਾ।
ਸਾਡੀ ਕੈਂਚੀਆਂ ਦੇ ਮੂੰਹ ਮੋੜ ਦਿੱਤੇ,
ਅੱਲਾ ਜਾਪਦਾ ਹੈ ਮਦਦਗਾਰ ਇਹਦਾ।

ਇਸਦੀ ਏਸ ਲਾਸਾਨੀ ਕਰਾਮਾਤ ਉੱਤੇ,
ਆਉ ਇਕ ਜੈਕਾਰਾ ਗਜਾ ਦੇਈਏ।
ਅਸੀਂ ਕੇਸ ਨਹੀਂ ਆਪਣੇ ਲਹਿਣ ਦੇਣੇ,
ਭਾਵੇ ਸਿਰਾ ਦੇ ਖੋਪਰ ਦੇਈਏ।

7.

ਦੁਸ਼ਟ ਜਕਰੀਐ ਦੇ ਕੋਝੇ ਕਾਰਿਆਂ ਤੇ,
ਹਰ ਇਨਸਾਨ ਦੂਰ ਲਾਅਨਤਾ ਪਾਈ ਜਾਂਦਾ।
ਹੱਦਾਂ ਮੁੱਕੀਆ, ਅੱਤਿਆਚਾਰ ਦੀਆਂ ਜ਼ੁਲਮ,
ਵੇਖਦੇ ਜ਼ੁਲਮ ਸ਼ਰਮਾਈ ਜਾਂਦਾ।
ਸਿੱਖੀ, ਸਿੱਦਕ ਵਾਲੇ ਅਣਖੀ ਸਾਗਰਾਂ ਵਿੱਚ,
ਭਾਈ ਤਾਰੂ ਸਿੰਘ ਤਾਰੀਆਂ ਲਾਈ ਜਾਂਦਾ।
ਏਸ ਕਹਿਰ ਦੇ ਘੋਰ ਅਨਿਆਂ ਅੱਗੇ,
ਸਿੱਖ ਸਬਰ ਦੀ ਹੱਦ ਮੁਕਾਈ ਜਾਂਦਾ।
ਸਾਨੂੰ ਸੌਂਹ ਸ਼ਹੀਦਾ ਦੇ ਖੂਨ ਦੀ ਹੈ,
ਅਸੀਂ ਫੇਰ ਇਤਹਾਸ ਦੋਹਰਾ ਦੇਈਏ।
ਅਸੀਂ ਕੇਸ ਨਹੀਂ ਆਪਣੇ ਲਹਿਣ ਦੇਣੇ, ਭਾਵੇ ਸਿਰਾ ਦੇ ਖੋਪਰ ਦੇਈਏ।

8.

ਜ਼ਾਲਮ ਜ਼ਕਰੀਏ ਫਿਰ ਕਿਹਾ ਜਲੱਾਦ ਤਾਈ,
ਇਹ ਦੇ ਕੇਸਾਂ ਨੂੰ ਕਤਲ ਕਰਾਇਆ ਜਾਵੇ।
ਜੇਕਰ ਕੇਸ ਨਹੀਂ ਏਸ ਦੇ ਲਹਿ ਸਕਦੇ,
ਸਣੇਂ ਕੇਸ ਇਸਦਾ ਖੋਪਰ ਲਾਹਿਆ ਜਾਵੇ।
ਲੰਮੇ ਹੁੰਦੇ ਨੇ ਹੱਥ ਹਕੂਮਤਾ ਦੇ ਹੱਥ,
ਏਸ ਨੂੰ ਸਾਡਾ ਵਿਖਾਇਆ ਜਾਵੇ।
ਅਸੀਂ ਕੀ ਹਾਂ ਸਾਡੀ ਹੈ ਕੀ ਤਾਕਤ,
ਜਿਵੇਂ ਸਮਝਦਾ ਇਹ ਨੂੰ ਸਮਝਾਇਆ ਜਾਵੇ।
ਖੋਪਰ ਲੱਥੇ ਤੇ ਆਖਿਆ ਤਾਰੂ ਸਿੰਘ ਨੇ,
ਆਉਏ ਜ਼ਕਰੀਆ ਤੈਨੂੰ ਵਿਖਾ ਦੇਈਏ।



ਅਸੀਂ ਕੇਸ ਨਹੀਂ ਆਪਣੇ ਲਹਿਣ ਦੇਣੇ,
ਭਾਵੇ ਸਿਰਾ ਦੇ ਖੋਪਰ ਦੇਈਏ।

9.

ਭਾਈ ਤਾਰੂ ਸਿੰਘ ਦੇ ਜੀਵਨ ਤੋ ਸਬਕ ਲੈ ਕੇ,
ਸਿੰਘੋ ਆਪਾਂ ਅੱਜ ਇੱਕ ਇਕਰਾਰ ਕਰੀਏ।
ਦਾਤ ਸਿੱਖੀ ਦੀ ਜਿਹੜੀ ਦਸ਼ਮੇਸ਼ ਬਖਸ਼ੀ,
ਤਨੋ, ਮਨੋ, ਸਭ ਇਹਨੂੰ ਪਿਆਰ ਕਰੀਏ।
ਰਹਿਤ-ਬਹਿਤ ਦੇ ਪੂਰੇ ਪਾਬੰਦ ਹੋ ਕੇ,
ਸਿੱਖੀ ਬਾਗ਼ ਨੂੰ ਗੁਲੋਗੁਲਜ਼ਾਰ ਕਰੀਏ।
ਪਤਿਤ ਪੁਣੇ ਵੱਲ ਜਾਦਿਆਂ ਬੱਚਿਆਂ ਨੂੰ,
ਸੂਝਵਾਨ ਕਰੀਏ, ਸਮਝ ਦਾਰ ਕਰੀਏ।
ਪਹਿਲਾਂ ਸਿੱਖੀ ਦੀ ਆਪ ਮਿਸਾਲ ਬਣੀਏ,
ਫੇਰ ਹੋਰਾਂ ਨੂੰ ਨੂਰੀ ਸਲਾਹ ਦੇਈਏ।
ਅਸੀਂ ਕੇਸ ਨਹੀਂ ਆਪਣੇ ਲਹਿਣ ਦੇਣੇ,
ਭਾਵੇ ਸਿਰਾ ਦੇ ਖੋਪਰ ਦੇਈਏ।

*********

# ਕੌਮੀ ਏਕਤਾ

ਕੀ ਕਰਦੇ ਹੋ ਭੁਲੜ ਯਾਰੋ ? ਇਸ ਮੋਤੀ ਦੀ ਆਬ ਨ ਸਾੜੋ।
ਜੇ ਨਹੀਂ ਰੂਪ ਸ਼ੰਗਾਰਨ ਜੋਗੇ, ਨਿਖਰ ਰਿਹਾ ਸ਼ਬਾਬ ਨ ਸਾੜੋ।
ਡਾਲੀ ਉਤੇ ਲਹਿ- ਲਹਿ ਕਰਦਾ, ਖਿੜਿਆ ਫੂਲ ਗੁਲਾਬ ਨ ਸਾੜੋ।
ਮੋਹਨ ਤੇ ਨਾਨਕ ਨੂੰ ਸਮਝੋ, ਮੁਰਲੀ ਸਣੇ ਰਬਾਬ ਨ ਸਾੜੋ।
ਹੋਣ ਦਿਉ ਸਭ ਸੁਪਨੇ ਪੂਰੇ, ਪੂਰੇ ਹੁੰਦੇ ਖੁਆਬ ਨ ਸਾੜੋ।
ਕੇਵਲ ਆਪਣੀ ਚੌਹਧਰ ਪਿਛੇ, ਇਹ ਵਸਦਾ ਪੰਜਾਬ ਨ ਸਾੜੋ।

ਉਹ ਵਿਸ਼ਵਾਸੀ ਪਹਿਰੇਦਾਰੋ, ਇਹ ਨਾ ਸੁਤੀਆਂ ਕਲਾਂ ਜਗਾਉ।
ਖਾਉ ਤਰਸ ਬੁਲਬੁਲਾਂ ਉਤੇ, ਇਸ ਗੁਲਸ਼ਨ ਨੂੰ ਅੱਗ ਨ ਲਾਉ।
ਜੇ ਆਪਣੀ ਨਹੀਂ ਖੈਰ ਮਨਾਉਣੀ, ਹੋਰਾਂ ਦੀ ਤਾਂ ਖੈਰ ਮਨਾਉ।
ਤੋਬਾ ਮੇਰੀ ਲਾਂਬੂ ਲਾਕੇ, ਥਾਂ-ਥਾਂ ਤੇ ਭੰਗੜੇ ਨ ਪਾਉ।
ਤਾਰਾਂ ਤੇ ਝਨਕਾਰ ਨਹੀਂ ਦੇਣੀ, ਹੱਥੀ ਇਹ ਮਿਜਰਾਬ ਨ ਸਾੜੋ।
ਇਸ ਥੋਥੀ ਸ਼ੋਹਰਤ ਦੇ ਪਿੱਛੇ, ਇਹ ਵਸਦਾ ਪੰਜਾਬ ਨ ਸਾੜੋ।

ਦਿਲ ਅੰਦਰ ਨਫ਼ਰਤ ਦਾ ਭਰਿਆ, ਜਜ਼ਬਾ ਨਹੀਂ ਭੜਕਾਉਂਣਾ ਚੰਗਾ।
ਬੇ-ਵਕਤਾ ਨਚਣਾ ਨਹੀਂ ਚੰਗਾ, ਬੇ- ਵਕਤਾ ਨਹੀਂ ਗਾਉਂਣਾ ਚੰਗਾ।
ਦਾਨਸ਼ ਮੰਦੋ ਆਪਣਾ ਮੋਜੂੰ, ਆਪੇ ਨਹੀਂ ਬਣਾਉਂਣਾ ਚੰਗਾ।
ਜ਼ਿੰਦਾ ਕੌਮਾਂ ਨੂੰ ਜੀਦੇਂ ਜੀਅ, ਮੁਰਦੇ ਨਹੀਂ ਅਖਵਾਉਂਣਾ ਚੰਗਾ।
ਜ਼ਿੰਦਗੀਆਂ ਨੂੰ ਰੋਸ਼ਨ ਕਰਦਾ, ਅਰਸ਼ਾਂ ਦਾ ਮਹਿਤਾਬ ਨ ਸਾੜੋ।
ਨਾ ਸਾੜੋ ਭਾਰਤ ਦਾ ਵਿਰਸਾ, ਇਹ ਵਸਦਾ ਪੰਜਾਬ ਨ ਸਾੜੋ।

ਇਹ ਪੰਜਾਬ ਹੈ ਸਭ ਦਾ ਸਾਂਝਾ, ਇਸ ਬਾਰੇ ਕੁਝ ਸੋਚ ਵਿਚਾਰੋ।
ਅੰਨੇ-ਵਾਹ ਨਾ ਬੇਕਸ ਨਿਰਬਲ, ਐਵੇ ਮੋਤ ਦੇ ਘਾਟ ਉਤਾਰੋ।
ਬੰਦੇ ਬਣਕੇ ਬੰਦਿਆਂ ਵਾਲੀ, ਤਰਸ ਕਰੋ ਕੋਈ ਨੀਤੀ ਧਾਰੋ।
ਰੂਪ ਧਾਰ ਨ ਵਹਿਸ਼ੀਆਂ ਵਾਲਾ, ਕਿਰਪਾਨਾਂ ਤਰਸੂਲ ਉਲਾਰੋ।
ਤੁਫਾਨਾਂ ਵਿੱਚ ਘਿਰੇ ਹੋਏ ਦੀ, ਰਹਿੰਦੀ ਖੂੰਹਦੀ ਆਬ ਨਾ ਸਾੜੋ।
ਹੋਸ਼ ਕਰੋ ਪੰਜਾਬੀ ਵੀਰੋ, ਇਹ ਵਸਦਾ ਪੰਜਾਬ ਨ ਸਾੜੋ।



ਬੰਦ ਕਰੋ ਆਪਸ ਦੇ ਝਗੜੇ, ਬੰਦ ਕਰੋ ਭੜਕਾਊ ਨਾਅਰੇ।
ਖੋਲ੍ਹ ਦਿਓ ਨੈਣਾਂ ਦੇ ਬੂਹੇ, ਤਕੋ ਇਹ ਅਲਮਸਤ ਨਾਜ਼ਾਰੇ।
ਹਿੰਦੀ ਤੇ ਪੰਜਾਬੀ ਸਾਡੀ, ਸਾਡੇ ਮੰਦਰ ਗੁਰੂਦੁਆਰੇ।
ਇਹ ਵੀ ਔਹ ਵੀ ਮੈਂ ਵੀ ਤੂੰ ਵੀ, ਇਕੋ ਹਾਂ ਸਾਰੇ ਦੇ ਸਾਰੇ।
ਸਾਂਝੇ ਘਰ ਦਾ ਘਰ ਦੇ ਲੋਕੋ, ਲੜ ਕੇ ਮਾਲ ਅਸਬਾਬ ਨਾ ਸਾੜੋ।
ਲੱਗੀ ਅੱਗ ਬੁਝਾਉ ਛੇਤੀ, ਇਹ ਵਸਦਾ ਪੰਜਾਬ ਨ ਸਾੜੋ।

ਭੇਦ ਭਾਉ ਦੀਆਂ ਗੱਲਾਂ ਛਡੋ, ਨਾ ਪਾਉ ਨਫ਼ਰਤ ਦੀਆਂ ਵਟਾਂ।
ਖੋਲ੍ਹ ਦਿਉ ਪਿਆਰਾਂ ਦੇ ਲੰਗਰ, ਬੰਦ ਕਰੋ ਲਾਲਚ ਦੀਆਂ ਹੱਟਾਂ।
ਸੱਟਾਂ ਮਾਰੋ ਭੁਖ ਮਰੀ ਦੇ, ਨਾ ਮਾਰੋ ਕਿਸਮਤ ਤੇ ਸੱਟਾਂ।
ਗੈਰਤ ਦੀ ਨੀਲਾਮੀ ਕਰਕੇ, ਕੀ ਖਟੋਗੇ ਇਸ ਚੋਂ ਖੱਟਾਂ।
ਨੂਰੀ ਵਾਂਗ ਜਗਾਉ ਹਰ ਦਿਲ, ਬਿਜਲੀ ਵਾਂਗ ਜਨਾਬ ਨ ਸਾੜੋ।
ਮਿਲਕੇ ਬੈਠੋ, ਮਿਲਕੇ ਸੋਚੋ, ਇਹ ਵਸਦਾ ਪੰਜਾਬ ਨ ਸਾੜੋ।

*************

# ਏਡਜ਼ ਰੋਗ ਦਾ ਕੋਈ ਇਲਾਜ਼ ਹੈ ਨਹੀਂ

ਆਚਰਣ ਹੀਣ ਜਦ ਕੋਈ ਭੈੜੀ ਹਰਕਤਾਂ ਤੋਂ,
ਰੱਖਦਾ ਆਪਣੇ ਆਪ ਨੂੰ ਬਾਜ਼ ਹੈ ਨਹੀਂ।
ਮਰਜ਼ ਉਸਨੂੰ ਏਡਜ਼ ਦਾ ਲੱਗ ਜਾਂਦਾ,
ਛੁਪਦਾ ਕਦੇ ਛੁਪਾਇਆਂ ਇਹ ਰਾਜ਼ ਹੈ ਨਹੀਂ।
ਜੀਵਨ ਜੀਂਦਿਆਂ ਉਹਦਾ ਹੋਏ ਮੌਤ ਵਰਗਾ,
ਉਮਰ ਉਸਦੀ ਹੁੰਦੀ ਦਰਾਜ਼ ਹੈ ਨਹੀਂ।
ਉਹਦੀਆਂ ਮੁਸ਼ਕਲਾਂ ਦਾ ਹਲ ਬਹੁਤ ਮੁਸ਼ਕਲ,
ਜਗ ਤੇ ਏਸ ਲਈ ਕੋਈ ਦਿਲ ਨਿਵਾਜ਼ ਹੈ ਨਹੀਂ।
ਭਾਰ ਘਟਦਿਆਂ ਘਟਦਿਆਂ ਘੱਟੇ ਉਹਦਾ,
ਦਰਦੀ ਓਸਦਾ ਕੋਈ ਦਿਲ ਨਿਵਾਜ਼ ਹੈ ਨਹੀਂ।
ਸਾਫ ਗੱਲ ਸਪੱਸ਼ਟ ਇਹ ਕਹਿਣ ਡਾਕਟਰ,
ਕਿ ਏਸ ਰੋਗ ਦਾ ਕੋਈ ਇਲਾਜ਼ ਹੈ ਨਹੀਂ।

ਏਡਜ਼ ਰੋਗ ਭਿਆਨਕ ਹੈ ਬਹੁਤ ਭਾਰੀ,
ਇਸਤੋਂ ਬਚਣ ਦਾ ਆਓ ਗਿਆਨ ਸਿੱਖੀਏ।
ਉੱਚਾ ਰਖੀਏ ਸਦਾ ਇਖਲਾਕ ਆਪਣਾਂ,
ਨੇਕ ਕਰਮ ਤੇ ਧਰਮ ਦੀ ਆਨ ਸਿੱਖੀਏ।
ਭਲੇ ਪੁਰਸ਼ਾ ਦੀ ਸੰਗਤ ਚ ਸਦਾ ਰਹੀਏ,
ਪਾਉਣਾਂ ਜਗ ਤੇ ਮਾਨ ਸਨਮਾਨ ਸਿੱਖੀਏ।
ਰੋਗ ਰਹਿਤ ਸਰੀਰ ਬਲਵਾਨ ਕਰਕੇ,
ਲੇਖੇ ਵਤਨ ਲਾਉਣਾਂ ਜਿੰਦ ਜਾਨ ਸਿੱਖੀਏ।
ਮੂਜੀ ਮਰਜ਼ ਇਹ ਜੀਹਦੇ ਤੋਂ ਹੋਏ ਵਾਰਦ,
ਰਹਿੰਦੀ ਉਹਦੇ ਪਲੇ ਲੋਕ ਲਾਜ਼ ਹੈ ਨਹੀਂ।
ਟੀ. ਵੀ. ਰੇਡੀਓ ਤੇ ਡਾਕਟਰ ਰੋਜ਼ ਦਸਦੇ,
ਏਸ ਮਰਜ਼ ਦਾ ਕੋਈ ਇਲਾਜ ਹੈ ਨਹੀਂ।



ਜੀਹਨਾਂ ਕਾਰਣਾਂ ਕਰਕੇ ਇਹ ਹੋਏ ਜ਼ਾਹਰ,
ਆਓ ਉਸਤੋਂ ਸਦਾ ਪਰਹੇਜ਼ ਕਰੀਏ।
ਔਰਤ ਜੀਹਦੇ ਤੋਂ ਹੋਣ ਦਾ ਹੋਏ ਖਤਰਾ,
ਸਾਂਝੀ ਓਸਦੇ ਨਾਲ ਨ ਸੇਜ਼ ਕਰੀਏ।
ਖੂਨ ਬਦਲਣ ਤੇ ਵੀ ਸਾਵਧਾਨ ਰਹੀਏ,
ਇਹਨੂੰ ਟੈਸਟ ਕਰਕੇ ਸੌਝੀ ਤੇਜ਼ ਕਰੀਏ।
ਸਰਿੰਜ ਬਿੰਨਾਂ ਉਬਾਲਣ ਦੇ ਵਰਤੀਏ ਨਾ,
ਹਰ ਵਾਰ ਜਾ ਨਵੀਂ ਪਰਚੇਜ਼ ਕਰੀਏ।
ਡਾਕਟਰ ਆਖਦੇ ਸਦਾ ਨਿਰੋਧ ਵਰਤੋਂ,
ਨਿਰੋਧ ਜਿਹਾ ਵੀ ਕੋਈ ਕਾਰਸਾਜ਼ ਹੈ ਨਹੀਂ।
ਐਪਰ ਏਡਜ਼ ਤੋਂ ਹੋ ਬੇਵਸ ਆਖਣ,
ਕਿ ਰੋਗ ਦਾ ਕੋਈ ਇਲਾਜ਼ ਹੈ ਨਹੀਂ।

ਬਾਹਰੋਂ ਆਉਂਦੇ ਕੁੱਝ ਐਸ਼ ਪ੍ਰਸਤ ਪੰਠੇ,
ਲੈ ਕੇ ਆਏ ਨੇ ਇਹ ਨਾਮੁਰਾਦ ਏਡਜ਼।
ਝੁੱਗਾ ਹਸਦਿਆਂ, ਵਸਦਿਆਂ, ਰਸਦਿਆਂ ਦਾ,
ਕਰ ਦਿੰਦੀ ਇਹ ਭੈੜੀ ਬਰਬਾਦ ਏਡਜ਼।
ਸੋਹਲ ਕਲੀਆਂ ਤੇ ਰਤਾ ਨ ਤਰਸ ਖਾਵੇ,
ਕਰੇ ਸ਼ਾਦ ਨੂੰ ਸਦਾ ਨਾਸ਼ਾਦ ਏਡਜ਼।
ਮੌਤ ਨਾਲ ਹੈ ਏਸਦੀ ਭਾਈਵਾਲੀ,
ਸਾਬਤ ਹੋਈ ਇਹ ਨਿਰੀ ਜਲਾਦ ਏਡਜ਼।
ਇਹਦਾ ਜ਼ਿਕਰ ਸੁਣਕੇ ਅਕਸਰ ਕਹਿਣ ਦਾਨੇ,
ਇਹਦੇ ਜਿਹੀ ਕੋਈ ਕਾਤਲ ਮਿਜਾਜ਼ ਹੈ ਨਹੀਂ।
ਥਾਂ ਥਾਂ ਸਾਡੀ ਸਰਕਾਰ ਪਰਚਾਰ ਕਰਦੀ,
ਏਸ ਮਰਜ਼ ਦਾ ਕੋਈ ਇਲਾਜ਼ ਹੈ ਨਹੀਂ।

ਸੁਪਨੇ ਵਿੱਚ ਐਹੋ ਜਿਹੇ ਅਡਿਆਂ ਤੇ,
ਕਦੇ ਭੁਲਕੇ ਜਾਣਾਂ ਨਾ ਚਾਹੀਦਾ ਹੈ।
ਸੰਜਮ ਵਿੱਚ ਸਿਆਣਪਾਂ ਕਹਿਣ ਦਾਨੇ,
ਤੱਤਾ- ਤੱਤਾ ਇਹ ਖਾਣਾਂ ਨਾ ਚਾਹੀਦਾ ਹੈ।

ਐਸ਼ੋ ਅਸ਼ਰਤਾਂ ਵਿਚ ਗੁਲਤਾਨ ਹੋਕੇ,
ਮੂਜ਼ੀ ਮਰਜ਼ ਇਹ ਲਾਣਾਂ ਨਾ ਚਾਹੀਦਾ ਹੈ।
ਜੀਵਨ ਬੜਾ ਅਨਮੋਲ ਨਹੀਂ ਫੇਰ ਮਿਲਣਾ,
ਭਾੜੇ ਭੰਗ ਗੁਵਾਣਾਂ ਨਾ ਚਾਹੀਦਾ ਹੈ।
ਥੂਹ ਥੂਹ ਉਸਨੂੰ ਕਰੇ ਜਹਾਨ ਸਾਰਾ,
ਕਦਰ ਉਸਦੀ ਕਿਸੇ ਸਮਾਜ਼ ਹੈ ਨਹੀਂ।
ਏਡਜ਼ ਦੇ ਦਸ ਦਿਉ ਰੋਗੀਆਂ ਨੂੰ,
ਕਿ ਏਸ ਰੋਗ ਦਾ ਕੋਈ ਇਲਾਜ਼ ਹੈ ਨਹੀਂ।

ਲੱਗ ਜਾਵੇ ਜੋ ਕਿਸੇ ਨੂੰ ਰੋਗ ਏਡਜ਼,
ਨਫ਼ਰਤ ਓਸਤੋਂ ਉੱਕਾਂ ਨਾ ਖਾਓ ਪਿਆਰੇ।
ਫੱਟਾ-ਫੱਟ ਇਹ ਕਿਸੇ ਨੂੰ ਲਗਦਾ ਨਹੀਂ,
ਹੱਥ ਉਸ ਨਾਲ ਬੇਸ਼ਕ ਮਿਲਾਓ ਪਿਆਰੇ।
ਰੱਖੋ ਉਸਦਾ ਸਦਾ ਸਤਿਕਾਰ ਕਾਇਮ,
ਕਦੇ ਹੋਸਲਾ ਉਹਦਾ ਨਾ ਢਾਓ ਪਿਆਰੇ।
ਕਿਵੇਂ ਵਿਚਾਰਨਾ ਜਗ ਦੇ ਵਿੱਚ ਉਹਨੇ,
ਉਹਨੂੰ ਬਾਤ ਇਹ ਸਦਾ ਸਮਝਾਓ ਪਿਆਰੇ।
ਪਰ ਬਾਤ ਵਸਦੀ ਜਦੋਂ ਬੇਵਸ ਹੋ ਜਾਏ,
ਉਹਦੋਂ ਰੱਖ ਸਕਦਾ ਕਾਰ ਸਾਜ਼ ਹੈ ਨਹੀਂ।
'ਨੂਰੀ' ਬਾਤ ਇਹ ਜਗ ਤੇ ਹੋਈ ਰੌਸ਼ਨ,
ਕਿ ਏਡਜ਼ ਰੋਗ ਦਾ ਕੋਈ ਇਲਾਜ਼ ਹੈ ਨਹੀਂ।

************



## ਅਨੂਪ ਸਿੰਘ ਨੂਰੀ ਵਲੋਂ ਲਿਖੇ ਗਏ ਅੱਜਨਾਮੇ ਜੋ ਵੱਖ-ਵੱਖ ਅਖ਼ਬਾਰਾਂ ਤੇ ਰਸਾਲਿਆਂ ਵਲੋਂ ਬੜੇ ਮਾਣ ਸਹਿਤ ਛਾਪੇ ਗਏ।

ਜਾਦੂ- ਟੂਣਿਆਂ ਦੇ ਭੇਖੀ ਇਕ ਬਾਬੇ,
ਤਰਕਸ਼ੀਲਾਂ ਨਾਲ ਸ਼ਰਤ ਇਹ ਲਾਈ ਦੱਸਦੇ।
ਬਾਬੇ ਦੀਪ ਸਿੰਘ ਦੀ ਮੇਰੇ ਵਿਚ ਸ਼ਕਤੀ,
ਏਦਾਂ ਆਖ ਕੇ ਧਾਂਕ ਜਮਾਈ ਦੱਸਦੇ।
ਮੇਰੇ ਸਾਹਮਣੇ ਕੋਈ ਨਾ ਅਟਕ ਸਕੂ,
ਤਰਕਸ਼ੀਲ ਨਾਂ ਉਹਨਾਂ ਦਾ ਭਾਈ ਦੱਸਦੇ।
ਸ਼ਰਤ ਜਿੱਤ ਕੇ ਕਰੂੰ ਮੈਂ ਜੱਗ-ਜ਼ਾਹਰ,
ਮੇਰੇ ਵਿੱਚ ਹੈ ਕਿੰਨੀ ਚਤਰਾਈ ਦੱਸਦੇ।
ਵੇਲੇ ਪਰਖ ਦੇ ਨਿਕਲਿਆ ਉਹ ਭੇਖੀ,
ਹਾਰ ਮੰਨ ਹੁਣ ਵਾਸਤੇ ਪਾਈ ਜਾਂਦਾ।
ਕਾਲਾ ਮੂੰਹ ਕਰ ਕੱਢੋ ਜਲੂਸ ਇਹਦਾ,
ਜਿਹੜਾ ਭੇਖ ਦੀ ਹੱਟੀ ਚਲਾਈ ਜਾਂਦਾ।

ਚਾਹੇ ਪੁਲਸ ਤਾਂ ਠੱਗਾਂ-ਲੁਟੇਰਿਆਂ ਦੇ,
ਨੱਥ ਨੱਕਾਂ ਵਿੱਚ ਪਿਆਰਿਓ ਪਾ ਸਕਦੀ।
ਆਪਣੀ ਸੂਝ, ਸਿਆਣਪ ਤੇ ਜੂਤ ਸਦਕੇ,
ਭੈੜੇ ਕੰਮਾਂ ਤੋਂ ਭੈੜੇ ਹਟਾ ਸਕਦੀ।
ਚਿੜੀ ਸੋਨੇ ਦੀ ਕਹਿੰਦੇ ਸੀ ਦੇਸ਼ ਜਿਸ ਨੂੰ,
ਸੋਨੇ ਵਾਂਗ ਇਹ ਦੇਸ ਚਮਕਾ ਸਕਦੀ।
ਭੈੜੇ ਸਾਧਾਂ ਤੇ ਗੁੰਡਿਆਂ ਕਾਤਲਾਂ ਨੂੰ,
ਸਿੱਧੇ ਰਾਹ ਤੇ ਮੋੜ ਲਿਆ ਸਕਦੀ।
ਪਰ ਮਸਲਾ ਓਥੇ ਹੀ ਅਕਸਰ ਇਹ ਉਲਝਦਾ ਹੈ,
ਜਦ ਲੀਡਰ, ਪੁਲਸ ਤੇ ਚੋਰ ਰਲ ਜਾਣ ਤਿੰਨੇ।
ਮਾਲ ਮੁਫ਼ਤ ਦਾ ਦਿਲੋਂ ਬੇਰਹਿਮ ਹੋ ਕੇ,
ਆਪੋ ਵਿੱਚ ਮਿਲ ਕੇ "ਨੂਰੀ" ਖਾਣ ਤਿੰਨੇ।

ਕਿਸੇ ਸੰਤ ਨੂੰ ਪੁੱਛਿਆ ਕਿਸੇ ਸੇਵਕ,
ਪੂਜਾ ਆਪਣੀ ਤੁਸੀਂ ਕਰਵਾਈ ਫਿਰਦੇ।
ਗੁਰੂ ਗ੍ਰੰਥ ਦੀ ਹਾਜ਼ਰੀ ਵਿੱਚ ਸੇਵਕ,
ਹੱਥ ਤੁਸਾਂ ਦੇ ਚਰਨਾ ਨੂੰ ਲਾਈ ਫਿਰਦੇ।
ਸੰਤਾਂ ਆਖਿਆ ਹਟਦੇ ਨਹੀਂ ਇਹ ਸੇਵਕ,
ਸ਼ਰਧਾ ਆਪਣੀ ਜਿਹੜੇ ਵਿਖਾਈ ਫਿਰਦੇ।
ਅਸੀਂ ਵਰਜਦੇ ਇਨ੍ਹਾਂ ਨੂੰ ਬਹੁਤ ਵੇਰਾਂ,
ਹਟਦੇ ਨਹੀਂ ਇਹ ਸੀਸ ਨਿਵਾਈ ਫਿਰਦੇ।
ਅੱਗੋਂ ਓਸ ਨੇ ਕਿਹਾ ਕਿ ਸੰਗਤ ਵਿੱਚ ਜੇਕਰਾਂ ਕੋਈ,
ਪਾ ਲਏ ਤੁਸਾਂ ਦੀ ਸੰਤੋ ਦਸਤਾਰ ਨੂੰ ਹੱਥ।
ਦੱਸੋ ਉਸ ਨੂੰ ਤੁਸੀਂ ਹਟਾਉਂਣ ਖਾਤਰ,
ਕੀ ਨਹੀਂ ਦੱਸੋਗੇ ਉਸ ਸੇਵਾਦਾਰ ਨੂੰ ਹੱਥ ?

ਕਾਹਦੇ ਵਿੱਚ ਹੈ ਫ਼ਸਟ ਪੰਜਾਬ ਆਇਆ,
ਲੋਕੀਂ ਪੁੱਛਦੇ ਨੇ ਸਵਾਲ ਅਕਸਰ।
ਕੱਢ ਦਿੱਤੇ ਕੁੜੱਲ ਮਹਿੰਗਾਈ ਸਾਡੇ,
ਭੈੜਾ ਹੋਈ ਜਾਂਦਾ ਸਾਡਾ ਹਾਲ ਅਕਸਰ।
ਸਿਟੀ ਸੈਂਟਰ ਘੋਟਾਲੇ ਦੇ ਹੋਣ ਚਰਚੇ,
ਕਹਿੰਦੇ ਛਕੀ ਜਾਂਦੇ ਆਗੂ ਮਾਲ ਅਕਸਰ।
ਬਲਾਤਕਾਰੀ ਭ੍ਰਿਸ਼ਟ ਕੁਕਰਮੀਆਂ ਦੀ,
ਕਰਦਾ ਕੋਈ ਨਹੀਂ ਪੁੱਛ-ਪੜਤਾਲ ਅਕਸਰ।
ਭੇਖੀ ਸਾਧਾਂ ਦੇ ਥਾਂ-ਥਾਂ ਨੇ ਵੱਗ ਫਿਰਦੇ,
ਦਸਦਿਆਂ ਸ਼ਰਮ ਆਵੇ, ਜੋ ਇਹ ਕਰੀ ਜਾਂਦੇ।
ਧਰਮ ਕਰਮ ਦੇ ਨਾਂਅ ਤੇ ਬੂਬਨੇ ਇਹ,
ਜੇਬਾਂ ਆਪਣੀਆਂ "ਨੂਰੀ" ਹਨ ਭਰੀ ਜਾਂਦੇ।

ਆਈ ਏ ਐਸ ਅਫ਼ਸਰ ਸੈਕਸ ਕਾਂਡ ਵਿੱਚ,
ਪੰਚਕੂਲਾ ਪੁਲਸ ਜੋ ਫੜੇ ਸੀ ਉਹ।
ਉਮਰ ਵੱਲੋਂ ਵੀ ਉੱਪਰ ਪੰਜਾਹਾ ਤੋਂ ਸੀ,
ਮੁੰਡੇ-ਖੁੰਡੇ ਤੇ ਨਾ ਹੀ ਛੜੇ ਸੀ ਉਹ।



ਪੂਰਾ ਦਬਦਬਾ ਹੈ ਸੀ ਸਰਕਾਰ ਅੰਦਰ,
ਵੱਡੇ ਸਾਹਿਬ ਦੇ ਯਾਰ ਵੀ ਬੜੇ ਸੀ ਉਹ।
ਛੁੱਟੀ ਕੱਟ ਕੇ ਮੌਜਾਂ ਨਾਲ ਫੇਰ ਆ ਗਏ,
ਮੰਨੀ ਸ਼ਰਮ ਨਾ ਰਤਾ ਵੀ ਝੜੇ ਸੀ ਉਹ।
ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਪੈ ਗਈ ਜਿਹੜੀ ਵੀ ਵਾਦੀ ਇੱਕ ਵਾਰ ਹੋਵੇ।
ਕੌਣ ਉਸ ਦੀ ਪੁੱਛ-ਪੜਤਾਲ ਕਰਦਾ,
ਕੋਤਵਾਲ "ਨੂਰੀ" ਜਿਸ ਦਾ ਯਾਰ ਹੋਵੇ।

ਧਾਲੀਵਾਲ ਦੀ ਗੁਰਪ੍ਰੀਤ ਬੇਟੀ,
ਬਲਾਤਕਾਰ ਦਾ ਜਿਨ੍ਹਾਂ ਸ਼ਿਕਾਰ ਕੀਤੀ।
ਵਹਿਸ਼ੀ ਰੂਪ ਦਰਿੰਦਿਆਂ ਭੇੜੀਆਂ ਨੇ,
ਕਿੰਨੀ ਹਾਏ ! ਕੋਝੀ ਉਨ੍ਹਾਂ ਕਾਰ ਕੀਤੀ।
ਆਇਆ ਤਰਸ ਨਾ ਰਤਾ ਵੀ ਜ਼ਾਲਮਾਂ ਨੂੰ,
ਵਹਿਸ਼ੀਪੁਣਾ ਕਰ ਮਾਰ ਕੇ ਪਾਰ ਕੀਤੀ।
ਸੁਣਿਆ, ਪੜ੍ਹਿਆ ਜਾਂ ਜਿਨ੍ਹਾਂ ਵੀ ਵੇਖਿਆ ਹੈ,
ਹਰ ਇੱਕ ਨੇ ਹੀ ਹਾਹਾਕਾਰ ਕੀਤੀ।
ਹਰ ਇੱਕ ਚਾਹੁੰਦਾ ਹੁਣ ਇਨ੍ਹਾਂ ਦਰਿੰਦਿਆਂ ਨੂੰ,
ਕਾਲੇ ਮੂੰਹ ਕਰ ਥਾਂ-ਥਾਂ ਫਿਰਾਇਆ ਜਾਵੇ।
ਮਿਲੇ ਇਨ੍ਹਾਂ ਨੂੰ ਸਖ਼ਤ ਸਜ਼ਾ "ਨੂਰੀ",
ਫੜ ਕੇ ਫਾਂਸੀ ਦੇ ਉੱਤੇ ਲਟਕਾਇਆ ਜਾਵੇ।

ਕਨੇਡਾ ਵਿੱਚ ਇੱਕ ਬੂਬਨਾ ਸਾਧ ਆਇਆ,
ਆਪਣੇ ਆਪ ਨੂੰ ਕਹੇ ਅਵਤਾਰ ਹਾਂ ਮੈਂ।
ਗੁਰੂ-ਪੀਰ ਸਭ ਹੈਨ ਅਧੀਨ ਮੇਰੇ,
ਬਲਕਿ ਰੱਬ-ਰਹੀਮ-ਕਰਤਾਰ ਹਾਂ ਮੈਂ।
ਇੱਕ ਚੇਲੀ ਨਾਲ ਦੂਜਾ ਵਿਆਹ ਕਰਕੇ,
ਕਈਆਂ ਜਨਮਾਂ ਤੋਂ ਕਹੇ ਇਹਦਾ ਯਾਰ ਹਾਂ ਮੈਂ।
ਨਾਨਕ, ਹਰਗੋਬਿੰਦ, ਦਸਮੇਸ਼ ਕੀ ਨੇ ?
ਸਿਰਜਣਹਾਰ ਖੁਦ ਆਪੇ ਨਿਰੰਕਾਰ ਹਾਂ ਮੈਂ।

ਇਹਦੇ ਡੇਰੇ ਕੁਝ ਸੰਗਤਾਂ ਜਦੋਂ ਗਈਆਂ,
ਡਰਦਾ ਸਾਧ ਉਡਾਰੀਆਂ ਮਾਰ ਗਿਆ ਸੀ।
ਆਪਣੇ ਚੇਲੀ ਦੇ ਖਸਮ ਅਮਰੀਕ ਤਾਈਂ,
ਕੁੱਟ ਖਾਣ ਲਈ "ਨੂਰੀ" ਖਲ੍ਹਾਰ ਗਿਆ ਸੀ।

ਪੜ੍ਹਕੇ ਕਿਹਾ ਅਖ਼ਬਾਰ ਨੂੰ ਇੱਕ ਸੱਜਣ,
ਪਾਉਂਦੇ ਫੜੇ ਗਏ ਦੇਖੋ ਅਚਾਰ ਨਕਲੀ।
ਪਾਸ ਬੈਠੇ ਇੱਕ ਹੋਰ ਜਵਾਬ ਦਿੱਤਾ,
ਹੁਣ ਤਾਂ ਦੇਸ਼ ਦਾ ਬਹੁਤਾ ਵਿਹਾਰ ਨਕਲੀ।
ਦੁੱਧ, ਘਿਉ ਤੇ ਦਹੀਂ, ਪਨੀਰ, ਖੋਆ,
ਬਣਦੇ ਜਾ ਰਹੇ ਨੇ ਮਾਰੋ-ਮਾਰ ਨਕਲੀ।
ਚੈਕਿੰਗ ਕਰਦਿਆਂ ਫੜੇ ਗਏ ਚੌਕ ਵਿੱਚੋਂ,
ਥਾਣੇਦਾਰ ਨਕਲੀ, ਹਵਾਲਦਾਰ ਨਕਲੀ।
ਆਟੇ-ਦਾਲ ਦੀ ਇਸ ਸਕੀਮ ਅੰਦਰ,
ਨਕਲੀ ਬਣੇ ਗਰੀਬ ਧਨਵਾਨ ਵੇਹਨਾ।
ਸਾਂਗ ਸਾਧੂਆਂ ਦੇ ਧਾਰ ਕੇ ਠੱਗ ਫਿਰਦੇ,
ਤਰ੍ਹਾਂ-ਤਰ੍ਹਾਂ ਦੇ ਏਥੇ ਇਨਸਾਨ ਵੇਹਨਾਂ।

ਤਰਕਸ਼ੀਲ ਸੁਸਾਇਟੀਆਂ ਕਈ ਵਾਰੀ,
ਕਰ ਚੁੱਕੀਆਂ ਇਹ ਐਲਾਨ ਪਿਆਰੇ।
ਪੰਜ ਲੱਖ ਦਾ ਸਾਥੋਂ ਇਨਾਮ ਪਾਵੇ,
ਕਰਾਮਾਤ ਜਿਸ ਪਾਸ ਮਹਾਨ ਪਿਆਰੇ।
ਫ਼ੜ੍ਹਾਂ ਫੋਕੀਆਂ ਮਾਰ ਕੇ ਕਈ ਤੁਰ ਗਏ,
ਦੱਸ ਕੇ ਰੱਬ ਰਹੀਮ ਰਹਿਮਾਨ ਪਿਆਰੇ।
ਸ਼ਰਤ ਇਨ੍ਹਾਂ ਦੀ ਕੋਈ ਨਾ ਜਿੱਤ ਸਕਿਆ,
ਭੇਖੀ ਸਾਧ ਨਾ, ਬੀਰ ਬਲਵਾਨ ਕਰੀਏ।
ਤਰਕਸ਼ੀਲਾਂ ਦੀ ਸੋਚ ਆਪਣਾ ਚਾਹੀਦੈ,
ਵਹਿਮਾਂ-ਭਰਮਾਂ, ਪਾਖੰਡਾ ਨੂੰ ਦੂਰ ਕਰੀਏ।
ਦੀਪਕ ਗਿਆਨ ਦੇ ਥਾਂ-ਥਾਂ ਜਗਾ "ਨੂਰੀ"
ਭੁੱਲੇ-ਭਟਕਿਆਂ ਨੂੰ ਨੂਰੋ-ਨੂਰ ਕਰੀਏ।



ਜਨਨੀ ਜੱਗ ਤੇ ਜਿਹੜੀ ਮਨੁੱਖਤਾ ਦੀ,
ਕਿਉਂ ਨਾ ਉਸ ਦੇ ਨਾਲ ਪਿਆਰ ਕਰੀਏ।
ਦੇ ਕੇ ਹੱਕ ਬਰਾਬਰੀ ਦਾ ਔਰਤਾਂ ਨੂੰ,
ਪੂਰਾ ਇਨ੍ਹਾਂ ਦਾ ਮਾਣ-ਸਤਿਕਾਰ ਕਰੀਏ।
ਹਕ ਇੱਕ ਖੇਤਰ ਵਿੱਚ ਮਾਰੀਆਂ ਜਿਨ੍ਹਾਂ ਮੁੱਲਾਂ,
ਉਨ੍ਹਾਂ ਉੱਤੇ ਬਈ ਮਾਣ ਸਤਿਕਾਰ ਕਰੀਏ।
ਪੁੱਤਰ, ਧੀ ਨੂੰ ਇੱਕੋ ਜਿਹਾ ਸਮਝਿਆ ਜਾਏ,
ਇੱਕੋ ਜਿਹਾ ਹੀ ਵਰਤੋਂ ਵਿਹਾਰ ਕਰੀਏ।
ਜੋ ਮਾਂ, ਧੀ ਤੇ ਭੈਣ ਦੀਆਂ ਦੇਣ ਗਾਲ੍ਹਾਂ,
ਉਹਨਾਂ ਮੂਰਖਾਂ ਤਾਈਂ ਸਮਝਇਆ ਜਾਵੇ।
ਪੁੱਤਰ, ਧੀ ਵਿੱਚ ਰਤਾ ਨਹੀਂ ਫਰਕ "ਨੂਰੀ"
ਇਹ ਵਿਤਕਰਾ ਉੱਕਾ ਮਿਟਾਇਆ ਜਾਵੇ।

ਕਪੂਰਥਲੇ ਸ਼ਹਿਰ ਵਿੱਚ ਈ ਜੀ ਐਸ ਟੀਚਰ,
ਬੈਠੇ ਦਿਨਾਂ ਤੋਂ ਧਰਨਾ ਮਾਰ ਓਏ ਹੋਏ।
ਸਿੱਖਿਆ ਮੰਤਰੀ ਦੀ ਕੋਠੀ ਵੱਲ ਤੁਰ ਪਏ,
ਆਖਿਰ ਹੋ ਕੇ ਬੜੇ ਲਾਚਾਰ ਓਏ ਹੋਏ।
ਸੁਣੀ ਗਈ ਨਾ ਦਾਦ-ਫ਼ਰਿਆਦ ਕੋਈ,
ਹੋਇਆ ਸਾਫ਼ ਸੀ ਜਦੋਂ ਇਨਕਾਰ ਓਏ ਹੋਏ।
ਇੱਕ ਅਧਿਆਪਕਾ ਆਪ ਹੀ ਅੱਗ ਲਾ ਕੇ,
ਲਿਆ ਸਾੜ ਕੇ ਖੁਦ ਨੂੰ ਮਾਰ ਓਏ ਹੋਏ।
ਰਾਜ ਰਾਜੇ ਰਣਜੀਤ ਦਾ ਕਹਿਣ ਵਾਲੀ,
ਕਾਹਦੀ ਦੱਸੋ ਪੰਜਾਬ ਸਰਕਾਰ ਓਏ ਹੋਏ।
ਜਿੱਥੇ ਭੁੱਖ ਦੇ ਦੁੱਖ ਤੋਂ ਹੋ ਆਤੁਰ,
ਮਾਰਦੇ "ਨੂਰੀ" ਨੇ ਬੇਰੁਜ਼ਗਾਰ ਓਏ ਹੋਏ।

ਕੁਝ ਜ਼ਾਲਮਾਂ ਕੋਝੀ ਕਰਤੂਤ ਕਰ ਕੇ,
ਵਰਕਾ ਦਿੱਤਾ ਇਖ਼ਲਾਕ ਦਾ ਪਾੜ ਓਏ ਹੋਏ।
ਔਰਤ ਇੱਕ ਨੂੰ ਰੁੱਖ ਦੇ ਨਾਲ ਬੰਨ੍ਹ ਕੇ,
ਅੱਗ ਲਾ ਕੇ ਦਿੱਤਾ ਹੈ ਸਾੜ ਓਏ ਹੋਏ।

ਲਾਸ਼ ਉਸ ਦੀ ਨੂੰ ਲੋਕਾਂ ਵੇਖਿਆ ਹੈ,
ਖਾ ਰਹੀ ਕੁੱਤਿਆਂ ਦੀ ਹੈ ਸੀ ਧਾੜ ਓਏ ਹੋਏ।
ਅੰਗ ਉਹਦੇ ਸਰੀਰ ਦੇ ਦੱਸਦੇ ਨੇ,
ਲੀਰੋ-ਲੀਰ ਕਰ ਦਿੱਤੇ ਸੀ ਪਾੜ ਓਏ ਹੋਏ।
ਭਗਤਾ ਭਾਈ ਕੇ ਜਿੱਥੇ ਇਹ ਕਹਿਰ ਹੋਇਆ,
ਸੁਣ ਕੇ ਹਰ ਇਨਸਾਨ ਕੁਰਲਾ ਰਿਹਾ ਹੈ।
ਮਿਲੇ ਦੋਸ਼ੀਆਂ ਤਾਂਈ ਸਜ਼ਾ ਪੂਰੀ,
ਸ਼ਾਇਰ "ਨੂਰੀ" ਅੱਜ ਵਾਸਤੇ ਪਾ ਰਿਹਾ ਹੈ।

ਤਾਲਿਬਾਨ ਜੋ ਮਾਰਨ ਨਿਰਦੋਸ਼ਿਆਂ ਨੂੰ,
ਪਵੇ ਉਹਨਾਂ ਤੇ ਅੱਲ੍ਹਾ ਦੀ ਮਾਰ ਓਏ ਹੋਏ।
ਏਸ ਕੋਝੀ ਕਰਤੂਤ ਤੇ ਹਰ ਕੋਈ,
ਰੋਂਦਾ ਪਿਆ ਵੇਖੋ ਜ਼ਾਰੋ-ਜ਼ਾਰ ਓਏ ਹੋਏ।
ਇੱਕ ਹੋਰ ਵੀ ਦੱਸਦੇ ਅਗਵਾ ਕਰ ਕੇ,
ਕਰਦੇ ਉਸ ਨੂੰ ਵੀ ਅਵਾਜ਼ਾਰ ਓਏ ਹੋਏ।
ਪਾਕਿਸਤਾਨ ਜਿਸ ਤੋਂ ਇਹ ਨਾ ਆਉਣ ਕਾਬੂ,
ਦੱਸੋ ਕਾਹਦੀ ਉਹ ਭਲਾ ਸਰਕਾਰ ਓਏ ਹੋਏ।
ਇੱਕਜੁੱਟ ਹੋ ਕੇ ਚਾਹੀਦੈਂ ਮੁਲਕ ਸਾਰੇ,
ਏਸ ਬਾਤ ਦੇ ਤਾਈਂ ਵਿਚਾਰਿਆ ਜਾਏ।
ਹਰ ਇੱਕ ਵਰਤ ਕੇ ਜਾਇਜ਼ ਹਥਿਆਰ "ਨੂਰੀ",
ਤਾਲਿਬਾਨ ਦੇ ਤਾਈਂ ਸੁਧਾਰਿਆਂ ਜਾਏ।

ਕਦੇ ਗੁੰਡਿਆਂ ਵਾਂਗਰ ਹੱਸਦਾ ਸੀ,
ਉਸ ਰਾਠੌਰ ਨੂੰ ਅੱਜ ਹਜ਼ੂਰ ਤੱਕੋ।
ਡੇਢ ਸਾਲ ਦੀ ਕੈਦ ਦਾ ਹੁਕਮ ਸੁਣ ਕੇ,
ਉੱਡ ਗਿਆ ਸਾਰਾ ਹੀ ਚਿਹਰੇ ਦਾ ਨੂਰ ਤੱਕੋ।
ਆਪਣੀ ਧੀ ਦੀ ਹਾਨਣ ਇੱਕ ਬਾਲੜੀ ਸੰਗ,
ਛੇੜ-ਛਾੜ ਦਾ ਕੀਤਾ ਕਸੂਰ ਤੱਕੋ।
ਦੋਸ਼ੀ ਕਦੋਂ ਤੱਕ ਬਚੇਗਾ ਦੋਸ਼ ਕਰਕੇ,
ਫਲ ਕੀਤੇ ਦਾ ਪਾਊ ਜ਼ਰੂਰ ਤੱਕੋ।



ਆਮ ਆਦਮੀ ਦੀ ਇਸ ਨੂੰ ਜਿੱਤ ਕਹੀਏ,
ਜਾਂ ਫਿਰ ਵੱਡੇ ਅਭਿਮਾਨੀ ਦੀ ਹਾਰ ਕਹੀਏ।
ਮੇਰੀ ਨਜ਼ਰ ਵਿੱਚ ਐਹੋ ਜਿਹੇ ਦੋਸ਼ੀਆਂ ਨੂੰ,
ਕੀਤਾ ਗਧੇ ਤੇ "ਨੂਰੀ" ਅਸਵਾਰ ਕਹੀਏ।

ਸਾਡੇ ਪਾਰਲੀਮੈਂਟ ਦੇ ਮੈਂਬਰਾਂ ਦਾ,
ਸੂਝਵਾਨ ਇੱਕ ਦਰਦ ਬਿਆਨ ਕੀਤਾ।
ਇਹਦੇ ਵਿੱਚ ਨਹੀਂ ਉੱਕਾ ਹੀ ਝੂਠ ਕੋਈ,
ਸੱਚੋ-ਸੱਚ ਹੈ ਓਸ ਫ਼ਰਮਾਨ ਕੀਤਾ।
ਆਪਣੀਆਂ ਉਜਰਤਾਂ ਵਿੱਚ ਵਾਧਾ ਕਰਨ ਖ਼ਾਤਰ,
ਨਾਹਰੇ ਮਾਰ ਜੋ ਕੰਮ ਮਹਾਨ ਕੀਤਾ।
ਉਨ੍ਹਾਂ ਉੱਤੇ ਸਵਾਲ ਜੋ ਓਸ ਕੀਤੈ,
ਚਾਹੀਦੈ ਏਸ ਵੱਲ ਪਿਆਰੇ ਧਿਆਨ ਕੀਤਾ।
ਕਰੋੜਪਤੀ ਨੇ ਇਨ੍ਹਾਂ ਵਿੱਚੋਂ ਕਈ ਮੈਂਬਰ,
ਚੋਣਾਂ ਵਿੱਚ ਜੋ ਮਾਇਆ ਲੁਟਾਉਂਣ ਵਾਲੇ।
ਜਿੱਤਣ ਬਾਅਦ ਇਹ ਕਈ ਤਰੀਕਿਆਂ ਨਾਲ,
ਮਾਲ ਚੌਗਣਾਂ "ਨੂਰੀ" ਕਮਾਉਂਣ ਵਾਲੇ।

ਮੇਰਾ ਦੇਸ਼ ਮਸ਼ਹੂਰ ਘੁਟਾਲਿਆਂ ਵਿੱਚ,
ਜ਼ਿਕਰ ਜਿਨ੍ਹਾਂ ਦਾ ਰੋਜ਼ ਅਖ਼ਬਾਰ ਕਰਦੇ।
ਟੀ. ਵੀ., ਰੇਡੀਓ ਵੀ ਇਹਨਾਂ ਦਾ ਕਰਨ ਚਰਚਾ,
ਐਪਰ ਇਹ ਨਹੀਂ ਸ਼ਰਮ ਸਰਕਾਰ ਕਰਦੇ।
ਅਸਤੀਫ਼ਾ ਦੇ ਕੇ ਸੁਰਖ਼ਰੂ ਹੋ ਜਾਂਦੇ,
ਜੀਵਨ ਐਸ਼ ਫੇਰ ਦਾ ਗੁਜ਼ਾਰ ਕਰਦੇ।
ਚਾਹੀਦਾ ਇਨ੍ਹਾਂ ਨੂੰ ਮਿਲੇ ਸਜ਼ਾ ਪੂਰੀ,
ਦੋਸ਼ ਜਿਸ ਤਰ੍ਹਾਂ ਦਾ ਇਹ ਗੁਨਾਹਗਾਰ ਕਰਦੇ।
ਅਸਤੀਫ਼ੇ ਕੋਈ ਸਜ਼ਾ ਨਾ ਇਨ੍ਹਾਂ ਦੀ ਹੈ,
ਚਵਾਨ ਅਤੇ ਕਲਮਾਡੀ ਦੇ ਕਾਰਿਆਂ ਦੀ।
ਮਾਲ ਜ਼ਬਤ ਕਰ ਕੇ ਪੂਰੀ ਜਾਂਚ ਹੋਵੇ,
"ਨੂਰੀ" ਭ੍ਰਿਸ਼ਟੀਆਂ ਲੋਭ ਦੇ ਮਾਰਿਆਂ ਦੀ।

ਇੱਕ ਟੀ. ਵੀ. ਦੇ ਚੈਨਲ ਤੇ ਜ਼ੋਤਸ਼ੀ ਇੱਕ,
ਸਾਰੇ ਦੁੱਖਾਂ ਦੀ ਦੱਸੀ ਦਵਾਈ ਜਾਂਦਾ।
ਨਾਮ, ਉਮਰ, ਪੈਦਾਇਸ਼ ਦਾ ਪਤਾ ਪੁੱਛ ਕੇ,
ਫਟਾਫਟ ਦਿਨ ਵਾਰ ਸੁਣਾਈ ਜਾਂਦਾ।
ਮੋਂਗਾ ਪਾਉਂਣ ਦੀ ਕਿਸੇ ਨੂੰ ਗੱਲ ਦੱਸਦੈ,
ਗਲ ਵਿੱਚ ਕਿਸੇ ਦੇ ਤਵੀਤ ਪੁਆਈ ਜਾਂਦਾ।
ਦਿਨ ਚੰਗੇ ਹੁਣ ਤੇਰੇ ਨੇ ਆਉਂਣ ਵਾਲੇ,
ਲਾਰੇ ਲਾ ਕੇ ਏਦਾਂ ਭਰਮਾਈ ਜਾਂਦਾ।
ਮੂਰਖ ਲੋਕ ਜੋ ਏਨਾਂ ਵੀ ਸਮਝਦੇ ਨਹੀਂ,
ਲਿਖਿਆ ਜੋ ਤਕਦੀਰ ਵਿੱਚ ਹੋਊਗਾ ਉਹ।
ਜਿਹੜਾ ਇਨ੍ਹਾਂ ਤੇ ਕਰੂ ਇਤਬਾਰ "ਨੂਰੀ",
ਦੇ ਕੇ ਅੱਖੀ ਘਸੁੰਨ ਫਿਰ ਰੋਊਗਾ ਉਹ।

ਧੱਕੇ ਨਾਲ ਹੀ ਹੋਏ ਸਟਾਰਟ,
ਹਰ ਦਫ਼ਤਰ ਦੀ ਫ਼ਾਈਲ ਪਿਆਰੇ।
ਮੈਂ ਅਕਸਰ ਖੁਦ ਗਹੁ ਨਾਲ ਪਰਖੇ,
ਹਰ ਦਫ਼ਤਰ ਦੇ ਬਾਬੂ ਸਾਰੇ।
ਜੇਕਰ ਕੋਈ ਇੱਕ-ਅੱਧ ਚੰਗਾ,
ਹੱਕ -ਸੱਚ ਜੇ ਕਰਨਾ ਧਾਰੇ।
ਦੂਜੇ ਉਸ ਨੂੰ ਆਖਣ ਮੂਰਖ,
ਇਹ ਸਾਡੇ ਵੀ ਹੱਕ ਨੂੰ ਮਾਰੇ।
ਹੁਣ ਮੈਨੂੰ ਇਹ ਸੋਝੀ ਆਈ,
ਹੱਕ ਆਪਨਾ ਜੇ ਪਾਊਣਾ ਚਾਹੋ।
ਤਾਂ ਫਿਰ "ਨੂਰੀ" ਫ਼ਾਈਲ ਦੇ ਪਿੱਛੇ,
ਨਾਲ ਰੁਪਈਆਂ ਧੱਕਾ ਲਾਓ।



ਲੁੱਟਾਂ-ਖੋਹਾਂ, ਕਤਲਾਂ ਤੇ ਡਾਕਿਆਂ ਨਾਲ,
ਹਰ ਰੋਜ਼ ਅਖ਼ਬਾਰ ਹੈ ਭਰੀ ਹੁੰਦੀ।
ਬਲਾਤਕਾਰ ਕਿਸੇ ਛੋਟੀ ਜਿਹੀ ਬੱਚੜੀ ਸੰਗ,
ਵਹਿਸ਼ੀ ਕਿਸੇ ਦਰਿੰਦੇ ਤੋਂ ਕਰੀ ਹੁੰਦੀ।
ਦਾਜ ਥੋੜ੍ਹਾ ਲਿਆਉਂਣ ਤੇ ਕੋਈ ਨਿਰਧਨ,
ਭੁੱਖੜ ਸਹੁਰਿਆਂ ਦੇ ਹੱਥੋਂ ਮਰੀ ਹੁੰਦੀ।
ਦਿਨ-ਦੀਵੀ ਬਾਜ਼ਾਰ ਵਿੱਚ ਜਾਣ ਵਾਲੀ,
ਝੁਪਟਮਾਰਾਂ ਤੋਂ ਔਰਤ ਹਰ ਡਰੀ ਹੁੰਦੀ।
ਵਧਦੀ ਇਸ ਮਹਿੰਗਾਈ ਦੇ ਯੁੱਗ ਅੰਦਰ,
ਦਰਦੀ ਕਿਹੜੇ ਹਨ ਦਰਦ ਵੰਡਾਉਣ ਵਾਲੇ।
ਲੀਡਰ ਜਿਨ੍ਹਾਂ ਤੇ ਕਰਦੈਂ ਤੂੰ ਮਾਣ "ਨੂਰੀ"
ਇਹ ਸਭ ਆਪਣੀਆਂ ਹੀ ਤਲਾਬਾਂ ਵਧਾਉਣ ਵਾਲੇ।

ਨਵਾਂ ਜ਼ਮਾਨਾਂ ਅਖ਼ਬਾਰ ਵਿੱਚ ਕੱਲ ਜੋ ਛਪੀਆਂ,
ਸਿਆਸੀ ਝਾਕੀਆਂ ਜਾਪਣ ਇਹ ਸੱਚੀਆਂ ਨੇ।
ਸਬਜ਼ ਬਾਗ ਜੋ ਸਾਡੇ ਵਿਖਾਉਂਣ ਲੀਡਰ,
ਬਾਤਾਂ ਕਰਨ ਉਹ ਸਾਰੀਆਂ ਕੱਚੀਆਂ ਨੇ।
ਉਜਾਂ ਕਿਹੜੀਆਂ ਲੱਗਣੋਂ ਇਨ੍ਹਾਂ ਦੇ ਸਿਰ,
ਦੱਸੋਂ ਪਿਆਰਿਓ ਬਾਕੀ ਜੋ ਬੱਚੀਆਂ ਨੇ।
ਘਰ ਦੀ ਫੁੱਟ ਨੇ ਸਾੜ ਸੁਆਹ ਕੀਤਾ,
ਅੱਗਾਂ ਏਕਤਾ ਦੇ ਘਰੀਂ ਮੱਚੀਆਂ ਨੇ।
ਸੁਣਦਾ ਕੋਈ ਨ੍ਹੀਂ ਦਾਦ-ਫ਼ਰਿਆਦ ਉੱਕਾ,
ਜਾਮੋ ਸੱਕੇ ਜਿਹਾ ਰਾਜ ਪ੍ਰਧਾਨ ਇੱਥੇ।
ਜ਼ੋਰਾਵਰਾਂ ਦਾ ਸੱਤੀ ਵੀਹੀਂ ਸੌ "ਨੂਰੀ",
ਜ਼ਰੋਜ਼ਾਰ ਪਿਆ ਰੋਵੇ ਸੰਵਿਧਾਨ ਇੱਥੇ।

ਇੱਕ ਬਾਂਤ ਮੈਂ ਪੁੱਛਦਾ ਸਾਰਿਆ ਨੂੰ,
ਇਸ ਵਿੱਚ ਰਤਾ ਵੀ ਝੂਠ ਸਰਕਾਰ ਨਹੀਂ ਹੈ।
ਮੇਰੇ ਦੇਸ਼ ਵਿੱਚ ਕਿਹੜਾ ਉਹ ਮਹਿਕਮਾ ਹੈ,
ਜਿਹੜੇ ਮਹਿਕਮੇ ਵਿੱਚ ਭ੍ਰਿਸ਼ਟਾਚਾਰ ਨਹੀਂ।

ਕਿਹੜੇ ਕੰਮ ਜੋ ਰਿਸ਼ਵਤ ਤੋਂ ਬਿਨ੍ਹਾਂ ਹੁੰਦਾ,
ਕਿਹੜਾ ਸਹਿੰਦਾ ਇਸ ਰਿਸ਼ਵਤ ਦੀ ਮਾਰ ਨਹੀਂ ਹੈ।
ਮੇਰੇ ਦੇਸ਼ ਵਿੱਚ ਹੋਏ ਘੁਟਾਲਿਆਂ ਦੀ,
ਕਰਦਾ ਜ਼ਿਕਰ ਉਹ ਕਿਹੜਾ ਅਖ਼ਬਾਰ ਨਹੀਂ ਹੈ।
ਇਨ੍ਹਾਂ ਦੇਸ਼ ਵਿੱਚ ਹੋ ਰਹੇ ਘੁਟਾਲਿਆਂ ਤੋਂ,
ਸੂਝਵਾਨ ਲੋਕੀਂ ਸ਼ਰਮ ਖਾਣ ਪਿਆਰੇ।
ਐਪਰ ਦੇਸ਼ ਦੇ ਲੀਡਰ ਨਾ ਖਾਸ "ਨੂਰੀ"
ਇਨ੍ਹਾਂ ਵੱਲ ਕੋਈ ਦੇਣ ਧਿਆਨ ਪਿਆਰੇ।

ਗੁਰੂ ਨਾਨਕ ਪੁਰਬ ਦੇ ਆਉਣ ਦੀ ਖੁਸ਼ੀ ਅੰਦਰ,
ਸ਼ਰਧਾ ਨਾਲ ਕਈ ਪੁਰਬ ਮਨਾਉਂਣ ਆਏ।
ਮਾਇਆ, ਰਾਸ਼ਨ ਕਈ ਹੋਰਾਂ ਤੋਂ ਕਰ ਇੱਕਠੇ,
ਲੰਗਰ ਸੰਗਤਾਂ ਤਾਈਂ ਛਕਾਉਂਣ ਆਏ।
ਰਾਗੀ, ਢਾਡੀ, ਪ੍ਰਚਾਰਕ ਤੇ ਗੁਣੀ ਗਿਆਨੀ,
ਗੁਣ ਬਾਬੇ ਦੇ ਹੁੱਬ-ਹੁੱਬ ਗਾਉਂਣ ਆਏ।
ਭੁੱਲਾਂ ਜਾਣੇ-ਅਣਜਾਣੇ ਜੋ ਹੋ ਗਈਆਂ ਸਨ,
ਉਹਨਾਂ ਭੁੱਲਾਂ ਨੂੰ ਕਈ ਬਖਸ਼ਾਉਂਣ ਆਏ।
ਪੰਜੇ ਐਬ ਜੋ ਬਾਬੇ ਨੇ ਕਿਹਾ ਛੱਡੋ,
ਇਹਨਾਂ ਤਾਈਂ ਕਿਹਨੇ ਛੱਡਿਆ ਹੈ।
ਕਿਸ ਨੇ ਇਨ੍ਹਾਂ ਤੈ ਹੈ "ਨੂਰੀ" ਅਮਲ ਕਰ ਕੇ,
ਫਸਤਾ ਅੱਜ ਤੋਂ ਇਨ੍ਹਾਂ ਦਾ ਵੱਡਿਆ ਹੈ।

ਪੈਨਸ਼ਨੇਰੋ, ਮੁਲਾਜ਼ਮੋਂ, ਬੇਰੁਜ਼ਗਾਰੋ,
ਸੁਣਦਾ ਤੁਸਾਂ ਦੀ ਕੋਈ ਨਹੀਂ ਬਾਤ ਏਥੇ।
ਵੋਟਾਂ ਵਿੱਚ ਲੀਡਰ ਲਾਰੇ ਲਾਉਣ ਵਾਲੇ,
ਪਾਈ ਦਿਨੇ ਹੀ ਇਨ੍ਹਾਂ ਹੁਣ ਰਾਤ ਏਥੇ।
ਅੰਨ੍ਹਾਂ ਸੀਰਨੀ ਵੰਡਣ ਦੀ ਬਾਤ ਜਾਪੇ,
ਰਿਸ਼ਤੇਦਾਰਾਂ ਨੂੰ ਦੇਣ ਹਰ ਦਾਤ ਇੱਥੇ।
ਸਾਡੇ ਲਈ ਖ਼ਜ਼ਾਨਾ ਇਹ ਆਖ ਖ਼ਾਲੀ,
ਸਾਨੂੰ ਭੁੱਖ ਦੀ ਬਖਸ਼ਣ ਸੌਗਾਤ ਏਥੇ।



ਵਧੀ ਪੈਨਸ਼ਨ ਨੂੰ ਕਿਸ਼ਤਾਂ ਵਿੱਚ ਦੇਣ ਵਾਲੀ,
ਬਾਤ ਕਿਤਨੀ ਅਜੀਬ ਇਹ ਕਰੀ ਜਾਂਦੇ।
ਆਪਣੀਆਂ ਤਲਬਾਂ ਵਧਾਉਂਦਿਆਂ ਸੋਚਦੇ ਨਹੀਂ,
ਪੈਨਸ਼ਨਰ ਮਹਿੰਗਾਈ ਹੱਥੋਂ "ਨੂਰੀ" ਮਰੀ ਜਾਂਦੇ।

ਆਪਣੇ ਦੇਸ਼ ਦੇ, ਯੋਧੇ ਬਹਾਦਰਾਂ ਨੂੰ,
ਪੈਰ-ਪੈਰ ਤੇ ਸ਼ਇਰੋ ਵੰਗਾਰ ਦੱਸੋ।
ਹਰ ਇੱਕ ਵੀਰ ਦੇ ਸੁੱਤਿਆਂ ਜਜ਼ਬਿਆਂ ਨੂੰ,
ਹੁੱਝਾਂ ਮਾਰ ਕੇ ਫੇਰ ਉਭਾਰ ਦੱਸੋ।
ਸੀਸ ਭੇਂਟ ਕਰ ਕੌਮ ਦੀ ਨੀਂਹ ਥੱਲੇ,
ਢੱਠਾ ਕੌਮ ਦਾ ਮਹਿਲ ਉਸਾਰ ਦੱਸੋ।
ਦੱਸ ਕੇ ਗੁਰੂ ਗੋਬਿੰਦ ਦੇ ਕਾਰਨਾਮੇ,
ਆਪਣਾ ਕੌਮੀ ਇਤਿਹਾਸ ਸ਼ਿਗਾਰ ਦੱਸੋ।
ਜਦ ਤੋ ਕੌਮ ਵਿਚ ਨਸ਼ੇ ਪ੍ਰਧਾਨ ਹੋਏ,
ਤਦ ਤੋ ਝੱਖੜ ਬਰਬਾਦੀ ਦੇ ਝੁੱਲ ਗਏ ਨੇ।
ਬਹੁਤੇ ਨਾਮ-ਧਰੀਕ ਹੀ ਸਿੰਘ ਰਹਿ ਗਏ,
"ਨੂਰੀ" ਅਣਖ ਦਸਮੇਸ਼ ਦੀ ਭੁੱਲ ਗਏ ਨੇ।

ਕੱਢ ਦਿੱਤੈ ਕੁੜੱਲ ਮਹਿੰਗਾਈ ਸਾਡੇ,
ਔਖੇ ਸਾਰੇ ਗ਼ਰੀਬ ਹਨ ਬੜੇ ਹੋ ਗਏ।
ਸੁੱਖ ਸੱਤਾ ਦਾ ਭੋਗ ਰਹੇ ਲੀਡਰਾਂ ਦੇ,
ਹੱਥ ਆਖਦੇ ਨੇ ਦੋਵੇਂ ਖੜੇ ਹੋ ਗਏ।
ਜ਼ਖੀਰੇਬਾਜ਼ਾਂ ਤੇ ਵੱਡੇ ਵਪਾਰੀਆਂ ਦੇ,
ਇਨ੍ਹਾਂ ਨਾਲ ਲੱਗਦੇ ਸਾਂਝੇ ਧੜੇ ਹੋ ਗਏ।
ਜ਼ੱਫੇ ਕੁਰਸੀਆਂ ਦੇ ਨਾਲ ਪਾਉਣ ਵਾਲੇ,
ਜਨਤਾ ਵਾਸਤੇ ਨੇ ਥਿੰਦੇ ਘੜੇ ਹੋ ਗਏ।
ਜੇਕਰ ਕੌਮ ਲਈ ਲੀਡਰੋ, ਦਰਦ ਸੀਨੇ,
ਫੇਰ ਠੱਲ੍ਹ ਮਹਿੰਗਾਈ ਤੇ ਪਾਓ ਪਿਆਰੇ।
ਨਹੀਂ ਤਾਂ ਛੱਡ ਕੇ ਕੁਰਸੀਆਂ, ਚੌਧਰਾਂ ਨੂੰ,
"ਨੂਰੀ" ਆਪਣੇ ਘਰਾਂ ਨੂੰ ਜਾਓ ਪਿਆਰੇ।

ਦੀਦਾਰ-ਏ-ਤਖ਼ਤ ਇੱਕ ਚੱਲੀ ਰੇਲ ਗੱਡੀ,
ਪੰਜਾਂ ਤਖ਼ਤਾਂ ਦੇ ਦਰਸ਼ਨ ਕਰਵਾਏ ਜਿਹੜੀ।
ਅਮੀਰ ਸਿੱਖਾਂ ਲਈ ਸ਼ੁੱਭ ਇਹ ਖ਼ਬਰ ਜਾਣੋਂ,
ਹਰ ਇੱਕ ਸਹੂਲਤ ਪਹੁੰਚਾਏ ਜਿਹੜੀ।
ਮੱਥੇ ਟੇਕਦੇ ਕਈ ਇਸ ਰੇਲ ਤਾਈਂ,
ਹਰ ਇੱਕ ਸਿੱਖ ਦੇ ਦਿਲ ਨੂੰ, ਭਾਏ ਜਿਹੜੀ।
ਦੋ ਲੱਖ ਤੋ ਵਧ ਹੈ ਟਿਕਟ ਇਹਦੀ,
ਆਮ ਬੰਦੇ ਨੂੰ ਰਾਸ ਨਾ ਆਏ ਜਿਹੜੀ।
ਇਸ ਗੱਡੀ ਦੀ ਸੋਭਾ ਇੱਕ ਹੋਰ ਸੁਣੀ ਹੈ,
ਪੱਤਰਕਾਰਾਂ ਨੇ ਜਿਹੜੀ ਬਿਆਨ ਕੀਤੀ।
ਕਰਦੇ ਜਿਹੜੀ ਸ਼ਰਾਬ ਤੋਂ ਸਿਖ ਨਫ਼ਰਤ,
ਮਿਲਣੀ ਇਹਦੇ ਵਿੱਚ "ਨੂਰੀ" ਆਸਾਨ ਕੀਤੀ।

ਬਾਪੂ ਮਰ ਗਿਆ ਭੁੱਖ ਦੇ ਨਾਲ ਘੁਲਦਾ,
ਰਸਮਾਂ ਉਹਦੀਆਂ ਦੇਖੋ ਨਿਭਾਉਣ ਮੁੰਡੇ।
ਫੋਟੋ ਸਾਰੀਆਂ ਅਖ਼ਬਾਰਾਂ ਦੇ ਵਿੱਚ ਦੇ ਕੇ,
ਭੋਗ ਗੱਜ-ਵੱਜ ਉਹਦਾ ਪਵਾਉਣ ਮੁੰਡੇ।
ਸੱਦ ਕੇ ਲੀਡਰਾਂ ਅਤੇ ਪਤਵੰਤਿਆਂ ਨੂੰ,
ਸਿਫ਼ਤਾਂ ਉਹਦੀਆਂ ਤਾਈਂ ਸੁਣਾਉਣ ਮੁੰਡੇ।
ਸਿਫ਼ਤਾਂ ਕਰ ਪਰਵਾਰ ਦੀਆਂ ਕਹਿਣ ਲੀਡਰ,
ਸਾਰੇ ਇਹੋ-ਜਿਹੀ ਸੇਵਾ ਕਮਾਉਣ ਮੁੰਡੇ।
ਭੇਤੀ ਜਾਣਦੇ ਬਾਹਰਲੈ ਬੂਹੇ ਅੱਗੇ,
ਪਿਤਾ ਠੰਡ ਤੇ ਭੁੱਖ ਨਾਲ ਮਰ ਗਿਆ ਹੈ।
ਪੁੱਛਿਆ ਕਦੇ ਨਾ ਕਿਸੇ ਵੀ ਹਾਲ "ਨੂਰੀ",
ਕਾਲਾ ਮੂੰਹ ਪਰਵਾਰ ਦਾ ਕਰ ਗਿਆ।

ਕਾਲਾ ਧਨ ਹੈ ਜਿਨ੍ਹਾਂ ਨੇ ਜਮ੍ਹਾਂ ਕੀਤਾ,
ਲੋਕੀਂ ਚਾਹੁੰਦੇ ਹਨ ਉਹਨਾਂ ਦੇ ਨਾਮ ਦੱਸੋ।
ਸਾਰੀ ਲੁਕ-ਲੁਕਾਈ ਨੂੰ ਛੱਡ ਪਾਸੇ,
ਏਸ ਬਾਤ ਤਾਈਂ ਸ਼ਰੇਆਮ ਦੱਸੋ।



ਕਿੰਨੀ ਰਕਮ ਰੱਖੀ ਕਿਹੜੇ ਦੇਸ਼ ਅੰਦਰ,
ਕਿੰਨਾ ਵੱਡਾ ਉਹ ਬਦ ਬਦਨਾਮ ਦੱਸੋ।
ਲੋਕੀਂ ਮਾਰੇ ਮਹਿੰਗਾਈ ਦੇ ਪੁੱਛਦੇ ਨੇ,
ਹੋਣਾ ਉਹਨਾਂ ਦਾ ਕੀ ਅੰਜ਼ਾਮ ਦੱਸੋ।
ਵੱਡੇ-ਵੱਡੇ ਘੁਟਾਲੇ ਹਨ ਜਿਨ੍ਹਾਂ ਕੀਤੇ,
ਉਨ੍ਹਾਂ ਤਾਈਂ ਅਵੱਸ਼ ਦੁਰਕਾਰਿਆ ਜਾਏ।
ਹੋਵੇ ਉਹਨਾਂ ਨੂੰ ਸਖ਼ਤ ਸਜ਼ਾ ਪਿਆਰੇ,
ਸੱਚ-ਝੂਠ ਸਭ "ਨੂਰੀ" ਨਿਤਾਰਿਆਂ ਜਾਏ।

ਸੁਪਰੀਮ ਕੋਰਟ ਨੇ ਆਖਿਆ ਸੀ ਬੀ ਆਈ ਤਾਂਈਂ,
ਹੁਣ ਵੱਡੇ ਬੰਦਿਆ ਨੂੰ ਹੱਥ ਪਾਉਣਾ ਚਾਹੀਦਾ।
ਛੋਟੀਆਂ ਮੱਛੀਆਂ ਫੜਨ ਦਾ ਕੀ ਫਾਇਦਾ,
ਮਗਰਮੱਛਾਂ ਲਈ ਜਾਲ ਵਿਛਾਉਣਾ ਚਾਹੀਦਾ।
ਦਾਮਨ ਜਿਨ੍ਹਾਂ ਦਾ ਪਾਕਿ-ਸ਼ਫਾਫ ਹੋਵੇ,
ਇਸ ਤਰ੍ਹਾਂ ਦੇ ਜੱਜਾਂ ਨੂੰ ਲਾਉਣਾ ਚਾਹੀਦਾ।
ਨਿਕਲਣ ਖੁਦ ਹੀ ਜੱਜ ਕੁਰੱਪਟ ਜਿਹੜੇ,
ਉਹਨਾਂ ਤਾਈਂ ਵੀ ਜੇਲ੍ਹਾਂ ਵਿੱਚ ਪਾਉਣਾ ਚਾਹੀਦਾ।
ਉੱਚੇ ਪਦਾਂ ਤੇ ਬੈਠੇ ਭ੍ਰਿਸ਼ਟ ਜਿਹੜੇ,
ਨੱਥ ਉਹਨਾਂ ਦੇ ਨੱਕਾਂ ਵਿੱਚ ਪਾਓ ਪਿਆਰੇ।
ਭ੍ਰਿਸ਼ਟ ਚੋਣਾ ਵਿੱਚ ਮੰਗਣ ਜੋ ਵੋਟ,"ਨੂਰੀ,"
ਮੂੰਹ ਉਨ੍ਹਾਂ ਨੂੰ ਉੱਕਾ ਨਾ ਲਾਓ ਪਿਆਰੇ।

ਮਾਤ ਭਾਸ਼ਾ ਪੰਜਾਬੀ ਜ਼ਬਾਨ ਸਾਡੀ,
ਏਹੋ ਸੋਚ-ਸਾਡੇ ਸੁੱਚੇ ਖੁਆਬ ਦੀ ਹੈ।
ਗੁੜ੍ਹਤੀ ਮਾਂ ਦੇ ਦੁੱਧ ਤੋਂ ਮਿਲੀ ਸਾਨੂੰ,
ਅਣਖ ਆਨ ਵੀ ਏਸੇ ਹਿਸਾਬ ਦੀ ਹੈ।
ਏਹਦੇ ਨੂਰ ਨੇ ਬਖਸ਼ਿਆ ਨੂਰ ਸਾਨੂੰ,
ਲਾਲੀ ਸਾਡੇ ਤੇ ਇਹਦੇ ਸ਼ਬਾਬ ਦੀ ਹੈ।
ਏਹਦੇ ਆਸ਼ਕਾਂ ਜਿਗਰ ਦਾ ਖ਼ੂਨ ਦੇ ਕੇ,
ਚਾੜ੍ਹੀ ਏਸ ਤੇ ਰੰਗਤ ਗੁਲਾਬ ਦੀ ਹੈ।

ਮੈਲ ਦੂਈ ਦਵੈਤ ਦੀ ਦੂਰ ਹੋ ਗਈ,
ਛਿੜੀ ਤਾਰ ਜਦ ਨਾਨਕ ਰਬਾਬ ਦੀ ਹੈ।
ਕਾਇਨਾਤ ਨੇ ਕਿਹਾ ਬਲਿਹਾਰ ਜਾਵਾਂ,
ਮਿੱਠੀ ਸ਼ਹਿਦ ਤੋਂ ਬੋਲੀ ਪੰਜਾਬ ਦੀ ਹੈ।

ਇੱਕ ਬੀਬੀ ਸੀ ਹੁੱਬ-ਹੁੱਬ ਐਲਾਨ ਕਰਦੀ,
ਟੈਕਸ ਚੋਰੀ ਨਾ ਕਰੇ ਇਨਸਾਨ ਕੋਈ।
ਇਹਦੇ ਵਿੱਚ ਹੈ ਦੇਸ਼ ਨੂੰ ਬਹੁਤ ਘਾਟਾ,
ਇਸ ਦੇਸ਼ ਦੇ ਬਣੋ ਨਾ ਉੱਕਾ ਬੇਈਮਾਨ ਕੋਈ।
ਇਹ ਹੈ ਦੇਸ਼ ਦੇ ਨਾਲ ਧਰੋਹ ਕਰਨਾ,
ਦੇਸ਼-ਧਰੋਹੀ ਨਾ ਬਣੋ ਨਿਦਾਨ ਕੋਈ।
ਇੱਜ਼ਤ, ਮਾਣ, ਸ਼ੋਹਰਤ ਮਿੱਟੀ ਵਿੱਚ ਮਿਲਦੇ,
ਕਾਇਮ ਰਹਿੰਦਾ ਨਹੀਂ ਉਹਦਾ ਇਮਾਨ ਕੋਈ।
ਉਸ ਬੀਬੀ ਦੇ ਘਰ ਜਦ ਪਿਆ ਛਾਪਾ,
ਉਤੋਂ ਹੋਰ ਤੇ ਵਿੱਚੋਂ ਉਹ ਹੋਰ ਨਿਕਲੀ।
ਕਰਦੀ ਜਿਹੜੀ ਨਸੀਹਤ ਸੀ ਹੋਰਨਾਂ ਨੂੰ,
ਉਹ ਖੁਦ ਆਪ "ਨੂਰੀ" ਟੈਕਸ-ਚੋਰ ਨਿਰਲੀ।

ਮਹਿਲਾ ਦਿਵਸ ਤੇ ਆਉ ਇੱਕ ਪ੍ਰਣ ਕਰੀਏ,
ਕਰਨਾ ਧੀਆਂ ਦਾ ਸਦਾ ਸਤਿਕਾਰ ਸੋਚੋ।
ਕਿਸੇ ਗੱਲੋਂ ਵੀ ਪੁੱਤਾਂ ਤੋਂ ਘੱਟ ਨਹੀਂ ਇਹ,
ਇਸ ਬਾਤ ਉੱਤੇ ਝਾਤੀ ਮਾਰ ਸੋਚੋ।
ਅਕਸਰ ਵੇਖਦੇ ਹਾਂ ਵਧ ਕੇ ਪੁੱਤਰਾਂ ਤੋਂ,
ਮਾਤਾ ਪਿਤਾ ਦੀਆਂ ਨੇ ਆਗਿਆਕਾਰ ਸੋਚੋ।
ਇਨ੍ਹਾਂ ਨਾਲ ਹੀ ਜੱਗ ਤੇ ਰੌਣਕਾਂ ਨੇ,
ਇਨ੍ਹਾਂ ਨਾਲ ਹੀ ਵਧੇ ਪਰਵਾਰ ਸੋਚੋ।
ਮੰਦਾ ਧੀਆਂ ਦਾ ਕਦੇ ਵੀ ਸੋਚੀਏ ਨਾ,
ਨਾਨਕ ਗੁਰੂ ਦਾ "ਨੂਰੀ" ਫੁਰਮਾਨ ਸੋਚੋ।
ਹੱਕ-ਸੱਚ ਇਨਸਾਫ਼ ਦੇ ਕਰਨ ਵਾਲੇ,
ਜੰਮਣ ਧੀਆਂ ਹੀ ਐਸੇ ਰਾਜਾਨ ਸੋਚੋ।



ਸਿਆਸਤਦਾਨਾਂ ਦੀ ਵੰਨਗੀ ਇੱਕ ਐਸੀ,
ਰਾਜ ਭਾਗ ਵਿੱਚ ਜਦੋਂ ਇਹ ਆਉਣ ਪਿਆਰੇ।
ਭੁੱਲ ਜਾਣ ਔਕਾਤ ਇਹ ਆਪਣੀ ਨੂੰ,
ਅੰਨ੍ਹਿਆਂ ਵਾਂਗ ਇਹ ਅੰਨ੍ਹਿਆਂ ਪਾਉਣ ਪਿਆਰੇ।
ਹਰ ਪਾਸੇ ਹਰਿਆਲੀ ਹੀ ਵੇਖਦੇ ਨੇ,
ਅੰਨ੍ਹੇ ਹੋਏ ਸੀ ਮਾਹ ਜੋ ਸਾਉਣ ਪਿਆਰੇ।
ਜਨਤਾ ਗੱਦੀਓਂ ਜਦੋਂ ਉਤਾਰ ਦੇਵੇ,
ਝਿਜਕਣ ਰਤਾ ਨਾ ਜ਼ਰਾ ਸ਼ਰਮਾਉਣ ਪਿਆਰੇ।
ਚੋਣਾਂ ਆਇਆਂ ਤੋਂ ਇਹਨਾਂ ਨੂੰ ਵੇਖ ਲੈਣਾ,
ਖ਼ੈਰ ਵੋਟਾਂ ਦੀ ਮੰਗਣ ਲਈ ਆਉਣਗੇ ਇਹ।
ਸਬਜ਼ ਨੋਟਾਂ ਦੀ ਝਲਕ ਦੇ ਨਾਲ 'ਨੂਰੀ',
ਸਬਜ਼-ਬਾਗ ਕਈ ਨਾਲੇ ਵਿਖਾਉਣਗੇ ਇਹ।

ਡੇਰੇਦਾਰ ਬਹਿਰੂਪੀਆਂ ਕੋਈ ਗੁੰਡਾ,
ਬੇਵੱਸ ਕਿਸੇ ਦੀ ਇੱਜ਼ਤ ਜਦ ਲੁੱਟ ਜਾਂਦੈ।
ਕੀਤੇ ਏਸ ਘਿਨੌਣੇ ਜਿਹੇ ਜੁਰਮ ਪਿੱਛੋਂ,
ਮਾਲ ਖ਼ਰਚ ਕੇ ਅਕਸਰ ਉਹ ਛੁੱਟ ਜਾਂਦੈ।
ਮੈਨੂੰ ਐਸੇ ਇਨਸਾਫ਼ 'ਤੇ ਰੋਣ ਆਉਂਦਾ,
ਲੱਕ ਜਦੋਂ ਇਨਸਾਫ਼ ਦਾ ਟੁੱਟ ਜਾਂਦੈ।
ਸਾਜਣ ਵਾਲਾ ਕਿਉਂ ਨ੍ਹੀਂ ਐਸੇ ਦੰਭੀਆਂ ਨੂੰ,
ਕਾਲਾ ਮੂੰਹ ਕਰ ਮਾਰ ਕੇ ਸੁੱਟ ਜਾਂਦੈ।
ਇਹੋ ਜਿਹੇ ਘਿਨੌਣਿਆਂ ਦੋਸ਼ੀਆਂ ਨੂੰ,
ਦੇਂਦਾ ਜਿਹੜਾ ਸਜ਼ਾ ਨ੍ਹੀਂ ਜੱਜ ਇੱਥੇ।
ਜਿਹੜੇ ਦੇਸ਼ 'ਚ ਅੰਨ੍ਹੀਆਂ ਪਾਉਣ ਲੁੱਚੇ,
'ਨੂਰੀ' ਭਲਾ ਕੀ ਰਹਿਣ ਦਾ ਹੱਜ ਇੱਥੇ।

***********

ਡੁਬਈ ਦੇ ਸਮਾਜ ਸੇਵਕ ਸ. ਐਸ. ਪੀ. ਸਿੰਘ ਓਬਰਾਏ ਦੀਆਂ ਸਮਾਜ ਨੂੰ ਸਮਰਪਿਤ ਸੇਵਾਵਾਂ ਵਾਸਤੇ ਡ. ਇੰਦਰਜੀਤ ਕੌਰ ਜੀ ਮੁੱਖ ਸੇਵਾਦਾਰ ਪਿੰਗਲਵਾੜਾ ਅਦਾਰਾ ਅੰਮ੍ਰਿਤਸਰ ਵੱਲੋਂ ਕੀਤੇ ਜਾ ਰਹੇ ਮਹਾਨ ਸਨਮਾਨ ਸਮਾਰੋਹ ਮਿਤੀ 5-8-2012 ਐਤਵਾਰ ਮੁੱਖ ਦਫ਼ਤਰ ਤਹਿਸੀਲ਼ ਪੁਰਾ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਕੀਤਾ ਗਿਆ ਪੰਜਾਬੀ ਸ਼ੀਇਰਤੇ ਸਾਹਿਤਕਾਰ ਸ. ਅਨੂਪ ਸਿੰਘ "ਨੂਰੀ" ਕਰਤਾਰਪੁਰ ਜਿਲ੍ਹਾ ਜਲੰਧਰ ਦੁਆਰਾ ਪੜ੍ਹੀ ਗਈ ਕਵਿਤਾ। ਜਿਸ ਵਿੱਚ ਏਹਨਾ ਦੁਆਰਾ 17 ਪੰਜਾਬੀ ਮੁੰਡਿਆ ਨੂੰ ਫਾਂਸੀ ਦੇ ਫੰਦੇ ਤੋਂ ਬਚਾਉਣ ਦਾ ਜ਼ਿਕਰ ਕੀਤਾ ਗਿਆ ਹੈ।

## ਉਪਕਾਰ ਦਾ ਕੰਮ

ਸ. ਐਸ. ਪੀ ਸਿੰਘ ਓਬਰਾਏ ਤੇ ਇਹਨ੍ਹਾਂ ਦੇ ਸਾਥੀਆਂ ਦਾ,
ਹਰ ਇਕ ਦਿਲ ਅੱਜ ਦਿਲੋਂ ਸਤਿਕਾਰ ਕਰਦਾ।
ਜਿਹੜਾ ਇਹਨ੍ਹਾਂ ਉਪਕਾਰ ਦਾ ਕੰਮ ਕੀਤਾ,
ਕਿਹੜਾ ਐਹੋ ਜਿਹਾ ਕਾਜ ਸਰਕਾਰ ਕਰਦਾ।
ਬੇਬਸ ਬੰਦਿਆਂ ਦੀ ਮੱਦਦ ਜਿਵੇਂ ਕੀਤੀ,
ਐਦਾਂ ਮਦਦ ਕਿਹੜਾ ਮਦਦਗਾਰ ਕਰਦਾ।
ਵੇਲੇ ਸੁੱਖਾਂ ਦੇ ਪਿਆਰ ਜਤਾਉਣ ਸਾਰੇ,
ਦੁੱਖਾਂ ਵਿੱਚ ਨਹੀਂ ਕੋਈ ਵੀ ਪਿਆਰ ਕਰਦਾ।
ਸ. ਓਬਰਾਏ ਸਾਹਿਬ ਦੇ ਅਸੀਂ ਹਜ਼ਾਰ ਸਦਕੇ,
ਜੀਹਨਾਂ ਕੀਤਾ ਇਕ ਵੱਡਾ ਇਹਸਾਨ ਬਹੀ ਵਾਹ।
ਇਕ ਬੰਦੇ ਦੀ ਮੌਤ ਦਾ ਮੁਲ ਦੇਕੇ,
ਮੁੱਲ ਲੈ ਲਿਆ ਸਾਰਾ ਜਹਾਨ ਬਈ ਵਾਹ।

ਆਪਾਂ ਸਾਰੇ ਇਸ ਬਾਤ ਨੂੰ ਜਾਣਦੇ ਹਾਂ,
ਜਿਹੜਾ ਜੱਗ ਤੇ ਵੱਡਾ ਧਨਵਾਨ ਹੁੰਦਾ।
ਉਹਦੀ ਅਰਸ਼ ਵੱਲ ਸਦਾ ਨਿਗਾਹ ਹੁੰਦੀ,
ਫਰਸ਼ ਵੱਲ ਨਹੀਂ ਉਹਦਾ ਧਿਆਨ ਹੁੰਦਾ।
ਆਪਣੀ ਮਾਇਆ ਤੇ ਮਾਇਆ ਦੀ ਲੋਰ ਅੰਦਰ,
ਉਹਨੂੰ ਹਉਮੈਂ ਹੰਕਾਰ ਅਭਿਮਾਨ ਹੁੰਦਾ।
ਉਹ ਨਹੀਂ ਜਾਣਦਾ ਹੁੰਦੇ ਗਰੀਬ ਕੀ ਹਨ,
ਐਨਾ ਆਪਣੇ ਆਪ ਤੇ ਮਾਨ ਹੁੰਦਾ।



ਪਰ ਓਬਰਾਏ ਸਾਹਿਬ ਤੇ ਇਹਨ੍ਹਾਂ ਦੇ ਸਾਥੀਆਂ ਨੇ,
ਏਸਬਾਤ ਨੂੰ ਪਿਆਰੇ ਝੂਠਲਾ ਦਿੱਤਾ।
ਦੁੱਖੀ, ਬੇਬਸ, ਮਜਲੂਮਾਂ ਦੀ ਮੱਦਦ ਕਰਕੇ,
ਕਰਕੇ ਮੋਅਜਜ਼ਾ ਨਵਾਂ ਵਿਖਾ ਦਿੱਤਾ।

ਬੰਦੇ ਮੌਤ ਦੇ ਮੂੰਹ ਬਚਾਉਣ ਵਾਲਾ,
ਜਿਹੜਾ ਮੋਅਜਜ਼ਾ ਇਹਨ੍ਹਾਂ ਸਰਕਾਰ ਕੀਤਾ।
ਰਹਿੰਦੀ ਦੁਨੀਆ ਤੱਕ ਰਖੂਗੀ ਯਾਦ ਦੁਨੀਆਂ,
ਕਿੱਡਾ ਵੱਡਾ ਹੈ ਇਹਨ੍ਹਾਂ ਉਪਕਾਰ ਕੀਤਾ।
ਆਪਣੇ ਨਿੱਜੀ ਰੁਝੇਂਵੇ ਤਿਆਗ ਸਾਰੇ,
ਪੈਸਾ ਮੀਂਹ ਦੇ ਵਾਂਗ ਨਿਸਾਰ ਕੀਤਾ।
ਬੇੜਾ ਡੁੱਬ ਰਿਹਾ ਮੌਤ ਦੇ ਸਾਗਰਾਂ ਵਿਚ,
ਸੂਝਵਾਨ ਮਲਾਹ ਬਣ ਪਾਰ ਕੀਤਾ।
ਪਿੰਗਲ ਵਾੜਾ ਅਦਾਰੇ ਅੱਜ ਇਹਨ੍ਹਾਂ ਦਾ ਜੋ,
ਦਿਲੋਂ ਮਾਨ ਕਰਨਾ ਜਿਹੜਾ ਧਾਰਿਆ ਹੈ।
ਸੱਚ ਪੁੱਛੋ ਤਾਂ ਇਹਨ੍ਹਾਂ ਦਾ ਮਾਨ ਕਰਨਾ,
ਹਰ ਇਕ ਜੀਅ ਜਹਾਨ ਦੇ ਧਾਰਿਆ ਹੈ।

ਮੇਰੇ ਪਾਸ ਕੋਈ ਐਹੋ ਜਿਹੇ ਸ਼ਬਦ ਹੈ ਨਹੀਂ,
ਸਿਫਤਾਂ ਕਰਾਂ ਜੋ ਓਬਰਾਏ ਪਰਵਾਰ ਦੀਆਂ।
ਦੌਲਤ ਨੇਕੀ ਦਾਨਾਈ ਦੀ ਪਾਸ ਇਹਨ੍ਹਾਂ,
ਧੁੰਮਾ ਇਹਨ੍ਹਾਂ ਦੇ ਪਈਆਂ ਪਿਆਰ ਦੀਆਂ।
ਮਿਲਵਰਤਨ ਇਹਨ੍ਹਾਂ ਦੀ ਪਈ ਮੂੰਹੋ ਬੋਲਦੀ ਹੈ,
ਗਲਾਂ ਇਹਨਾਂ ਦੇ ਖਾਸ ਕਿਰਦਾ ਦੀਆਂ।
ਸੂਝਵਾਨ ਕੁਝ ਜਦੋਂ ਵੀ ਮਿਲ ਬੈਠਣ,
ਬਾਤਾਂ ਇਹਨ੍ਹਾਂ ਦੇ ਕਰਨ ਸਤਿਕਾਰ ਦੀਆਂ।
ਜੱਜ ਡੁਬਈ ਦੇ ਉਦੋਂ ਹੈਰਾਨ ਹੋ ਗਏ,
(ਜੱਦ) ਮੁੱਲ ਵਾਰਸਾਂ ਨੂੰ ਇਹਨ੍ਹਾਂ ਮੋੜ ਦਿੱਤਾ।
ਸੱਚ ਪੁੱਛੋ ਕਾਨੂੰਨ ਦੇ ਰਾਖਿਆਂ ਦਾ,
ਨੂਰੀ ਇਹਨ੍ਹਾਂ ਅਭਿਮਾਨ ਸਭ ਤੋੜ ਦਿੱਤਾ।
**************

# ਸ. ਹਰਭਜਨ ਸਿੰਘ 'ਸਾਜਨ'



ਹਰਭਜਨ ਸਿੰਘ 'ਸਾਜਨ' ਹੈ ਇਕ ਮਹਾਨ ਸ਼ਾਇਰ,
ਬੜੇ ਉੱਚੇ ਤੇ ਸੁੱਚੇ ਖਿਆਲ ਇਹਦੇ।
ਕਵਿਤਾ ਏਸ ਚੋਂ ਠੀਕ ਕਰਵਾਉਣ ਦੇ ਲਈ,
ਜੁੜੇ ਰਹਿੰਦੇ ਹਨ ਕਵੀ ਕਈ ਨਾਲ ਇਹਦੇ।
ਗੀਤਕਾਰ ਵੀ ਇਹਤੋਂ ਕਈ ਗੀਤ ਲੈ ਕੇ,
ਗਾਉਂਦੇ ਅਕਸਰਾਂ ਵੇਖੇ ਕਮਾਲ ਇਹਦੇ।
ਇਹ ਵੀ ਉਹਨਾਂ ਸੰਗ ਦਿਲੋਂ ਪਿਆਰ ਕਰਦੈ,
ਹੁੰਦੇ ਆਪਣੇਂ ਹੀ ਜਿਵੇਂ ਨੇ ਬਾਲ ਇਹਦੇ।
ਇਹਦੀ ਮਿਲਵਰਤਨ ਮੂੰਹੋ ਬੋਲਦੀ ਹੈ,
ਮਿਲਦਾ ਸਭ ਨੂੰ ਨਾਲ ਪਿਆਰ ਸਾਜਨ।
ਕਰਦਾ ਜਦੋਂ ਵੀ ਇਹਦਾ ਹੈ ਜ਼ਿਕਰ 'ਨੂਰੀ',
ਹਰਦਮ ਕਹਿੰਦੈ ਇਹ ਯਾਰਾ ਦਾ ਯਾਰ ਸਾਜਨ।

ਮੇਰੇ ਨਾਲ ਵੀ ਹੈ ਇਹ ਦਾ ਪਿਆਰ ਬਣਿਆ,
ਦਿਲੋਂ ਮਨੋ ਮੈਂ ਇਹਨੂੰ ਸਤਿਕਾਰ ਦਾ ਹਾਂ।
ਕਵਿਤਾ ਏਸਦੀ ਦਾ ਮੈਂ ਹਾਂ ਦਿਲੋਂ ਕਾਇਲ,
ਏਸੇ ਲਈ ਮੈਂ ਇਹਨੂੰ ਪਿਆਰ ਦਾ ਹਾਂ।
ਪਰਕਰਮਾ ਕਵਿਤਾ ਦੀ ਇਹਦੀ ਜੋ ਛਪੀ ਪੁਸਤਕ,
ਨਜ਼ਰ ਜਦੋਂ ਮੈਂ ਇਹਦੇ ਤੇ ਮਾਰਦਾ ਹਾਂ।



ਬੇਹਦ ਵਧੀਆ ਮੈਂ ਵੇਖ ਕੇ ਸ਼ਿਅਰ ਇਹਦੇ,
ਇਹਦੇ ਲਈ ਇਹ ਅਰਜ ਗੁਜ਼ਾਰਦਾ ਹਾਂ।
ਸਤਿਗੁਰ ਪਾਤਸ਼ਾਹ ਏਹਦੇ ਤੇ ਮੇਹਰ ਕਰਕੇ,
ਇਹਨੂੰ ਹੋਰ ਵੀ ਗਿਆਨ ਦੀ ਦਾਤ ਬਖਸ਼ੇ।
ਸ਼ਹਿਨਸ਼ਾਹ ਇਹ ਕਵਿਤਾ ਦਾ ਬਣੇ ਸਾਜਨ,
ਰਾਣੀ ਕਵਿਤਾ ਦੀ ਇਹਨੂੰ ਸੁਗਾਤ ਬਖਸ਼ੇ।
ਵਲੋਂ – ਅਨੂਪ ਸਿੰਘ ਨੂਰੀ ਸਾਹਿਤਕਾਰ ਕਰਤਾਰਪੁਰ

ਸ. ਹਰਭਜਨ ਸਿੰਘ 'ਸਾਜਨ'

## ਸ਼ਹਾਦਤ ਪਰਤੱਖ ਹਰਿ ਗੁਰੂ ਅਰਜਨ ਦੇਵ ਜੀ ਦੀ

ਸਾਈਂ ਮੀਆਂ ਮੀਰ ਦੀਵਾਨੇ,
ਨੇਕੀ ਕਰ ਨਾਂ ਮੰਗ ਇਵਜ਼ਾਨੇ।
ਖ਼ੂਨ ਜਿਗਰ ਦਾ ਚੋਏ ਬਾਝੋਂ
ਵਸਦੇ ਨਹੀਂ ਉਜੜੇ ਵੀਰਾਨੇ।
ਕੰਡਿਆਂ ਤੋਂ ਹਰਗਿਜ਼ ਨਾਂ ਡਰੀਏ
ਪਾ ਕੇ ਫ਼ੁੱਲਾਂ ਨਾਲ ਯਰਾਨੇ।
ਬਹੁਤਾ ਚਿਰ ਜੀਓਂਦੇ ਰਹਿਣ ਦਾ
ਸ਼ੌਂਕ ਨਹੀਂ ਰੱਖਦੇ ਪਰਵਾਨੇ।

ਅਗਮ ਅਤੋਲ ਅਥਾਹ ਗੁਰੂ ਅਰਜਨ,
ਸਿਰ ਸ਼ਾਹਾਂ ਦੇ ਸ਼ਾਹ ਗੁਰੂ ਅਰਜਨ।
ਸੁਰਤ-ਸ਼ਬਦ ਅਸਗਾਹ ਗੁਰੂ ਅਰਜਨ,
ਰੱਬ ਜਿਹਾ ਬੇ-ਪਰਵਾਹ ਗੁਰੂ ਅਰਜਨ।
ਗੁਰੂ ਅਰਜਨ ਇੱਕ ਜੋਤ ਨੂਰਾਨੀ,
ਗੋਬਿੰਦ ਰੂਪ ਪੂਰਨ ਬ੍ਰਹਮ-ਗਿਆਨੀ।
ਕੌਣ ਗੁਰੂ ਅਰਜਨ ਦਾ ਸਾਨੀ,
ਗੁਰੂ ਅਰਜਨ ਵਿਟਹੁ ਕੁਰਬਾਨੀ।

ਬਾਗ ਸਿੱਖੀ ਦਾ ਪਲਦਾ ਤੱਕ ਕੇ,
ਬੂਟਾ ਫੁੱਲਦਾ ਫੱਲਦਾ ਤੱਕ ਕੇ,
ਹਾਕਮ ਸਮੇਂ ਦਾ ਅੰਨ੍ਹਾ ਬੋਲਾ,
ਸਿਰ ਫਿਰਿਆ ਇਕ ਵਾ-ਵਿਰੋਲਾ।

ਕਰ ਬੈਠਾ ਕਰਤੂਤ ਅਵੱਲੀ,
ਹਾਹਾਕਾਰ ਮਚੀ ਤਰਥੱਲੀ,
ਇੱਕ ਪਾਸੇ ਰਾਜੇ ਕਲਕਾਤੀ,
ਇੱਕ ਪਾਸੇ ਚਾਨਣ ਪਰਭਾਤੀ।

ਇੱਕ ਪਾਸੇ ਸਭ ਕੂੜ ਪਸਾਰਾ,
ਇੱਕ ਪਾਸੇ ਸੱਚ ਸਿਰਜਣਹਾਰਾ,
ਇੱਕ ਪਾਸੇ ਅਤਿ ਸੀਨਾ-ਜ਼ੋਰੀ,
ਇੱਕ ਪਾਸੇ ਸਾਹਿਬ 'ਤੇ ਡੋਰੀ।

ਨਿਰਵੈਰਾਂ ਨਾਲ ਵੈਰ ਕਮਾਉਣਾ,
ਜੱਗੋਂ ਵੱਖਰਾ ਜ਼ੁਲਮ ਜਬਰ ਸੀ,
ਇੱਕ ਪਾਸੇ ਲਾਹੌਰ ਤੇ ਦਿੱਲੀ,
ਦੂਜੇ ਪਾਸੇ ਅੰਮ੍ਰਿਤਸਰ ਸੀ।

ਬੈਠਾ ਦੇਖ ਤਵੀ 'ਤੇ ਅੱਲਾ,
ਮੀਆਂ ਮੀਰ ਹੋ ਗਿਆ ਝੱਲਾ,
ਦਾਤਾ ਕੀ ਵਰਤਾਇਆ ਭਾਣਾ,
ਪੁੱਛਦਾ ਮੀਆਂ ਮੀਰ ਨਿਮਾਣਾ।
ਮੈਂ ਤੇਰੇ ਚਰਣਾਂ ਦਾ ਸੇਵਕ,
ਨਾਲੇ ਤੇਰਾ ਮਿੱਤਰ ਪੁਰਾਣਾ।

ਪੁੱਛਦਾ ਮੀਆਂ ਮੀਰ ਨਿਮਾਣਾ
ਸਾਹਿਬਾ! ਦੱਸ ਕਿਹੜਾ ਜਰਵਾਣਾ?
ਇੰਝ ਜਾਪੇ ਕਿ ਉਸ ਪਾਪੀ ਦਾ
ਮੁੱਕ ਚੁੱਕਾ ਹੈ ਖਾਣਾ ਦਾਣਾ



ਇਹ ਕੈਸੀ ਬਿਰਥਾ ਵਿਸਮਾਦੀ?
ਅੱਗ ਦੀਆਂ ਲਾਟਾਂ ਵਿੱਚ ਸਮਾਧੀ
ਹਾਹਾਕਾਰ ਕਰਨ ਅੰਗਿਆਰੇ
ਝੁਲਸ ਗਏ ਅੰਬਰ ਦੇ ਤਾਰੇ
ਸੁਣ ਸੇਵਕ ਦੇ ਹੌਕੇ ਹਾਵੇ
ਮੀਆਂ ਮੀਰ ਪਿਆ ਤਰਲੇ ਪਾਵੇ
ਮੇਰੇ ਮੁਰਸ਼ਦ, ਮਾਲਕ ਪਿਆਰੇ
ਮੈਨੂੰ ਵੀ ਲਾ ਕਿਸੇ ਕਿਨਾਰੇ
ਅੱਜ ਨਿਮਾਜ਼ ਪੜ੍ਹਾਂਗਾ ਕਿੱਦਾਂ?
ਪਰਤ ਕੇ ਮੈਂ ਕਿਸ ਘਰ ਜਾਵਾਂਗਾ?
ਸੌਂਹ ਤੇਰੇ ਕਦਮਾਂ ਦੀ ਸਾਹਿਬਾ
ਆਥਣ ਹੁੰਦਿਆਂ ਮਰ ਜਾਵਾਂਗਾ

ਸਾਹਿਬਾ! ਵਿਚਲੀ ਗੱਲ ਸਮਝਾ ਦੇ,
ਇਸ ਗੁੰਝਲ ਦਾ ਹੱਲ ਸਮਝਾ ਦੇ,
ਇੰਜ ਕਸ਼ਟ ਮੈਂ ਸਹਿਣ ਨਹੀਂ ਦੇਣਾ,
ਅੰਗਿਆਰਾਂ 'ਤੇ ਬਹਿਣ ਨਹੀਂ ਦੇਣਾ।
ਮੈਂ ਦਿੱਲੀ ਲਾਹੌਰ ਦੇ ਪੱਲੇ,
ਸੁੱਕਾ ਕੱਖ ਵੀ ਰਹਿਣ ਨਹੀਂ ਦੇਣਾ।

ਹੁਕਮ ਕਰੋ! ਮੈਂ ਜਹਾਂਗੀਰ ਦਾ,
ਕਾਇਆ ਕੋਠਾ ਢਾਅ ਸਕਦਾ ਹਾਂ।
ਮੁਗ਼ਲ ਰਾਜ ਦੇ ਮਹਿਲਾਂ ਦੀ ਮੈਂ
ਇੱਟਾਂ ਨਾਲ ਇੱਟ ਖੜਕਾ ਸਕਦਾ ਹਾਂ।
ਸਾਈਂ ਜਦ ਰੋਇਆ ਕੁਰਲਾਇਆ,
ਅੱਗੋਂ ਇੰਜ ਸਤਿਗੁਰ ਫ਼ੁਰਮਾਇਆ।

ਸਾਈਂ ਮੀਆਂ ਮੀਰ ਦੀਵਾਨੇ,
ਨੇਕੀ ਕਰ ਨਾਂ ਮੰਗ ਇਵਜ਼ਾਨੇ।
ਖ਼ੂਨ ਜਿਗਰ ਦਾ ਚੋਏ ਬਾਝੋਂ,
ਵਸਦੇ ਨਹੀਂ ਉਜੜੇ ਵੀਰਾਨੇ।
ਕੰਡਿਆਂ ਤੋਂ ਹਰਗਿਜ਼ ਨਾਂ ਡਰੀਏ,
ਪਾ ਕੇ ਫ਼ੁੱਲਾਂ ਨਾਲ ਯਰਾਨੇ।
ਬਹੁਤਾ ਚਿਰ ਜੀਓਂਦੇ ਰਹਿਣ ਦਾ ,
ਸ਼ੌਂਕ ਨਹੀਂ ਰੱਖਦੇ ਪਰਵਾਨੇ।

ਕੀ ਹੋਇਆ ? ਜੇ ਜਿਸਮ ਸੜ ਗਿਆ,
ਛਾਲਿਆਂ ਉੱਤੇ ਪੈ ਗਏ ਛਾਲੇ।
ਜੋ ਹੋਇਆ ਕੁਝ ਵੀ ਨਹੀਂ ਹੋਇਆ,
ਔਰੇ ਕੀ ਕੀ ਹੋਣਾ ਹਾਲੇ।
ਸਿਦਕ ਅਡੋਲ ਅਜੇ ਤੱਕ ਸਾਡਾ,
ਅਜੇ ਭਰੇ ਨਹੀਂ ਸਬਰ ਪਿਆਲੇ।
ਕੀ ਹੋਇਆ ਜੇ ਜੁੱਸਾ ਸੜਿਆ,
ਛਾਲਿਆਂ ਤੇ ਵੀ ਪੈ ਗਏ ਛਾਲੇ।
ਗੁਰ ਮੇਰਾ ਸੰਗ ਸਦਾ ਹੈ ਨਾਲੇ,
ਸਿਮਰ ਸਿਮਰ ਤਿਸ ਸਦਾ ਸਮ੍ਹਾਲ।

ਹੌਕੇ ਹਾਵੇ, ਰੋਸੇ, ਸ਼ਿਕਵੇ,
ਐਸੀ ਗੱਲ ਸਾਨੂੰ ਨਹੀਂ ਭਾਈ।
ਮੰਦਾ ਬੋਲ ਕਿਸੇ ਨੂੰ ਕਹਿਣਾਂ,
ਰਾਮ ਦੁਹਾਈ ਰਾਮ ਦੁਹਾਈ।
ਗਿਲਾ ਨਹੀਂ ਕੋਈ ਚੰਦੂ ਉੱਤੇ,
ਜਹਾਂਗੀਰ ਨੂੰ ਦੋਸ਼ ਨਾ ਕਾਈ।
ਵਿਸਰ ਗਈ ਤਾਤ ਪਰਾਈ,
ਜਬ ਤੇ ਸਾਧ ਸੰਗਤ ਮੋਹਿ ਪਾਈ।



ਭਾਣਾ ਮੰਨ ਅਕਾਲ ਪੁਰਖ ਦਾ,
ਭਾਣਾ ਕੋਈ ਵਰਤਾ ਗਏ ਸਤਿਗੁਰ।
ਤਪਦੀ ਰੇਤ ਦੇ ਅੰਦਰ ਬੂਟਾ,
ਸਿਦਕ ਸਬਰ ਦਾ ਲਾ ਗਏ ਸਤਿਗੁਰ।
ਇਸ ਬੂਟੇ ਨੂੰ ਉਬਲਦੀਆਂ,
ਦੇਗਾਂ ਦਾ ਪਾਣੀ ਪਾ ਗਏ ਸਤਿਗੁਰ।
ਜਬਰ ਦੀ ਹੱਦ ਮੁਕਾਈ ਦੁਸ਼ਟਾਂ,
ਸਬਰ ਦੀ ਹੱਦ ਮੁਕਾ ਗਏ ਸਤਿਗੁਰ।

ਗੁਰ ਅਰਜਨ ਹਰੀ ਨਾਮ ਦੀਵਾਨਾ,
ਹੱਥੀਂ ਬੰਨ੍ਹ ਸ਼ਹੀਦੀ ਗਾਨਾ
ਸ਼ਾਂਤ ਸ਼ਹਾਦਤ ਦੇ ਕੇ ਭਰ ਗਏ,
ਸਿਦਕਾਂ ਦਾ ਅਨਮੋਲ ਖ਼ਜ਼ਾਨਾ।
ਸਰਬ ਸਾਂਝਾ ਉਦੇਸ਼ ਗੁਰੂ ਦਾ,
ਨਾ ਕੋਈ ਵੈਰੀ ਨਾਹੀ ਬੇਗਾਨਾ।
ਨਿਰਵੈਰਾਂ ਨਾਲ ਵੈਰ ਕਮਾ ਕੇ,
ਕੀ ਖੱਟਿਆ ਚੰਦੂ ਬੇਈਮਾਨਾ।
ਤੂੰ ਵੀ ਹੈ ਨਰਕਾਂ ਦਾ ਭਾਗੀ,
ਯਾਦ ਰੱਖੀਂ ਜਹਾਂਗੀਰ ਸ਼ੈਤਾਨਾ

'ਸਾਜਨ' ਅਮਰ ਸ਼ਹਾਦਤ ਦੇ ਕੇ,
ਦਰਗਾਹ ਵਲ ਕਰ ਗਏ ਪਿਆਨਾ,
ਜਿਉਂ ਜਲ ਮਹਿ ਜਲ ਆਏ ਖਟਾਨਾ,
ਤਿਉਂ ਜੋਤੀ ਸੰਗ ਜੋਤਿ ਸਮਾਨਾ।

*************

## ਪੂਜਨੀਕ, ਪਰਮ ਆਤਮਾ
# ਬੇਬੇ ਨਾਨਕੀ ਜੀ

ਕਰਤਾ-ਪੁਰਖ ਦੀ ਪਾਵਨ ਦਰਗਾਹ ਅੰਦਰ,
ਹੋਇਆ ਪਿਆਰ ਪਰਵਾਨ ਹੈ ਨਾਨਕੀ ਦਾ।
ਦੁਨਿਆਂ ਉੱਤੇ ਅਹਿਸਾਨ ਗੁਰੂ ਨਾਨਕ ਦਾ ਹੈ,
ਨਾਨਕ ਤੇ ਵੀ ਅਹਿਸਾਨ ਹੈ ਨਾਨਕੀ ਦਾ।

ਰੁਤਬਾ ਬਹੁਤ ਉੱਚਾ ਇਸ ਜੱਗ ਅੰਦਰ,
ਮਾਤਾ ਤ੍ਰਿਪਤਾ ਜੀ ਵਰਗੀਆਂ ਮਾਵਾਂ ਦਾ ਹੈ।
ਬੇਬੇ ਨਾਨਕੀ ਦੇ ਪਾਵਨ ਪਿਆਰ ਸਦਕਾ,
ਅਮਰ ਪਿਆਰ ਅੱਜ ਭੈਣਾਂ-ਭਰਾਵਾਂ ਦਾ ਹੈ।

ਲੀਲਾ ਰੱਬ ਦੀ ਪਿਤਾ ਨਾ ਜਾਣ ਸਕਿਆ,
ਜਾਣੀ-ਜਾਣ ਨੂੰ ਜਾਣਿਆ ਨਾਨਕੀ ਨੇ।
ਮੇਰਾ ਵੀਰ ਤਾਂ ਰੂਪ ਨਿਰੰਕਾਰ ਦਾ ਹੈ,
ਪਹਿਲੀ ਨਜ਼ਰੇ ਪਛਾਣਿਆ ਨਾਨਕੀ ਨੇ।
ਸੱਚ ਚਿਤਵਿਆ ਸੱਚ ਦੀ ਕਾਰ ਕੀਤੀ,
ਸੱਚੋ-ਸੱਚ ਵਖਾਣਿਆ ਨਾਨਕੀ ਨੇ।
ਨਾਨਕ ਵੀਰ ਦੇ ਰੱਬੀ ਦੀਦਾਰ ਵਿੱਚੋਂ,
ਰੂਪ ਰੱਬ ਦਾ ਮਾਣਿਆ ਨਾਨਕੀ ਨੇ।

ਬੇਬੇ ਨਾਨਕੀ ਰਮਜ਼ ਪਛਾਣ ਗਈ ਸੀ,
ਨਾਨਕ ਆਇਆ ਹਰੀ ਨਾਮ ਦੀ ਦਾਤ ਲੈ ਕੇ।
ਲੇਖ ਲਿਖਣ ਆਇਆ ਹਿੰਦ ਵਾਸੀਆਂ ਦੇ,
ਰੱਬੀ ਬਿਰਹਾ ਦੀ ਕਲਮ ਦਵਾਤ ਲੈ ਕੇ।



ਜਿੱਥੇ ਗੱਲ ਚਲਦੀ ਨਾਨਕ ਪਾਤਸ਼ਾਹ ਦੀ,
ਓਥੇ ਹੁੰਦਾ ਬਿਆਨ ਹੈ ਨਾਨਕੀ ਦਾ।
ਕਰਤਾ ਪੁਰਖ ਦੀ ਪਾਵਨ ਦਰਗਾਹ ਅੰਦਰ,
ਚੜ੍ਹਿਆ ਪਿਆਰ ਪਰਵਾਨ ਹੈ ਨਾਨਕੀ ਦਾ।
ਗੁਰੂ ਨਾਨਕ ਦੇ ਸਿੱਖਾਂ ਦੇ ਦਿਲਾਂ ਅੰਦਰ,
ਨਾਨਕ ਜਿੰਨਾ ਸਨਮਾਨ ਹੈ ਨਾਨਕੀ ਦਾ।
ਦੁਨੀਆਂ ਉੱਤੇ ਅਹਿਸਾਨ ਗੁਰੂ ਨਾਨਕ ਦਾ ਹੈ।
ਨਾਨਕ ਉੱਤੇ ਅਹਿਸਾਨ ਹੈ ਨਾਨਕੀ ਦਾ।

ਨਾਨਕ ਪਾਤਸ਼ਾਹ ਤੋਂ ਪੰਜ ਸਾਲ ਪਹਿਲਾਂ,
ਬੇਬੇ ਨਾਨਕੀ ਤੇਰਾ ਅਵਤਾਰ ਹੋਇਆ।
ਭੈਣ ਨਾਨਕੀ ਨੂੰ ਨਾਨਕ ਵੀਰ ਵਿੱਚੋਂ,
ਨੂਰੀ ਝਲਕ ਦਾ ਪਹਿਲੇ ਦੀਦਾਰ ਹੋਇਆ।
ਤੇਰੇ ਕੋਲੋਂ ਹੀ ਸੱਚ ਦੀ ਰਾਸ ਲੈ ਕੇ,
ਸੱਚੇ ਸੌਦੇ ਦਾ ਸੱਚਾ ਵਪਾਰ ਹੋਇਆ।
ਦੂਰ-ਦੂਰ ਉਦਾਸੀਆਂ ਕਰਨ ਦੇ ਲਈ,
ਤੇਰੇ ਆਸਰੇ ਨਾਨਕ ਤਿਆਰ ਹੋਇਆ।

ਬੇਬੇ ਨਾਨਕੀ ਮਾਤਾ ਸੁਲੱਖਣੀ ਦਾ,
ਦੁੱਖਾਂ-ਸੁੱਖਾਂ ਵਿਚ ਨਿਭਾਇਆ ਸੀ ਤੂੰ।
ਨਾਨਕ ਵੀਰ ਪਿਆਰਿਆਂ ਪੁੱਤਰਾਂ ਨੂੰ,
ਕੁਛੜ ਚੁੱਕ ਕੇ ਲਾਡ ਲਿਡਾਇਆ ਸੀ ਤੂੰ।

ਆਟਾ ਗੁੰਨਦਿਆਂ ਬੇਬੇ ਸੰਕਲਪ ਕੀਤਾ,
ਨਾਨਕ ਵੀਰ ਨੂੰ ਫੁਲਕਾ ਛਕਾਵਾਂਗੀ ਮੈਂ।
ਮਨ ਬੈਰਾਗੀ ਨੇ ਕਰ ਲਿਆ ਪ੍ਰਣ ਬਿੱਖੜਾ,
ਨਾਨਕ ਆਏਗਾ ਤਾਂਹੀ ਕੁਝ ਖਾਵਾਂਗੀ ਮੈਂ।
ਮੇਰੇ ਵੀਰ ਪਿਆਰਿਆ ਸੌਂਹ ਤੇਰੀ,
ਜੇ ਨਾ ਆਇਓਂ ਤੇ ਭੁੱਖੀ ਮਰ ਜਾਵਾਂਗੀ ਮੈਂ।
ਨਾਨਕ ਵੀਰ ਨੂੰ ਹੱਥੀਂ ਛਕਾ ਫੁਲਕਾ,
ਧੰਨ ਨਾਨਕੀ ਭੈਣ ਕਹਾਵਾਂਗੀ ਮੈਂ।

ਕਿਸੇ ਰੱਬੀ ਵਿਸਮਾਦ ਦੀ ਮੌਜ ਅੰਦਰ,
ਕੌਤਕ ਕਰ ਦਿਖਾਲਇਆ ਸੀ ਨਾਨਕੀ ਨੇ।
ਬੈਠਾ ਦੂਰ ਪਰਦੇਸਾਂ ਵਿੱਚ ਗੁਰੂ ਨਾਨਕ,
ਪਲਾਂ ਵਿੱਚ ਬੁਲਾਇਆ ਸੀ ਨਾਨਕੀ ਨੇ।

ਬੇਬੇ ਨਾਨਕੀ ਦੀਆਂ ਅਭੁੱਲ ਯਾਦਾਂ,
ਮਿਸ਼ਰੀ ਮਾਖਿਓਂ ਦੇ ਵਾਂਗ ਮਿੱਠੀਆਂ ਨੇ।
ਨਾਨਕ ਪਾਤਸ਼ਾਹ ਦੀ ਗੈਰ-ਹਾਜ਼ਰੀ ਵਿੱਚ,
ਜ਼ਿੰਮੇਵਾਰੀਆਂ ਸੱਭੇ ਨਜਿਠੀਆਂ ਨੇ।
ਉਹਦੇ ਆਤਮਕ ਬੱਲ ਵਿਸ਼ਵਾਸ ਦੀਆਂ,
ਕਰਾਮਾਤਾਂ ਅਨੋਖੀਆਂ ਡਿੱਠੀਆਂ ਨੇ।
ਨਾਨਕ ਵੀਰ ਨੂੰ ਪਲਾਂ ਵਿੱਚ ਸੱਦਣੇ ਲਈ,
ਪੌਣਾਂ ਹੱਥ ਲਿਖ ਭੇਜੀਆਂ ਚਿੱਠੀਆਂ ਨੇ।

ਨਾਨਕ ਪਾਤਸ਼ਾਹ ਦੀ ਵੱਡੀ ਭੈਣ ਬੇਬੇ,
ਦੈਵੀ ਗੁਣਾਂ ਦੇ ਨਾਲ ਭਰਪੂਰ ਹੈ ਸੀ।
ਕੋਹਿਨੂਰ ਜਹੇ ਹੀਰੇ ਦੇ ਨੂਰ ਵਰਗਾ,
ਉਹਦੇ ਚਰਨ ਕਮਲਾਂ ਉੱਤੇ ਨੂਰ ਹੈ ਸੀ।

ਰੁਤਬਾ ਬਹੁਤ ਉੱਚਾ ਏਸ ਜੱਗ ਅੰਦਰ,
ਮਾਤਾ ਤ੍ਰਿਪਤਾ ਜੀ ਵਰਗੀਆਂ ਮਾਵਾਂ ਦਾ ਹੈ।
ਜਿੱਥੇ ਚਰਨ ਪਾਏ ਬੇਬੇ ਨਾਨਕੀ ਨੇ,
ਪੂਜਨੀਕ ਵਿਰਸਾ ਉਹਨਾਂ ਥਾਵਾਂ ਦਾ ਹੈ।
ਬੇਬੇ ਨਾਨਕੀ ਦੇ ਪਾਵਨ ਪਿਆਰ ਸਦਕਾ,
ਅਮਰ ਪਿਆਰ ਅੱਜ ਭੈਣਾਂ-ਭਰਾਵਾਂ ਦਾ ਹੈ।
ਮੁੱਲ ਦੋਹਾਂ ਜਹਾਨਾਂ ਤੋਂ ਕਿਤੇ ਵਾਧੂ,
ਨਾਨਕ ਪਾਤਸ਼ਾਹ ਦੀਆਂ ਖੜਾਵਾਂ ਦਾ ਹੈ।

ਸਾਡੇ ਦੁੱਖਾਂ ਦਾ ਦਾਰੂ ਦੀਦਾਰ ਤੇਰਾ,
ਸਾਡੇ ਦੁੱਖਾਂ ਦੀ 'ਸਾਜਨ' ਦਵਾ ਕੋਈ ਨਹੀਂ।
ਤੇਰੇ ਜੇਡ ਸੰਸਾਰ ਵਿੱਚ ਭੈਣ ਕੋਈ ਨਹੀਂ,
ਗੁਰੂ ਨਾਨਕ ਦੇ ਤੁਲ ਭਰਾ ਕੋਈ ਨਹੀਂ।

***********



ਗੀਤ

# ਉਪਕਾਰ ਕਲਗੀਆਂ ਵਾਲੇ ਦੇ

ਕੋਈ ਮੁੱਲ ਨਹੀਂ ਤਾਰਿਆ ਜਾ ਸਕਦੈ
ਕਲਗੀਧਰ ਦੇ ਉਪਕਾਰਾਂ ਦਾ।

ਕੋਈ ਅੰਤ ਨਹੀਂ ਪਾਰਾਵਾਰ ਨਹੀਂ
ਉਹਦੀ ਰਹਿਮਤ ਦੇ ਭੰਡਾਰਾਂ ਦਾ।
ਜਦ ਦੇਸ਼ 'ਤੇ ਝੱਖੜ ਝੁੱਲਿਆ ਸੀ
ਮੁਗ਼ਲਾਂ ਦੇ ਅੱਤਿਆਚਾਰਾਂ ਦਾ।
ਉਸ ਕਠਿਨ ਸਮੇਂ ਚੰਨ ਗੁਜਰੀ ਦਾ
ਬਣਿਆ ਦਰਦੀ ਦੁਖਿਆਰਾਂ ਦਾ।
ਕੋਈ ਮੁੱਲ ਨਹੀਂ ਤਾਰਿਆ ਜਾ ਸਕਦੈ
ਕਲਗੀਧਰ ਦੇ ਉਪਕਾਰਾਂ ਦਾ।

ਵਰਕੇ ਇਤਿਹਾਸ ਦੇ ਦੱਸਦੇ ਨੇ
ਕਲਗੀਧਰ ਦਾ ਕੋਈ ਸਾਨੀ ਨਹੀਂ।
ਉਸ ਵਰਗਾ ਸੰਤ ਸਿਪਾਹੀ ਨਹੀਂ
ਤਿਆਗੀ, ਸਰਬੰਸ ਦਾ ਦਾਨੀ ਨਹੀਂ।
ਉਹਦੀ ਕਿਰਪਾ ਨਾਲ ਹੈ ਨਾਮ ਉੱਚਾ
ਸਾਡੇ ਸਿਰ ਸਜੀਆਂ ਦਸਤਾਰਾਂ ਦਾ।
ਕੋਈ ਮੁੱਲ ਨਹੀਂ ਤਾਰਿਆ ਜਾ ਸਕਦਾ
ਕਲਗੀਧਰ ਦੇ ਉਪਕਾਰਾਂ ਦਾ।

ਫੁਰਮਾਨ ਕਲਗੀਆਂ ਵਾਲੇ ਦਾ
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਅਪਨੀ ਜੀਤ ਕਰੋਂ।
ਉਹਨਾਂ ਤੇਗ ਦੀ ਕਲਮ ਬਣਾ ਲਿਖਿਆ
ਪਰਸੰਗ ਚੰਡੀ ਦੀਆਂ ਵਾਰਾਂ ਦਾ।
ਕੋਈ ਮੁੱਲ ਨਹੀਂ ਤਾਰਿਆ ਜਾ ਸਕਦਾ
ਕਲਗੀਧਰ ਦੇ ਉਪਕਾਰਾਂ ਦਾ।

ਤੇਰੇ ਅੰਮ੍ਰਿਤ ਦੀ ਧੰਨ ਸ਼ਕਤੀ ਨੇ
ਗਿੱਦੜਾਂ ਤੋਂ ਸ਼ੇਰ ਬਣਾ ਦਿੱਤੇ।
ਚਿੜੀਆਂ ਖਾ ਗਈਆਂ ਬਾਜਾਂ ਨੂੰ
ਰਾਠਾਂ ਸੰਗ ਰੰਕ ਲੜਾ ਦਿੱਤੇ।
ਚੰਦ ਵਾਂਗੂੰ ਨਾਮ ਚਮਕਦਾ ਹੈ
ਤੇਰੇ ਸਾਜੇ ਸਿੰਘ ਸਰਦਾਰਾਂ ਦਾ।
ਕੋਈ ਮੁੱਲ ਨਹੀਂ ਤਾਰਿਆ ਜਾ ਸਕਦਾ
ਕਲਗੀਧਰ ਦੇ ਉਪਕਾਰਾਂ ਦਾ।

ਚਮਕੌਰ ਦੇ ਯੁੱਧ ਵਿੱਚ ਲਾਲ ਤੇਰੇ
ਦੋ ਟੋਟੇ ਟੋਟੇ ਹੋ ਗਏ ਸੀ।
ਸਿੱਖੀ ਦਾ ਮਹਿਲ ਉਸਾਰਨ ਲਈ
ਦੋ ਕੰਧਾਂ ਵਿੱਚ ਖਲੋ ਗਏ ਸੀ।
'ਸਾਜਨ' ਸਿਰ ਨੀਵਾਂ ਕਰ ਗਏ ਉਹ
ਜ਼ਾਲਮ ਦੇ ਅੱਤਿਆਚਾਰਾਂ ਦਾ।
ਕੋਈ ਮੁੱਲ ਨਹੀਂ ਤਾਰਿਆ ਜਾ ਸਕਦਾ
ਕਲਗੀਧਰ ਦੇ ਉਪਕਾਰਾਂ ਦਾ।

**********



# ਹਰੀ ਦਾ ਨਾਮ ਜਪ ਲੈ

ਮਨ ਮੇਰਿਆ ਹਰੀ ਦਾ ਨਾਮ ਜਪ ਲੈ
ਜਪ ਲੈ ਨਾਮ ਨਹੀਂ ਤੇ ਪੱਛੋਤਾਏਂਗਾ ਤੂੰ।

ਮੁੱਕ ਜਾਣਗੇ ਗੇੜੇ ਚੌਰਾਸੀਆਂ ਦੇ
ਨਾਮ ਜਪੇਂਗਾ ਤਾਂ ਮੁਕਤੀ ਪਾਏਂਗਾ ਤੂੰ।

ਕਰਮਾਂ ਰੂਪੀ ਸੰਸਾਰ ਦੇ ਖੇਤ ਅੰਦਰ
ਜੋ ਕੁਝ ਬੀਜਿਆ ਸੋਈ ਕੁਝ ਖਾਏਂਗਾ ਤੂੰ।

ਪੈਂਡਾ ਪ੍ਰੀਤਮ ਦੇ ਦੇਸ਼ ਦਾ ਬਿੱਖੜਾ ਹੈ
ਗੱਲਾਂ ਨਾਲ 'ਸਾਜਨ' ਕਿੱਦਾਂ ਜਾਏਂਗਾ ਤੂੰ।

ਏਸ ਜੱਗ ਅੰਦਰ ਹਰ ਕੋਈ ਬੰਦਾ
ਆਖ਼ਰ ਆਉਂਦਾ ਤੇ ਆ ਕੇ ਤੁਰ ਜਾਂਦਾ।

ਵਿਰਲਾ ਕੋਈ 'ਸਾਜਨ' ਰੱਬੀ ਰਜ਼ਾ ਅੰਦਰ
ਲਾਹਾ ਖੱਟ ਕਮਾ ਕੇ ਤੁਰ ਜਾਂਦਾ।

**************

# ਮਹਾਨ ਸ਼ਾਇਰ –ਲਾਲੀ ਕਰਤਾਰਪੁਰੀ



ਲਾਲੀ ਕਰਤਾਰਪੁਰੀ ਨਗਰ ਕਰਤਾਰਪੁਰ ਵਿਚ,
ਮੰਡੀ ਮਹਲੇ ਦੇ ਵਿਚ ਨਿਵਾਸ ਰਖਦੈ।
ਮਿਲਣ ਸਾਰੀ ਮੈਂ ਇਹਦੀ ਕਮਾਲ ਵੇਖੀ,
ਨੇਕੀ ਨਿਰਮਤਾ ਦੀ ਪਲੇ ਰਾਸ ਰਖਦੈ।
ਸਾਹਿਤਕਾਰਾਂ ਦੀ ਸਭਾ ਵਿਚ ਹੋ ਸ਼ਾਮਲ,
ਕਵਿਤਾ ਆਪਣੀ ਜਦੋਂ ਇਹ ਖਾਸ ਰਖਦੈ।
ਸਾਰੇ ਸਇਰ ਸਰੋਤੇ ਪੁਕਾਰ ਉਠਦੇ,
ਸੂਝ, ਬੂਝ ਸਿਆਣਪ ਇਹ ਪਾਸ ਰਖਦੈ।
ਮਿਲਦਾ ਜਦੋਂ ਪਿਆਰ ਦੇ ਨਾਲ ਮਿਲਦਾ,
ਮਿਲਦੇ ਐਹੋ ਜਿਹੇ ਸੁਘੜ ਸੁਜਾਨ ਵਿਰਲੇ।
ਵੰਡਣ ਸਦਾ ਜੋ ਮਹਿਕ ਮੁਹੱਬਤਾਂ ਦੀ,
ਸ਼ਾਇਰ ਐਹੋ ਜਿਹੇ ' ਨੂਰੀ' ਮਹਾਨ ਵਿਰਲੇ।

ਗੀਤ, ਗਜ਼ਲ ਵਿਚ ਇਹਨੂੰ ਕਮਾਲ ਹਾਸਿਲ,
ਐਪਰ ਰਤਾ ਨਹੀਂ ਮਾਣ ਹੰਕਾਰ ਕਰਦੈ।
ਬੇਬਸ, ਦੁੱਖੀ, ਗਰੀਬ, ਮੋਹਤਾਜ ਤਾਈ,
ਇਹਨੂੰ ਵੇਖਿਆ ਦਿਲੋਂ ਪਿਆਰ ਕਰਦੈ।



ਸਰਵਿਸ ਵਿਚ ਵੀ ਸਦਾ ਪਾਬੰਧ ਰਹਿ ਕੇ,
ਉੱਤਮ ਆਪਣੇ ਕਾਰ ਵਿਹਾਰ ਕਰਦੈ।
ਹਰ ਇਕ ਸੱਭਾ ਸੁਸਾਇਟੀ ਵਿਚ ਹੋ ਸ਼ਾਮਿਲ,
ਆਪਣੇਂ ਸ਼ਿਅਰਾਂ ਦਾ ਜਦੋਂ ਇਜ਼ਹਾਰ ਕਰਦੈ।
ਕਾਇਲ ਏਸ ਦੇ ਸ਼ਿਅਰਾਂ ਤੋਂ ਹੋ ਸ਼ਾਇਰ,
ਕਹਿੰਦੇ ਵਾਹ ਬਈ ਬੜਾ ਜ਼ਹੀਨ ਲਾਲੀ।
ਸਿਫਤਾਂ ਇਹਦੀਆਂ ਨੂੰ ਸੁਣਕੇ ਕਹੇ 'ਨੂਰੀ',
ਬਿਹਤਰੀਨ ਲਾਲੀ, ਬਿਹਤਰੀਨ ਲਾਲੀ।

ਵਲੋਂ – ਅਨੂਪ ਸਿੰਘ ਨੂਰੀ ਸਾਹਿਤਕਾਰ ਕਰਤਾਰਪੁਰ

ਲਾਲੀ ਕਰਤਾਰਪੁਰੀ

## ਗ਼ਜ਼ਲ

ਤੂੰ ਜਿੱਦ ਕਰਕੇ ਬੁਲਾਉਣਾ ਏਂ, ਮੇਰੇ ਤੋਂ ਬੋਲ ਨਹੀਂ ਹੁੰਦਾ,
ਬੇਕਦਰੀ ਹੋ ਰਹੀ ਹੋਵੇ ਤਾਂ ਦੁੱਖੜਾ ਫੋਲ ਨਹੀਂ ਹੁੰਦਾ।

ਜੋ ਹੋਣਾ ਏਂ ਉਹ ਹੋਵੇਗਾ, ਜੋ ਹੋਇਆ ਏ ਉਹਦੀ ਰਹਿਮਤ,
ਉਹ ਡਾਹਡਾ ਆਪਣੇ ਕੰਮਾਂ ਤੋਂ ਕਦੇ ਅਣਭੋਲ ਨਹੀਂ ਹੁੰਦਾ।

ਤੂੰ ਨੈਣਾਂ ਦੇ ਤਰਾਜੂ ਵਿੱਚ ਘੜੀ ਮੁੜ ਝਾਤ ਕਿਉਂ ਪਾਵੇਂ,
ਇਹ ਸੋਦਾ ਇਸ਼ਕ ਦਾ ਸੱਜਣਾ ਇਹਦੇ ਵਿੱਚ ਝੋਲ ਨਹੀਂ ਹੁੰਦਾ।

ਅਸਾਂ ਨੇ ਢੋਲ ਆਪਣੇ ਨੂੰ ਭਰੀ ਮਹਿਫਲ 'ਚ ਕਹਿ ਦਿੱਤਾ,
ਨਚਾਵੇ ਜੋ ਨਾ ਮਸਤਾਂ ਨੂੰ ਅਸਲ ਵਿੱਚ ਢੋਲ ਨਹੀਂ ਹੁੰਦਾ।

ਉਹ ਚਾਹਵਣ ਤਾਂ ਝਨਾਂ ਤਰ ਜਾਂਦੀਆਂ ਨੇ ਜਾ ਰਾਤਾਂ ਨੂੰ,
ਬਦਨ ਔਰਤ ਦਾ ਜੇ ਸਮਝੋ ਤਾਂ ਐਨਾ ਸੋਹਲ ਨਹੀਂ ਹੁੰਦਾ।

ਕਲਮ ਦਾ ਸ਼ਹਿਨਸ਼ਾਹ ਭਾਵੇਂ ਬੜਾ ਕੰਗਾਲ ਹੁੰਦਾ ਏ,
ਜੋ ਇਸ ਦੇ ਕੋਲ਼ ਹੁੰਦਾ ਏ ਕਿਸੇ ਦੇ ਕੋਲ਼ ਨਹੀਂ ਹੁੰਦਾ।

ਚੜ੍ਹੇ ਸੂਰਜ ਦੀ 'ਲਾਲੀ' ਨੇ ਕਿਤੇ ਫਿੱਕੀ ਨਹੀਂ ਪੈਣਾ,
ਇਹ ਕੁਦਰਤ ਦਾ ਕਰਿਸ਼ਮਾ ਹੈ, ਜਿਹਦੇ ਵਿੱਚ ਰੋਲ਼ ਨਹੀਂ ਹੁੰਦਾ।

************

## ਇੱਕ-ਇੱਕ ਪੁਸਤਕ ਰੱਖੀ ਐ

ਮੇਰੇ ਘਰ ਦੀ ਲਾਇਬਰੇਰੀ ਕਿਤੇ ਦੇਖਿਓ ਆ ਕੇ ਜੀ,
ਇੱਕ-ਇੱਕ ਪੁਸਤਕ ਰੱਖੀ ਐ ਮੈਂ ਧੂੜ ਧੁਖਾ ਕੇ ਜੀ।

ਇਹ ਕਿਤਾਬਾਂ ਘਰ ਦੀ ਸ਼ੋਭਾ ਦੁਗਣੀ ਕਰਦੀਆਂ ਨੇ।
ਸ਼ੀਸ਼ੇ ਵਿੱਚੋਂ ਝਾਕਦੀਆਂ ਭਾਵੇਂ ਹਉਕੇ ਭਰਦੀਆਂ ਨੇ।
ਇੱਕ ਗੱਲ ਤਾਂ ਪੱਕੀ ਰੱਖੀਆਂ ਖੂਬ ਸਜਾ ਕੇ ਜੀ।
ਇੱਕ-ਇੱਕ ਪੁਸਤਕ ਰੱਖੀ ਐ ਮੈਂ ਧੂੜ ਧੁਖਾ ਕੇ ਜੀ।

ਇੱਕ ਦਿਨ ਜਦ ਮੈਂ ਸ਼ੀਸ਼ੇ ਦੀ ਅਲਮਾਰੀ ਖੋਲ੍ਹੀ ਸੀ,
ਪੜ੍ਹਦਾ ਕਦ ਹੈ ਇੱਕ ਪੁਸਤਕ ਗੁੱਸੇ ਵਿੱਚ ਬੋਲੀ ਸੀ,
ਬਾਲ ਸਾਹਿਤ ਦੀ ਪੁਸਤਕ ਸੀ ਰੱਖ ਲਈ ਵਰਾ ਕੇ ਜੀ।
ਇੱਕ-ਇੱਕ ਪੁਸਤਕ ਰੱਖੀ ਐ ਮੈਂ ਧੂੜ ਧੁਖਾ ਕੇ ਜੀ।



ਅੱਜ ਹੀ ਇਸ ਕਿਤਾਬ ਦੀ ਘੁੰਢ ਚੁਕਾਈ ਹੋਈ ਏ।
ਇਸਦੇ ਵਿੱਚੋਂ ਆਉਂਦੀ ਸਾਹਿਤ ਦੀ ਖੁਸ਼ਬੋਈ ਏ।
ਹਾਲੇ ਇਹ ਵੀ ਰੱਖ ਦੇਣੀ ਐ ਖੂੰਝੇ ਲਾ ਕੇ ਜੀ,
ਇੱਕ-ਇੱਕ ਪੁਸਤਕ ਰੱਖੀ ਐ ਮੈਂ ਧੂੜ ਧੁਖਾ ਕੇ ਜੀ।

ਜਦ ਚਿਹਰੇ 'ਤੇ 'ਲਾਲੀ' ਨਾ ਇਹ ਰੂਪ ਹੀ ਰਹਿਣਾਂ ਏ,
ਟੱਬਰ ਚੋਂ ਜਦ ਕੱਲਾ ਮੈਨੂੰ ਬਹਿਣਾ ਪੈਣਾ ਏ,
ਨਾਲ ਕਿਤਾਬਾਂ ਕਰਾਂਗਾ ਗੱਲਾਂ ਨੀਵੀਂ ਪਾ ਕੇ ਜੀ,
ਇੱਕ-ਇੱਕ ਪੁਸਤਕ ਰੱਖੀ ਐ ਮੈਂ ਧੂੜ ਧੁਖਾ ਕੇ ਜੀ।

***********

## ਲੋਕ ਤੱਥ

ਵਿਦਵਾਨਾਂ ਵਿੱਚ ਲੰਮੀ ਕਰਕੇ ਗੱਲ ਸੁਣਾਈਏ ਨਾ,
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਕਿਸੇ ਵੀ ਕੰਮ ਦੇ ਵਿੱਚ ਦੋਸਤੋ ਕਾਹਲੀ ਨਹੀਂ ਚੰਗੀ।
ਸੱਚ ਪੁੱਛੋ ਤਾਂ ਚੁਸਤ ਚਲਾਕੀ ਬਾਲ੍ਹੀ ਨਹੀਂ ਚੰਗੀ।
ਬੱਚੇ ਕੋਲੋਂ ਚੀਜ਼ ਕਦੇ ਵੀ ਖੋਹ ਕੇ ਖਾਈਏ ਨਾ,
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਦੱਸੀਏ ਖੁੱਲ੍ਹ ਕੇ ਰੋਗ ਵੈਦ ਤੋਂ ਨਹੀਂਓ ਸੰਗੀ ਦਾ।
ਗ਼ਲਤੀ ਕਰਕੇ ਆਪ ਦੂਜੇ ਨੂੰ ਨਹੀਂਓਂ ਭੰਡੀ ਦਾ।
ਸਿਹਤ ਹੋਵੇ ਨਾ ਠੀਕ ਤਾਂ ਚਸਕੇ ਕਚੇ ਲਗਾਈਏ ਨਾ।
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਉਸਤਾਦਾਂ ਦੇ ਮੋਹਰੇ ਨਾਟਕ ਬਾਜ਼ੀ ਕਰੀਏ ਨਾ।
ਮਿੱਤਰ ਜਾਂ ਮਹਿਬੂਬ 'ਤੇ ਐਵੇਂ ਉਂਗਲ ਧਰੀਏ ਨਾ।
ਦੁਨੀਆਂ ਕੋਲੋਂ ਥਾਂ ਥਾਂ ਭੰਡੀ ਕਰਵਾਈਏ ਨਾ।
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਬਹੁਤੇ ਨ੍ਹੇਰੇ ਸੈਰ ਕਰਨ ਦੀ ਆਦਤ ਮਾੜੀ ਐ,
ਰੋਜ਼ ਰੋਜ਼ ਕਿਸੇ ਨੂੰ ਘਰ ਵਿੱਚ ਦਾਹਵਤ ਮਾੜੀ ਐ,
ਮੁੱਕਦੀ ਗੱਲ ਕਿ ਲੋਕਾਂ ਤੋਂ ਮੂਰਖ ਅਖਵਾਈਏ ਨਾ,
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਬੱਚਾ, ਕੁੱਤਾ, ਬਾਂਦਰ, ਬਹੁਤਾ ਨਹੀਂ ਚੰਬਲਾਈਦਾ।
ਸਿਰ ਫਿਰਿਆਂ ਦੇ ਨਾਲ ਕਦੇ ਨਹੀਂ ਆਹਡਾ ਲਾਈ ਦਾ।
ਬਹੁਤਾ ਵੀ ਤਾਂ ਹਰ ਇੱਕ ਉੱਤੇ ਹੁਕਮ ਚਲਾਈਏ ਨਾ।
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਚਾਤੁਰ ਬਣ ਕੇ ਬਲ਼ਦੀ ਉੱਤੇ ਤੇਲ਼ ਨਹੀਂ ਪਾਈ ਦਾ।
ਹੱਦੋਂ ਵੱਧ ਕਿਸੇ ਨੂੰ ਐਵੇਂ ਨਹੀਂ ਵਡਿਆਈ ਦਾ।
ਬਿਨਾ ਕੰਮ ਤੋਂ ਗਲੀਆਂ ਦੇ ਵਿੱਚ ਗੇੜੇ ਲਾਈਏ ਨਾ।
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

ਸ਼ੱਕੀ ਬੰਦੇ ਵੱਲ ਨਹੀਂ ਬਹੁਤਾ ਗੋਹ ਨਾ ਤੱਕੀ ਦਾ।
ਦੁਨੀਆਂ ਵਿੱਚ ਇਲਾਜ ਨਹੀਂ ਹੈ ਬੰਦੇ ਸ਼ੱਕੀ ਦਾ।
ਭਰਮਾਂ ਮਾਰੇ ਦੇ ਘਰ 'ਲਾਲੀ' ਬਹੁਤਾ ਜਾਈਏ ਨਾ।
ਭੁੱਲ ਕੇ ਵੀ ਅਹਿਸਾਨ ਕਿਸੇ ਦਾ ਦਿਲੋਂ ਭੁਲਾਈਏ ਨਾ।

*************



# ਸਾਵਣ 'ਤੇ ਵਿਸ਼ੇਸ਼ -ਗੀਤ

ਸਾਉਣ ਦਾ ਮਹੀਨਾ ਆ ਗਿਆ ਵੇ,
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ,
ਕੋਠੇ ਜਦੋਂ ਕਾਂ ਬੋਲਦਾ ਵੇ,
ਮੁੜ ਆਉਨੀਐਂ ਬਰੂਹਾਂ ਵਿੱਚੋਂ ਜਾ ਕੇ
ਸਾਉਣ ਦਾ ਮਹੀਨਾ ਆ ਗਿਆ ਵੇ,
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ।

ਫੋਨ ਭਾਵੇਂ ਨਿੱਤ ਕਰਦੈਂ,
ਪਰ ਫੋਨ 'ਤੇ ਹੁੰਦੀ ਨਹੀਂ ਗੱਲ ਬਾਹਲੀ
ਮੇਵਾ ਹੁੰਦਾ ਰੁੱਤ-ਰੁੱਤ ਦਾ,
ਖੀਰ ਧਰਾਂਗੇ ਬਦਾਮਾਂ ਵਾਲੀ,
ਮਿੱਠੀਆਂ ਪਕਾਊਂ ਰੋਟੀਆਂ,
ਵੇ ਚੰਨਾ ਖੰਡ ਦਾ ਪਰੇਥਣ ਲਾ ਕੇ,
ਸਾਉਣ ਦਾ ਮਹੀਨਾ ਆ ਗਿਆ ਵੇ,
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ।

ਨਿੱਕਾ-ਨਿੱਕਾ ਮੀਂਹ ਵਰ੍ਹਦਾ,
ਨਾਲੇ ਠੰਡੀ-ਠੰਡੀ ਵਗਦੀ ਹਵਾ ਵੇ,
ਤੇਰੀਆਂ ਉਡੀਕਾਂ ਸੋਹਣਿਆਂ,
ਮੇਰੇ ਨੀਂਦ ਨਾ ਅੱਖਾਂ ਦੇ ਵਿੱਚ ਆਵੇ,
ਏਸੇ ਗੱਲੋਂ ਰਵ੍ਹਾਂ ਝੂਰਦੀ ਰੱਖ ਲਿਆ,
ਨਾ ਪਟਾਰੀ ਵਿੱਚ ਪਾ ਕੇ,
ਸਾਉਣ ਦਾ ਮਹੀਨਾ ਆ ਗਿਆ ਵੇ,
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ।

ਕਦੀ ਵੀ ਨਾ ਘਰੋਂ ਤੋਰਦੀ,
ਪਤਾ ਹੁੰਦਾ ਜੇ ਵਿਛੋੜਾ ਕੀ ਬਲਾਅ ਵੇ,
ਭੱਠ ਪਵੇ ਸੋਨਾ ਸੋਦਰਾ,
ਜਿਹੜਾ ਪਾਏ ਤਾਂ ਕੰਨਾਂ ਨੂੰ ਖਾਵੇ,
ਬੇਬੇ ਨਿੱਤ ਘੂਰਦੀ ਰਵ੍ਹੇ,
ਗੱਲਾਂ ਕਰਦੀ ਜੇਠਾਣੀ ਲਾ-ਲਾ ਕੇ,
ਸਾਉਣ ਦਾ ਮਹੀਨਾ ਆ ਗਿਆ ਵੇ।
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ,

ਇੱਕ ਗੱਲ ਮੁੱਕਦੀ ਕਰਾਂ ਪੈਂਡਾਂ,
ਡਾਲਰਾਂ ਨਹੀਂ ਚਿੱਤ ਪਰਚਾਉਂਣਾ,
ਰੰਗ ਪਾ ਕੇ ਵੱਟਾਂ ਸੇਵੀਆਂ,
'ਲਾਲੀ' ਦੱਸ ਦੇ ਫਲਾਇਟ ਕਿਹੜੀ ਆਉਣੈ,
ਲੈ ਆਉਂ ਕਰਰਤਾਰਪੁਰ ਤੋਂ ਗੱਡੀ,
ਏਅਰਪੋਰਟ ਸਾਲਮ ਕਰਾ ਕੇ,
ਸਾਉਣ ਦਾ ਮਹੀਨਾ ਆ ਗਿਆ ਵੇ,
ਗੇੜਾ ਮਾਰ ਜਾ ਵਲੈਤ ਵਿੱਚੋਂ ਆ ਕੇ।

**************



# ਪੈਸੇ ਦੇ ਨਾਲ......

ਪੈਸੇ ਦੇ ਨਾਲ ਪੱਤਰੀ ਖੋਲ੍ਹੀ ਜਾ ਸਕਦੀ,
ਪੈਸੇ ਦੇ ਨਾਲ ਕਿਸਮਤ ਬਦਲੀ ਜਾਣੀ ਨਹੀਂ।
ਪੈਸੇ ਦੇ ਨਾਲ ਗ੍ਰੰਥ ਖਰੀਦੇ ਜਾ ਸਕਦੇ,
ਪੈਸੇ ਦੇ ਨਾਲ ਮਿਲਦੀ ਰੱਬੀ ਬਾਣੀ ਨਹੀਂ।

ਵਕਤ ਬੀਤਿਆ ਮੁੜਦਾ ਨਹੀਂ ਹੈ ਪੈਸੇ ਨਾਲ,
ਬਚਪਨ ਵਾਲੀ ਲੱਭਦੀ ਉਮਰ ਨਿਆਣੀ ਨਹੀਂ।
ਪੈਸੇ ਦੇ ਨਾਲ ਚਰਖੇ ਲਭ ਲਿਆਵਾਂਗੇ,
ਤਿੰਝਣਾ ਵਾਲੀ ਲਭਦੀ ਰੀਤ ਪੁਰਾਣੀ ਨਹੀਂ।

ਟੁੱਟੇ ਦਿਲ ਵੀ ਪੈਸੇ ਨਾਲ ਨਹੀਂ ਜੁੜ ਸਕਦੇ,
ਜਿਵੇਂ ਰੁੱਖ ਦੀ ਟੁੱਟੀ ਜੁੜਦੀ ਟਾਹਣੀਨਹੀਂ।
ਪੈਸੇ ਦੇ ਨਾਲ ਗੱਲ ਮਨਾਈ ਜਾ ਸਕਦੀ,
ਪੈਸੇ ਦੇ ਨਾਲ ਜਾਂਦੀ ਰਮਜ਼ ਪਛਾਣੀ ਨਹੀਂ।

ਪੈਸੇ ਦੇ ਨਾਲ ਕਿੰਨੇ ਰਿਸ਼ਤੇ ਬਣ ਸਕਦੇ,
ਪਰ ਮਮਤਾ ਦੀ ਮਹਿਕ ਇਨ੍ਹਾਂ 'ਚੋਂ ਆਣੀ ਨਹੀਂ।
ਪੈਸੇ ਦੇ ਨਾਲ ਭਾਵੇਂ ਰਾਹਤ ਮਿਲ ਸਕਦੀ,
ਟੈਂਸ਼ਨ ਦੀ ਜੜ੍ਹ ਇਸ ਨੇ ਮੂਲ ਮੁਕਾਣੀ ਨਹੀਂ।

ਉਲਝ ਜਾਵੇ ਜੋ ਇੱਕ ਵਾਰੀ ਤਾਂ ਸਮਝ ਲਵੋ,
ਸਮਝਾਂ ਬਾਝੋਂ ਸੁਲਝੀ ਕਦੇ ਵੀ ਤਾਣੀ ਨਹੀਂ,
ਪੈਸੇ ਦੇ ਨਾਲ ਚੌਧਰ ਹਾਸਿਲ ਹੋ ਸਕਦੀ,
ਪੈਸੇ ਦੇ ਨਾਲ ਹੁੰਦੀ ਮੱਤ ਸਿਆਣੀ ਨਹੀਂ।

ਅਕਲਾਂ ਬਾਝੰ ਖੂਹ ਖਾਲੀ ਹੋ ਜਾਂਦੇ ਨੇ,
ਪਾਣੀ ਦੀ ਜੇ ਹੁਣ ਵੀ ਕਦਰ ਪਛਾਣੀ ਨਹੀਂ,
ਧਰਤੀ ਹੇਠਾਂ ਰੋਜ਼-ਰੋਜ਼ ਜੋ ਘਟਦਾ ਹੈ,
ਪੈਸੇ ਨਾਲ ਮੁੰਕਮਲ ਹੋਣਾ ਪਾਣੀ ਨਹੀਂ।

ਸਾਹਿਤ ਰਚਨਾ ਵੀ ਕੁਦਰਤ ਦੀ ਕ੍ਰਿਪਾ ਹੈ,
ਮੱਲੋ ਜ਼ੋਰੀ ਕਾਗਜ਼ ਉੱਤੇ ਆਣੀ ਨਹੀਂ।
ਪੈਸੇ ਦੇ ਨਾਲ ਕਲਮ ਖਰੀਦੀ ਜਾ ਸਕਦੀ,
ਪੈਸੇ ਦੇ ਨਾਲ ਜੁੜਦੀ ਕਾਵਿ, ਕਹਾਣੀ ਨਹੀਂ।

ਇਕੋ ਵੇਲੇ ਸੌ ਸੌ ਰੀਝਾਂ ਜਨਮ ਦੀਆਂ,
ਬਿਨ ਭਾਗਾਂ ਦੇ ਮਿਲਦੀ ਮੌਜ ਮਨਾਣੀ ਨਹੀਂ।
ਪੈਸੇ ਦੇ ਨਾਲ ਧੌਲੇ ਰੰਗੇ ਜਾਂ ਸਕਦੇ,
ਗਈ ਜਵਾਨੀ ਪੈਸੇ ਦੇ ਨਾਲ ਆਣੀ ਨਹੀਂ।

ਪੈਸੇ ਨਾਲ ਦਵਾਈਆਂ ਦਾਰੂ ਹੋ ਸਕਦੈ,
ਮੌਤ ਕੋਲੋਂ ਜਿੰਦ ਪੈਸੇ ਨੇ ਛਡਵਾਣੀ ਨਹੀਂ।
ਪੈਸਾ ਬਹੁਤਾ ਇਛਾਵਾਂ ਪੂਰੀਆਂ ਕਰ ਸਕਦਾ, ਪੈਸੇ
ਦੇ ਨਾਲ ਉਮਰ ਖਰੀਦੀ ਜਾਣੀ ਨਹੀਂ।

ਪੈਸੇ ਦੇ ਹੰਕਾਰ 'ਚ ਸੱਜਣ ਛੱਡ ਦੇਣੇ,
ਜੇ ਸੋਚੋ ਤਾਂ ਇਹ ਵੀ ਗੱਲ ਸਿਆਣੀ ਨਹੀਂ।
ਮੋਢਾ ਦੇਣ ਲਈ ਚੋਂ ਭਾਈਆਂ ਦੀ ਲੋੜ ਪਊ,
ਪੈਸੇ ਨੇ ਤਾਂ ਅਰਥੀ ਆਪ ਉਠਾਣੀ ਨਹੀਂ।



ਉਮਰ ਮੁਤਾਬਿਕ ਹਰ ਬੰਦਾ ਢਲ਼ ਜਾਂਦਾ ਹੈ,
ਏਸ ਗੱਲ ਤੋਂ ਦੁਨੀਆਂ ਵੀ ਅਣਜਾਣੀ ਨਹੀਂ।
ਪੈਸੇ ਦੇ ਨਾਲ ਚਿਹਰਾ ਰੰਗਿਆ ਜਾ ਸਕਦੈ,
ਚਿਹਰੇ ਉੱਤੇ ਅਸਲੀ 'ਲਾਲੀ' ਆਣੀ ਨਹੀਂ

**ਲਾਲੀ ਕਰਤਾਰਪੁਰੀ**
ਇਨਚਾਰਜ ਪਬਲਿਕ ਰਲੇਸ਼ਨ ਕਪੂਰਥਲਾ
186/10 ਮੰਡੀ ਮਹੁੱਲਾ ਕਰਤਾਰਪੁਰ
ਜ਼ਿਲ੍ਹਾ ਜਲੰਧਰ।
98882- 71066

# ਸ. ਚੰਨਣ ਸਿੰਘ ਚੰਨ ਮੋਮੀ



## ਜਾਣ ਪਹਿਚਾਣ-

ਸ਼ਾਇਰ ਚੰਨ ਮੋਮੀ ਮੇਰੇ ਬਿਹਤਰੀਨ ਦੋਸਤਾਂ ਵਿੱਚੋਂ ਹਨ। ਇਹ ਪਿੰਡ ਭਗਤ ਪੁਰ ਵਿੱਚ ਸ਼ੇਖੂਪੁਰ ਜ਼ਿਲ੍ਹਾਂ ਕਪੂਰਥਾ ਦੇ ਵਸਨੀਕ ਹਨ। 1994 ਵਿੱਚ ਇਹ ਰੇਲਵੇਕੋਚ ਫੈਕਟਰੀ ਦੇ ਹਾਈ ਸਕੂਲ ਵਿੱਚ ਪੰਜਾਬੀ ਟਾਚਰ ਦੀ ਪੋਸਟ ਤੋਂ ਰੀਟਾਇਰ ਹੋਏ ਹਨ। ਤੇ ਅੱਜ ਕੱਲ ਜਿਥੇ ਆਪ ਸ਼ਾਇਰੀ ਨਾਲ ਮੱਥਾ ਮਾਰਦੇ ਹੋਏ ਆਪਣੇ ਨਿਕਟ ਵਰਤੀ ਯਾਰਾਂ ਨਾਲ ਪਿਆਰ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਮਨ ਪਰਚਾਵਾ ਕਰਦੇ ਹਨ। ਉੱਥੇ ਆਪਣੇ ਬੇਟੇ ਸੁਖਰਾਜ ਸਿੰਘ ਨਾਲ ਸੁਲਤਾਨਪੁਰ ਰੋਡ ਸ਼ੇਖੂਪੁਰ ਤੇ ਵੀ ਸਟਾਰ ਟੈਂਟ ਹਾਊਸ ਤੇ ਉਹਦੇ ਨਾਲ ਪੂਰਨ ਸਹਿਯੋਗ ਦੇ ਰਹੇ ਹਨ। ਇਹਨਾਂ ਬਾਰੇ ਆਪਣੇ ਖਿਆਲਾ ਦਾ ਇਜ਼ਹਾਰ ਇਹਨਾਂ ਸ਼ਿਅਰਾਂ ਦੁਆਰਾ ਕਰਨ ਦੀ ਖੁਸ਼ੀ ਦਾ ਪ੍ਰਗਟਾਵਾ ਕਰ ਰਿਹਾ ਹਾਂ।

ਚੰਨ ਮੋਮੀ ਹੈ ਪਿਆਰ ਦਾ ਇਕ ਸਾਗਰ,
ਛਲਾਂ ਪਿਆਰ ਦੀਆਂ ਸਦਾ ਉਛਾਲਦਾ ਇਹ।
ਇਹਦੀ ਮਿਲਣ ਵਰਤਣ ਮੂੰਹੋ ਬੋਲਦੀ ਹੈ,
ਫਰਜ਼ ਦੋਸਤੀ ਦੇ ਐਸੇ ਪਾਲਦਾ ਇਹ।
ਕਵਿਤਾ ਨਾਲ ਹੈ ਦਿਲੋਂ ਪਿਆਰ ਇਹਦਾ,
ਚੰਗੇ ਸ਼ਿਅਰਾਂ ਨੂੰ ਖੋਜਦਾ ਭਾਲਦਾ ਇਹ।



ਮੈਨੂੰ ਪੁਛੋ ਤਾਂ ਯਾਰਾਂ ਦਾ ਯਾਰ ਮੋਮੀ,
ਸਭ ਨੂੰ ਪਿਆਰ ਦੀ ਰੀਤ ਸਿਖਾਲਦਾ ਇਹ।
ਖਿੱੜੇ-ਮੱਥੇ ਇਹ ਸਦਾ ਹੀ ਮਿਲੇ ਸੱਭ ਨੂੰ,
ਚੰਨ ਵਾਂਗ ਇਹ ਵੰਡਦਾ ਨੂਰ ਡਿੱਠਾ।
ਇਹ ਦੇ ਮਿਲਣ ਤੇ ਗਮ ਕਾਫੂਰ ਹੁੰਦੇ,
ਇਹਦੇ ਪਿਆਰ ਵਿਚ ਐਸਾ ਸਰੂਰ ਡਿੱਠਾ।

ਸ਼ੇਖਪੁਰਾ ਸੁਲਤਾਨਪੁਰ ਸੜਕ ਉੱਤੇ,
ਮੋਮੀ ਟੈਂਟ ਦਾ ਹੈ ਕਾਰੋਬਾਰ ਇਹਦਾ।
ਇਹਦੇ ਮਿਲੇ ਬਿੰਨਾ ਯਾਰ ਨ ਜਾਣ ਅੱਗੇ,
ਖਿੱਚ ਲੈਂਦਾ ਹੈ ਐਸਾ ਪਿਆਰ ਇਹਦਾ।
ਹਰ ਇੱਕ ਯਾਰ ਦੀ ਸੇਵਾ ਇਹ ਕਰੇ ਦਿਲ ਤੋਂ,
ਐਸਾ ਪਿਆਰਾ ਹੈ ਪਿਆਰੇ ਵਿਹਾਰ ਇਹਦਾ।
ਜੋ ਕੁਝ ਦਿਲ ਵਿਚ ਉਹ ਜ਼ੁਬਾਨ ਉੱਤੇ,
ਉਤਮ ਐਹੋ ਜਿਹਾ ਡਿੱਠਾ ਕਿਰਦਾਰ ਇਹਦਾ।
ਉਹ ਨਾ ਕਿਸੇ ਦੀ ਕਰੂ ਪਰਵਾਹ ਉੱਕਾ,
ਇਕ ਵਾਰ ਜੋ ਬਣ ਗਿਆ ਯਾਰ ਇਹਦਾ।
"ਨੂਰੀ" ਐਵੇਂ ਨਹੀਂ ਇਹਦੀ ਤਾਅਰੀਫ਼ ਕਰਦਾ,
ਦਿਲੋ ਮਨੋਂ ਉਹ ਪਿਆਰੇ ਗਮਖਾਰ ਇਹਦਾ।

ਵਲੋਂ - ਅਨੂਪ ਸਿੰਘ ਨੂਰੀ ਸਾਹਿਤਕਾਰ ਕਰਤਾਰਪੁਰ

## ਸ. ਚੰਨਣ ਸਿੰਘ ਚੰਨ ਮੋਮੀ

# ਚਰਾਗ਼-ਏ-ਸ਼ਹਾਦਤ

ਸੜਦੀ ਲੋਹ 'ਚੇ ਬੈਠਾ ਦਾਤਾ ਤਨ ਮੇਰਾ ਹੈ ਸੜਦਾ।
ਦੇਗ 'ਚ ਆਏ ਉਬਾਲੇ ਵਾਂਗੂ ਲਹੂ ਮੇਰਾ ਹੈ ਕੜ੍ਹਦਾ।

ਏਨੇ ਜ਼ੁਲਮ 'ਤੇ ਸਬਰ ਨਾ ਕੀਤਾ, ਜ਼ਾਲਿਮ ਜ਼ੁਲਮ ਕਮਾਉਂਦੇ।
ਸੜਦੀ ਰੇਤ ਦੇ ਭਰ ਭਰ ਕੜਛੇ, ਫੁੱਲ ਬਦਨ ਤੇ ਪਾਉਂਦੇ।

ਸ਼ਾਂਤ ਚਿੱਤ ਅਡੋਲ ਹੈ ਬੈਠਾ ਸੱਭ ਕੁਝ ਜਰਦਾ ਜਾਵੇ।
ਏਨੇ ਜ਼ੁਲਮ ਜਬਰ ਦੇ ਹੁੰਦਿਆ, ਮੰਦ ਮੰਦ ਮੁਸਕਾਵੇ।

"ਤੇਰਾ ਭਾਣਾ ਮੀਠਾ ਲਾਗੈ," ਪਾਠ ਇਉਂ ਕਰਦਾ ਜਾਵੇ।
ਬਰਮ ਗਿਆਨੀ ਕੁਛ ਬੁਰਾ ਨਾ ਕਰਦਾ, ਦੁਨੀਆਂ ਨੂੰ ਦਿਖਲਾਵੇ।

ਸੜਦੀ ਧਰਤੀ, ਸੜਦਾ ਅੰਬਰ, ਸੜਦਾ ਹੈ ਜੱਗ ਸਾਰਾ।
ਸੜਦਾ ਚੰਦੂ, ਸੜੇ ਹਕੂਮਤ, ਸੜਦਾ ਭਾਈਚਾਰਾ।

ਸੜਦੇ ਬਿਰਛ, ਪਸ਼ੂ ਤੇ ਪੰਛੀ, ਦੇਖ ਕਹਿਰ ਦਾ ਪਾਰਾ।
ਸ਼ਾਂਤ "ਬਾਣੀ ਦਾ ਬੋਹਿਥਾ" ਬੈਠਾ, ਮਾਂ-ਭਾਨੀ ਦਾ ਤਾਰਾ।

ਪਿਰਥੀ ਚੰਦ ਤੇ ਚੰਦੂ ਵੀ ਖੁਸ਼, ਜਹਾਂਗੀਰ ਵੀ ਸੋਚੇ।
ਕੂੜ ਕੁਫ਼ਰ ਦੀ ਹੱਟ ਜੋ ਚਲਦੀ, ਉਸ ਦੀ ਫੱਟੀ ਪੋਚੇ।

ਸਮਝ ਸੋਚ ਕੇ ਆਦਿਲ ਵੱਢੇ, ਚੰਦੂ ਤਾਈਂ ਤਿੜਾਇਆ।
ਧੀ ਛੱਡੀ ਦੀਆਂ ਕੱਢ ਲੈ ਰੜਕਾਂ, ਕਹਿਰ ਕਰੀਂ ਮਨ-ਭਾਇਆ।



ਇੱਕ ਤੀਰ ਦੋ ਪੰਛੀ ਫੁੰਡੇ, ਵੱਡੇ ਅਦਲਾਂ ਵਾਲੇ।
ਤ੍ਰਾਹ ਤ੍ਰਾਹ ਸਭ ਕਰੇ ਲੁਕਾਈ ਅਦਲੀ ਦਿਲ ਦੇ ਕਾਲੇ।

ਲਾਹੌਰ ਸ਼ਹਿਰ 'ਚ ਕਹਿਰ ਵਰਤਿਆ, ਜੱਗ ਚੋਂ ਕਹਿਰ ਨਿਰਾਲਾ।
ਜ਼ੋਰ ਜ਼ਬਰ ਦੀ ਭੱਠੀ ਤਪਦੀ, ਸੇਕਦਾ ਕਿਸਮਤ ਵਾਲਾ।

ਮੀਆਂ ਮੀਰ ਮੋਮਦਿਲ ਸਾਂਈ, ਖਾਵੇ ਮਨੋ ਉਛਾਲਾ।
ਦੋਜ਼ਖ਼ ਵਿੱਚ ਸੜਨਗੇ, ਜ਼ਾਲਿਮ ਦਾ ਮੂੰਹ ਹੋਵੇ ਕਾਲਾ।

ਜ਼ੁਲਮੀ ਤੀਰ ਟਿਕਾਣੇ ਲੱਗਿਆ ਛੱਡਿਆ ਹੋਇਆ ਕਮਾਨੋ।
ਕੁਫ਼ਰਾਂ ਦਾ ਕੰਮ ਕਾਫ਼ਰ ਕਰਦੇ, ਲਾਅਨ੍ਹਤ ਖਟਣ ਜਹਾਨੋ।

ਚਮਗਿਦੜਾਂ ਨੂੰ ਰਾਤ ਭਲੇਰੀ ਡਰਦੇ ਉੱਲੂ ਭਾਨੋਂ।
ਇੱਟ ਇੱਟ ਸ਼ਹਿਰ ਕਰਾਂ ਮੈਂ, ਆਖੋ ਸਹੀ ਜ਼ਬਾਨੋ।

ਗੱਲ ਸੁਣੀ ਤੇ ਗੁੱਸਾ ਤੱਕਿਆ, ਮੰਦ ਮੰਦ ਮੁਸਕਾਏ।
ਆਖਣ ਲੱਗੇ ਸਾਈਂ ਜੀ ਨੂੰ, ਮਾਂ-ਭਾਨੀ ਦੇ ਜਾਏ।

ਭਾਣੇਂ ਤਾਂਈਂ ਸਹਿਣਾ ਸਿੱਖੀਏ, ਭਾਣੇਂ ਦੇ ਵਿੱਚ ਰਹਿਣਾ।
ਹੁਕਮ ਵਿੱਚ ਚੰਨ, ਸੂਰਜ ਧਰਤੀ, ਹੁਕਮੀ ਜੰਮਣ ਢਹਿਣਾ।

ਕੋਈ ਨੇਕੀ, ਕੋਈ ਬਦੀ ਹੈ ਕਰਦਾ, ਤੇ ਜ਼ਬਰ ਸਬਰ ਨੇ ਖਹਿਣਾ।
ਇਹ ਕਲੰਕ ਜੁ ਖੱਟ ਲਿਆ ਇਹਨਾਂ, ਨਹੀਂ ਇਤਿਹਾਸ 'ਚੋ ਲਹਿਣਾ।

ਕਰਾਮਾਤ ਕਹਿਰ ਦਾ ਨਾਂ ਹੈ, ਉਲਟ ਰਜ਼ਾ ਦੇ ਚੱਲਣਾ।
"ਚੰਨ" ਚਰਾਗ਼-ਸ਼ਹੀਦੀ ਜਗਿਆ, ਸਦਾ ਈ ਲਟ ਲਟ ਬਲਣਾ।

************

## ਗ਼ਜ਼ਲ

ਹੱਥਾਂ ’ਚ ਓਸ ਦਾ ਕੀ ਸਾਡੇ ਗੁਲਾਬ ਆਇਆ।
ਮੋਈ ਹੋਈ ਜ਼ਿੰਦਗੀ ਵਿੱਚ ਇਨਕਲਾਬ ਆਇਆ।

ਕਵੱਲੀ ਖੁਸ਼ੀ ਵੀ ਸਾਡੀ ਘੁੰਡ ਖੋਲ੍ਹ ਨੱਚ ਉੱਠੀ,
ਅੱਖੀਆਂ ’ਚ ਲਿਸ਼ਕ ਆਈ ਪੂਰਾ ਸੈਲਾਬ ਆਇਆ।

ਉੱਡੇ ਅਸੀਂ ਬਹੁਤਾ ਡੋਲੇ ਮਨ ਜਿੰਨਾ ਕਾਬੂ ਕੀਤਾ,
ਚਾਅ ਦੀ ਕਿਤਾਬ ਅੰਦਰ ਇਹ ਕੈਸਾ ਬਾਬ ਆਇਆ।

ਨੱਚਦੇ ਰਹਿ ਪੈਰ ਮੇਰੇ, ਬੇਮੁਹਾਰਹੀ ਹੀ ਕਵਲੇ,
ਗਿਣਤੀ ਗਿਣਤੀਉਂ ਪਰੇ ਸੀ ਨਹੀਂ ਸਾਨੂੰ ਹਿਸਾਬ ਆਇਆ।

ਗਮ ਦੁਖ ਫਿਕਰ ਸਾਰੇ, ਇੱਕ ਦਮ ਕਾਫੂਰ ਹੋਏ,
ਚੰਨ ਮੋਮੀ ਹੁਰਾਂ ਦੇ ਹੱਥਾਂ ਵਿੱਚ ਜਦ ਜਾਮੇਂ ਸ਼ਰਾਬ ਆਇਆ।

## ਗ਼ਜ਼ਲ

ਦੇਖ ਲਉ ਕਿੰਨਾ ਧਨ ਕਮਾਈ ਬੈਠੇ ਹਾਂ।
ਆਪਣਿਆਂ ਤੋਂ ਮੂੰਹ ਭੰਨਾਈ ਬੈਠੇ ਹਾਂ।

ਸੋਹਣੇ ਇਸ ਮੁੱਖੜੇ ਤੋਂ ਜਾਣਾ ਹੋਰ ਕਿੱਥੇ,
ਜਿੰਦ ਵੀ ਜੀਹਦੇ ਨਾਂ ਲਵਾਈ ਬੈਠੇ ਹਾਂ।

ਤੱਕਿਆ ਪਹਿਲੀ ਵਾਰ ਜੋ ਆਪਣਾ ਲੱਗਿਆ ਸੀ,
ਉਸ ਦੇ ਵੱਲ ਹੁਣ ਕੰਡ ਭੁਆਈ ਬੈਠੇ ਹਾਂ।



ਜਿੱਤ ਆਉਣੀ ਪਤਾ ਨਹੀਂ ਸੀ ਕਿਸ ਹਿੱਸੇ,
ਦਿਲ ਅੱਖਾਂ ਦੀ ਸੂਰਤ ਲੁਆਈ ਬੈਠੇ ਹਾਂ।

ਖੈਰ ਹੋਵੇ ਉਸ ਜੂਹ ਦੀ, ਪਿੰਡ ਦੀ ਖੈਰ ਹੋਵੇ,
ਜੀਹਦੇ ਵੱਲ ਨੂੰ ਨਿਗ੍ਹਾ ਟਿਕਾਈ ਬੈਠੇ ਹਾਂ।

ਬੇੜੀ ਡੁੱਬਣੀ ਤਰਨੀ ਹੱਥ ਮਲਾਹਾਂ ਦੇ,
ਹੱਥ ਜੀਹਦੇ ਅਸੀਂ ਵੰਝ ਫੜਾਈ ਬੈਠੇ ਹਾਂ।

ਮੈਲ ਦੂਈ ਦਾ ਚੰਨ ਨਾ ਉਕਾ ਧੋਹ ਹੋਈ,
ਸਾਰੀ ਆਪਣੀ ਵਾਹ ਬਈ ਲਾਈ ਬੈਠਾ ਹਾਂ

## ਗ਼ਜ਼ਲ

ਸ਼ੁਕਰ ਕਿ ਸਾਡੇ ਲਈ ਲਿਆਇਆਂ ਕੁੱਝ ਤਸਲੀਆਂ।
ਫ਼ਿਕਰ ਚਿੰਤਾਵਾਂ ਬਣ ਬਲਾਵਾਂ ਸਨ ਰੂਹ ਇਹ ਮੱਲੀਆਂ।

ਦੇਖ ਸੂਲੀ ਦੇਖ ਫਾਹੀਆਂ ਲੋਕ ਬੜੇ ਘਬਰਾਉਂਨ ਨੇ,
ਕੁਝ ਕੁ ਜ਼ੇਹਨ ਉਹ ਵੀ ਹੁੰਦੇ ਜੋ ਪਾਉਂਦੇ ਜੱਲੀਆਂ।

ਕੋਈ ਦੇਖ ਚੇਹਰਾ ਓਪਰਾ, ਆਪਣੇ ਜਿਹਾ ਲਗਦੈ ਜਦੋਂ,
ਲੋਚਣ ਵਿਗਸਣ ਬੇਮੁਹਾਰੇ, ਖੁਸ਼ੀਆਂ ਝੱਲ-ਵਲੱਲੀਆਂ।

ਬਾਹਰ ਬੈਠਿਆਂ ਦੇ ਹੱਥ ਰੋਟੀ ਲਈ ਉੱਠੇ ਵਿਲਕ ਰਹੇ,
ਮਸਤ ਅੰਦਰ ਭਗਤ ਗਾਉਂਦੇ, ਵੱਜਣ ਸੰਖ ਤੇ ਟੱਲਿਆਂ।

ਜਰਨ ਦੀ ਵੀ ਇਕ ਹੱਦ ਹੁੰਦੀ, ਮੱਕਿਉਂ ਅੱਗੇ ਉਜਾੜ ਫਿਰ,
ਘੋਟਣੇ ਝੱਲ ਮੰਜੀਆਂ “ਚੰਨ” ਸੀਨਾ ਉੱਧੜ ਚੱਲੀਆਂ।

## ਗ਼ਜ਼ਲ

ਆਹ ਦੇਖ ਏਧਰ ਆਉਂਦੀਆਂ ਕਿਸ ਤਰ੍ਹਾਂ ਬਹਾਰਾਂ।
ਗੁਨਾਹ ਤੋਂ ਤੌਬਾ ਕੀਤੀ ਜੀਕੁਣ ਗੁਨਾਹਗਾਰਾਂ।

ਹਾਸਾ ਹੱਸਣਾ ਸਾਡਾ ਬਿਲਕੁੱਲ ਏ ਬੰਦ ਕੀਤਾ,
ਦਫ਼ਾ ਚੁਤਾਲ਼ੀ ਏਧਰ ਲਾ ਦਿੱਤੀ ਹੋਏ ਸਰਕਾਰਾਂ।

ਦੁੱਖਾਂ ਗ਼ਮਾਂ ਨੂੰ ਸਾਡੇ, ਆਉਣ ਦੀ ਹੈ ਖੁੱਲ੍ਹ ਪੂਰੀ,
ਦੁਸ਼ਮਣ ਜਿਵੇਂ ਕੋਈ ਘੱਲੇ ਸੂਹੀਆਂ ਦੀਆਂ ਕਤਾਰਾਂ।

ਅਜਕਲ੍ਹ ਤਾਂ ਸਾਡੇ ਉੱਤੇ, ਰੱਬ ਦੀਆਂ ਅਨਾਇਤ ਪੂਰੀ,
ਸਮ੍ਹਾਂ ਜਗਣ ਤੇ ਆਏ ਪਰਵਾਨੇ ਜਿਉਂ ਬੰਨ੍ਹ ਕਤਾਰਾਂ।

ਸਾਡੇ ਨਹੀਂ ਚਾਅ ਮਿਉਂਦੇ, ਨੱਚਣ ਨੂੰ ਪੈਰ ਥਿਰਕਦੇ,
ਪਿਆਕੜਾਂ ਨੂੰ ਮਿਲ ਗਈਆਂ, ਨਸ਼ੇ ਲਈ ਖੁੱਲੀਆਂ ਬਾਰਾਂ।

ਆਸ਼ਕ ਨੂੰ ਲੱਥੀ ਚੜ੍ਹੀ ਨਾ ਮਿਰਗੀ ਦੇ ਦੌਰੇ ਵਾਂਗਰ,
ਮਮਤਾ "ਚੰਨ" ਹੱਥ ਜੁੜੇ, ਸੁੱਕੀ-ਛਾਤੀ ਚੋਂ ਵਗੀਆਂ ਧਾਰਾਂ।

**************



# ਸ. ਤਰਲੋਕ ਸਿੰਘ ਦੀਵਾਨਾ
## ਜੰਡਿਆਲਾ ਗੁਰੂ (ਅੰਮ੍ਰਿਤਸਰ)



ਸ. ਤਰਲੋਕ ਸਿੰਘ ਦੀਵਾਨਾ ਬਾਰੇ ਲਿਖਣ ਲਗਿਆਂ ਮੈਨੂੰ ਉਰਦੂ ਦੇ ਨਾਮਵਰ ਸ਼ਾਇਰ ਨਰੇਸ਼ ਕੁਮਾਰ ਸ਼ਾਦ ਦਾ ਇਹ ਸ਼ਿਅਰ ਯਾਦ ਆ ਰਿਹਾ ਹੈ-

ਆਪ ਸੇ ਯੂੰ ਤੋਂ ਔਰ ਵੀ ਹੋਂਗੇ,

ਆਪਕੀ ਬਾਤ ਆਪਕੀ ਹੈ।

ਸ. ਤਰਲੋਕ ਸਿੰਘ ਦੀਵਾਨਾ ਤੇ ਲਿਖਣ ਲਗਿਆਂ,
ਕਰਨਾਂ ਪੈਂਦਾ ਹੈ ਬੜਾ ਵਿਚਾਰ ਸਜਣੋਂ।
ਕਾਹਦੇ ਲਈ ਦੀਵਾਨਾ ਇਸ ਨਾਮ ਰੱਖਿਆ,
ਦਿਲ ਵਿਚ ਆਪਣੇਂ ਲਵੋ ਇਹ ਧਾਰ ਸਜਣੋਂ।
ਕਵਿਤਾ ਰਾਣੀ ਦੇ ਇਸ਼ਕ ਵਿਚ ਇਹ ਫਸਕੇ,
ਹੋ ਗਿਆ ਦੀਵਾਨਾ ਇਹ ਯਾਰ ਸਜਣੋਂ।
ਸੂਝਵਾਨਾਂ ਨੂੰ ਕਵੀ ਦਰਬਾਰਾਂ ਦੇ ਵਿਚ,
ਹਿਕ ਠੋਕ ਕੇ ਦੇਂਦਾ ਇਹ ਹਾਰ ਸਜਣੋਂ।
ਕੁਦਰਤ ਭਾਂਵੇ ਕੁਝ ਰੋਗੀ ਹੈ ਕਰ ਦਿੱਤਾ,
ਪਰ ਕਵਿਤਾ ਏਸਦੀ ਸੁੰਦਰ ਜਵਾਨ ਪਿਆਰੇ।
ਪੜ੍ਹੇ ਜਦੋਂ ਇਹ ਕਵੀ ਦਰਬਾਰ ਅੰਦਰ,

ਮੰਨਦੇ ਸਾਰ ਨੇ ਇਹਨੂੰ ਵਿਦਵਾਨ ਪਿਆਰੇ।

ਇਹਨੇ ਕਵਿਤਾ ਵਿਚ ਲਿਖਕੇ ਪੁਸਤਕਾਂ ਕਈ,
ਧਾਂਕ ਸ਼ਾਇਰੀ ਦੀ ਦਿਤੀ ਜਮਾ ਤਕਿਆ।
ਸ਼ਿਅਰ ਏਸਦੇ ਸਾਰੇ ਕਮਾਲ ਹੁੰਦੇ,
ਸੂਝਵਾਨਾਂ ਨੇ ਪਰਖ ਅਜ਼ਮਾ ਤਕਿਆ।
ਇਹਦੇ ਤੁਲ ਕਈ ਕਵੀਆਂ ਨੇ ਪੁਜਣੇਂ ਲਈ,
ਜ਼ੋਰ ਆਪਣਾ ਸਾਰਾ ਹੀ ਲਾ ਤਕਿਆ।
ਹੈਂਕੜ ਬਾਜ਼ ਕਈ ਕਵੀਆਂ ਨੂੰ ਰੋਲ ਦਿੱਤਾ,
ਐਸਾ ਕਵਿਤਾ ਦਾ ਇਹਦਾ ਬਹਾ ਤਕਿਆ।
ਜਦ ਇਹ ਜੋਸ਼ ਤੇ ਹੋਸ਼ ਨਾਲ ਪੜ੍ਹੇ ਕਵਿਤਾ,
ਵਾਹ ਬਈ ਵਾਹ ਸਭ ਕਵੀ ਕਮਾਲ ਕਹਿੰਦੇ।
ਸੱਚੇ ਦਿਲੋਂ ਕਈ ਬਾਤ ਇਹ ਕਹਿਣ 'ਨੂਰੀ',
ਮੂਰਖ ਕਈ ਇਹ ਰਸ਼ਕ ਦੇ ਨਾਲ ਕਹਿੰਦੇ।

ਵਲੋਂ - ਅਨੂਪ ਸਿੰਘ ਨੂਰੀ
ਸਾਹਿਤਕਾਰ ਕਰਤਾਰਪੁਰ।



ਸ. ਤਰਲੋਕ ਸਿੰਘ ਦੀਵਾਨਾ

# ਜੈਕਾਰਾ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ,
ਫਤਹਿ ਪੁਣੇ ਦਾ ਸੂਚਕ ਮਹਾਨ ਹੈ ਇਕ।
ਕਰਤਵ ਖਾਲਸੇ ਦਾ ਨਿਰਭਊ, ਨਿਰਵੈਰ ਵਾਲਾ,
ਜਿਹੜੀ ਖਾਲਸੇ ਦੀ ਉੱਚੀ ਸ਼ਾਨ ਹੈ ਇਕ।
ਬੋਲੇ ਸੋ ਨਿਹਾਲ, ਸਤਿ ਸ਼੍ਰੀ ਅਕਾਲ ਵੀ ਤਾਂ,
ਕੀਤੇ ਪ੍ਰਣ ਦੀ ਜਿੰਦ ਤੇ ਜਾਨ ਹੈ ਇਕ।
ਇਹਦਾ ਭਾਵ ਸਪੱਸ਼ਟ ਕੁਝ ਕਰਨ ਲੱਗਾਂ,
ਕਰਨੀ ਦਿੱਤੀ ਦਲੀਲ ਪ੍ਰਵਾਨ ਹੈ ਇਕ।

ਮੰਨ ਲਉ, ਬਿਪਤਾ ਪੈ ਗਈ ਕਿਸੇ ਉੱਤੇ,
ਬੋਲੇ ਮਦਦ ਕਰੋ ਪਿਆ ਪੁਕਾਰਦਾ ਹੈ।
ਉਹ ਬੋਲਿਆ ਤੇ ਮੈਂ ਪਹੁੰਚਦਾ ਹਾਂ,
ਸਿਰ ਤੇ ਪਈ ਹੋਈ ਆਫਤ ਨੂੰ ਮਾਰਦਾ ਹੈ।

ਜੈਕਾਰਾ ਖਾਲਸਾ ਯੁੱਧ ਦੇ ਸਮੇਂ ਲਾਉਂਦਾ,
ਭਾਵ ਜਿਹਦਾ ਨਿਆਂ ਸਚਾਈ ਵਾਲਾ।
ਧੱਕਾ ਕਰਨਾ ਜੈਕਾਰੇ ਦਾ ਅਰਥ ਨਹੀਂ ਹੈ,
ਇਹਦਾ ਅਰਥ ਹੈ ਲੋਕ ਭਲਾਈ ਵਾਲਾ।
ਵਾਹਿਗੁਰੂ ਫਤਿਹ ਤੇ ਸਤਿ ਸ਼੍ਰੀ ਅਕਾਲ ਦੋਵੇਂ,
ਮੁਖ ਮੁਹਾਂਦਰਾ ਹੈ ਖਾਲਸਾਈ ਵਾਲਾ।
ਜਿਥੇ ਫਤਿਹ ਦੇ ਵਿਚ ਕੋਈ ਵਿਘਨ ਪਾਵੇ,
ਰੂਪ ਹੁੰਦਾ ਫਿਰ ਇਹਦਾ ਚੜ੍ਹਾਈ ਵਾਲਾ।

ਗੁਰੂ ਗੋਬਿੰਦ ਸਿੰਘ ਜੀ ਵਾਹਿਗੁਰੂ ਫਤਿਹ ਤਾਈਂ,
ਦੋ ਹੀ ਮਤਰਾਂ ਵਿਚ ਵਿਚਾਰਦੇ ਨੇ।
ਚੱਕ੍ਰ ਚਿਹਨ ਬਰਨ ਜਾਤਿ, ਰੰਗ ਰੂਪ ਨਾਲੇ,
ਰੇਖ ਭੇਖ ਦੇ ਤਾਈਂ ਨਕਾਰਦੇ ਨੇ।

ਜਪਾਨੀ, ਯੂਰਪੀ, ਅਰਬੀ, ਅਫਰੀਕੀਆਂ ਦੇ ਚੱਕਰ,
ਚਿਹਨ ਹੀ ਹੋਰ ਦੇ ਹੋਰ ਹੈ ਨੇ।
ਏਧਰ ਭਾਰਤੀ ਚੱਕਰ ਚਿਹਨ ਵੀ ਤਾਂ,
ਘਿਰਣਾ, ਵੈਰ, ਵਿਰੋਧ ਪੁਰਜ਼ੋਰ ਹੈ ਨੇ।
ਬਰਨ ਜਾਤਿ ਦਾ ਸਾਰੇ ਹੀ ਵਿਤਕਰਾ ਹੈ,
ਗੋਰੇ ਕਾਲੇ ਜੋ ਪਾਉਂਦੇ ਸ਼ੋਰ ਹੈ ਨੇ।
ਹੁੰਦਾ ਏਦਾਂ ਨਿਰਾਦਰ ਵਾਹਿਗੁਰੂ ਜੀ ਦਾ,
ਸੋਚੋ ਚੋਰਾਂ ਨੂੰ ਪੈਂਦੇ ਮੋਰ ਹੈ ਨੇ।

ਵਾਹਿਗੁਰੂ ਦਾ ਵਿਸ਼ੇਸ਼ ਕੋਈ ਰੰਗ ਹੈ ਨਹੀਂ,
ਜੋ ਬੋਲੇ ਸੋ ਨਿਹਾਲ, ਨਿਹਾਲ ਭਾਈ।
ਵਾਹਿਗੁਰੂ ਜੀ ਕੀ ਫਤਿਹ ਹੈ ਉਦੋਂ ਹੁੰਦੀ,
ਬੋਲੇ ਜਦੋਂ ਕੋਈ ਸਤਿ ਸ਼੍ਰੀ ਅਕਾਲ ਭਾਈ।

ਹੁੰਦਾ ਖਾਲਸੇ ਨੇ ਉਦੋਂ ਬੋਲਣਾ ਹੈ,
ਜਦੋਂ ਕੋਈ ਮਜ਼ਲੂਮ ਪਿਆ ਹਾਰਦਾ ਹੈ।
ਲੜ ਮਰਨਾ ਪਰ ਜ਼ੁਲਮ ਨਹੀਂ ਹੋਣ ਦੇਣਾ,
ਜਬਰ ਜ਼ੁਲਮ ਦੇ ਤਾਈਂ ਵੰਗਾਰਦਾ ਹੈ।
ਇਹ ਠੀਕ 'ਬੋਲੇ' ਦਾ ਰੂਪ ਜੇ ਬੋਲੇ 'ਅਰਿ',
ਨਾਲ ਲੜਨਾ ਦਿਲ ਵਿਚ ਧਾਰਦਾ ਹੈ।
ਰੂਪ ਜੈਕਾਰੇ ਦਾ ਗੁਰੂ ਗੋਬਿੰਦ ਸਿੰਘ ਦੇ,
ਇਹਨਾਂ ਸ਼ਬਦਾਂ ਨੂੰ ਹੋਰ ਨਿਖਾਰਦਾ ਹੈ।



ਦੇਹ ਸਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨ ਡਰੋਂ ਅਰਿ ਸੋ ਜਾਇ ਲਰੋਂ,
ਨਿਸ਼ਚੈ ਕਰ ਅਪਨੀ ਜੀਤ ਕਰੋਂ।।

ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਹੋ ਅੱਗੇ,
ਊਚ ਨੀਚ ਲਈ ਲੜੀ ਲੜਾਈ ਹੈ ਸੀ।
ਰਚੀ 'ਆਸਾ ਕੀ ਵਾਰ' ਘਮਸਾਣ ਰਚਨਾ,
ਜਿਸ ਨਾਲ ਵਿਤਕਰੇਬਾਜ਼ੀ ਮੁਕਾਈ ਹੈ ਸੀ।
ਅੰਗਦ ਦੇਵ, ਗੁਰੂ ਅਮਰਦਾਸ ਜੀ ਵੀ,
ਲੰਗਰ ਪੰਗਤ ਦੀ ਰੀਤ ਚਲਾਈ ਹੈ ਸੀ।
ਰਾਮਦਾਸ ਹਰਿਮੰਦਰ ਦੀ ਕਲਪਨਾ ਲਈ,
ਸਾਂਝੀਵਾਲਤਾ ਅੱਗੇ ਵਧਾਈ ਹੈ ਸੀ।

ਅਰਜਨ ਦੇਵ ਜੀ ਗੁਰੂ ਗ੍ਰੰਥ ਰਚਕੇ,
ਆਦਰ ਨਾਲ ਵਿੱਚ ਭਗਤ ਬਿਠਾ ਦਿੱਤੇ।
ਗੁਰੂ ਹਰਗੋਬਿੰਦ ਮਸਜਿਦ ਬਣਾ ਦਿੱਤੀ,
ਤੇਗ ਬਹਾਦਰ ਜੀ ਜੰਜੂ ਬਚਾ ਦਿੱਤੇ।

ਦੁਖੀ ਵੇਖ ਗਰੀਬਾਂ ਨੂੰ ਇਹ ਬਾਣੀ,
ਨਾਹਰਾ ਸਤਿ ਸ਼੍ਰੀ ਅਕਾਲ ਦਾ ਮਾਰਦੀ ਹੈ।
ਇਹ ਜੈਕਾਰਾ ਕੋਈ ਰਸਮੀਂ ਚੀਜ਼ ਨਹੀਂ ਹੈ,
ਇਹ ਤਾਂ ਰੂਹ ਉਸ ਨਾਨਕ ਨਿਰੰਕਾਰ ਦੀ ਹੈ।
ਖਤਰਾ ਮੁੱਲ ਲੈ ਜਾਨ ਦੀ ਲਾ ਬਾਜ਼ੀ,
ਸ਼ਹੀਦ ਹੋਣ ਲਈ ਸਦਾ ਲਲਕਾਰਦੀ ਹੈ।
'ਬੋਲੋ' ਜੋ ਅਨਿਆਂ ਲਈ ਸ਼ਹੀਦ ਹੋਏ,
ਅਰਦਾਸ ਉਨ੍ਹਾਂ ਦੇ ਤਾਈਂ ਸਤਿਕਾਰਦੀ ਹੈ।

ਵਾਹਿਗੁਰੂ ਜੀ ਦੀ ਫਤਿਹ ਲਈ ਸਦਾ ਲੜਨਾ,
ਫਤਿਹ ਜੇ 'ਦੀਵਾਨਾ ਜੀ ਪਾਵਣੀ ਹੈ।
ਜੈਕਾਰਾ ਜਦੋਂ ਗਜਾਣਾ ਚੇਤੰਨ ਹੋਕੇ,
ਫਤਿਹ ਵਾਸਤੇ ਜਾਨ ਵੀ ਜਾਵਣੀ ਹੈ।

**************



# ਪਾਉਂਟਾ ਸਾਹਿਬ

ਪਾਉਂਟਾ ਸਾਹਿਬ ਜਦ ਸਾਹਿਬ-ਏ-ਕਮਾਲ ਆਏ,
ਜਮਨਾ ਕੰਢੇ ਦਾ ਚੁਣ ਅਸਥਾਨ ਲਿਆ।
ਸਤਿਗੁਰਾਂ ਇਕ ਕਿਲ੍ਹਾਂ ਬਣਾ ਲਿਆ,
ਲਿਖਤਾਂ ਲਿਖਣ ਲਈ ਕਰ ਪ੍ਰਵਾਨ ਲਿਆ।
ਜਮਨਾ ਸ਼ੋਰ ਕਰਦੀ ਕਹਿਣ ਵਿਧਵਾਨ ਲੱਗੇ,
ਉਹਨੂੰ ਬਖਸ਼ ਖਾਮੋਸ਼ੀ ਦਾ ਦਾਨ ਲਿਆ।
ਇਥੇ ਬੈਠ ਕੇ ਸਤਿਗੁਰਾਂ ਕੈਦ ਵਿਚੋਂ,
ਮੁਕਤ ਪੋਥੀਆਂ ਚੋਂ ਕਰ ਗਿਆਨ ਲਿਆ।

52 ਕਵੀਓ, ਸ਼ਾਇਰੋ, ਸਾਹਿਤਕਾਰੋ,
ਲਿਖਕੇ ਨਵਾਂ ਹੀ ਕੁਝ ਵਿਖਾਓ ਮੈਨੂੰ।
ਲਿਖੋ ਬੀਰਰਸ ਯੁੱਧ ਪਲਟਾਉਣ ਵਾਲਾ,
ਬੀਰਰਸ ਦਾ ਬੀਰ ਬਣਾਓ ਮੈਨੂੰ।

ਮੇਰੀ ਸੁਣੋ ਵਿਧਵਾਨੋ ਕਦਰਦਾਨੋ,
ਕੋਈ ਮਿਥ ਕੇ ਲਿਖਣਾ ਮਿਥਹਾਸ ਨਹੀਂ ਜੇ।
ਕ੍ਰਿਸ਼ਨ ਬਲੀ ਤੇ ਹਾਸਾ ਕੋਈ ਹੱਸਣਾ ਨਹੀਂ,
ਰਚਾਉਣੀ ਗੋਪੀਆਂ ਨਾਲ ਕੋਈ ਰਾਸ ਨਹੀਂ ਜੇ।
ਪਰਦੇ ਸਭਾ ਵਿਚ ਕਜਣੇ ਦਰੋਪਦੀ ਦੇ,
ਚੁੱਕਣੇ ਗੋਪੀਆਂ ਵਾਲੇ ਲਿਬਾਸ ਨਹੀਂ ਜੇ।
ਕਿਦਾਂ ਮੰਨਾਂ ਮੈਂ ਉਸ ਕ੍ਰਿਸ਼ਨ ਤਾਈਂ,
ਮੱਖਣ ਕਰੇ ਚੋਰੀ ਹੁੰਦਾ ਉਦਾਸ ਨਹੀਂ ਜੇ।

ਉਸ ਲਿਖਤ ਨੂੰ ਕਦੇ ਮੈਂ ਮੰਨਦਾ ਨਹੀਂ,
ਮੇਰੇ ਮਨ ਨੂੰ ਲਿਖਤ ਨਾ ਭਾਏ ਜਿਹੜੀ।
ਮੈਂ ਨਹੀਂ ਮੰਨਦਾ ਗੋਕਲ ਦੀ ਇਕ ਨਾਰੀ,
ਉਂਗਲਾਂ ਉੱਤੇ ਪਈ ਨਾਚ ਨਚਾਏ ਜਿਹੜੀ।

ਤੁਸੀਂ ਲਿਖੋ ਮਜ਼ਮੂਨ ਉਸ ਕ੍ਰਿਸ਼ਨ ਵਾਲਾ,
ਜਿੰਨੇ ਅਰਜਨ ਮੋਹ ਮਾਇਆ ਚੋਂ ਕੱਢਿਆ ਸੀ।
ਲਿਖੋ ਨਾਲ ਸੁਦਾਮੇਂ ਜਿਸ ਲਾ ਯਾਰੀ,
ਝੰਡਾ ਗੀਤਾ ਦੇ ਗਿਆਨ ਦਾ ਗੱਡਿਆ ਸੀ।
ਮੈਂ ਤਾਂ ਮੰਨਦਾ ਹਾਂ ਓਸ ਇਕ ਰਾਮ ਤਾਈਂ,
ਲੜ ਕੇ ਰਾਵਣ ਦਾ ਫਸਤਾ ਜਿੰਨ ਵਢਿਆ ਸੀ।
ਅਸਲੀ ਰਾਮ ਕ੍ਰਿਸ਼ਨ ਦਾ ਰੂਪ ਉਹੋ,
ਚੁਣ ਚੁਣ ਰਾਕਸ਼ਾਂ ਨੂੰ ਮਾਰ ਜਿਨ ਛੱਡਿਆ ਸੀ।

ਆਲਮਗੀਰ ਦੇ ਛੇਕੇ ਹੋਏ ਸ਼ਾਇਰ ਕਵੀਓ,
ਕਦਰ ਕਰਾਂਗਾ ਲਿਖੋ ਕੁਝ ਕਦਰ ਵਾਲਾ।
ਲਿਖੋ ਸ਼ੇਅਰ ਕੁਝ ਕੜਕਦੇ, ਫੜਕਦੇ ਵੀ,
ਸੁਣਦੇ ਸਾਰ ਮਚਾਵੇ ਜੋ ਗਦਰ ਵਾਲਾ।

ਜਿਹੜੀ ਭਾਸ਼ਾ ਵਿਚ ਲਿਖਣਾ ਹੈ ਲਿਖੋ ਮਰਜ਼ੀ,
ਸਰਲ ਤਰਜ਼ਮੇਂ ਕਰਨ ਦੀ ਖੁੱਲ੍ਹ ਪੂਰੀ।
ਨਾ ਕੋਈ ਬੰਦਿਸ਼ ਹੈ ਕਿਸੇ ਵੀ ਬਹਿਰ ਉੱਤੇ,
ਸਾਦਾ ਲੇਖਣੀ ਪਾਵੇਗੀ ਮੁੱਲ ਪੂਰੀ।
ਚੰਗੀ ਭਾਸ਼ਾ ਦਾ ਚੰਗਾ ਪ੍ਰਭਾਵ ਪੈਂਦਾ,
ਭਾਸ਼ਾ, ਭਾਸ਼ਾ ਵਿਚ ਜਾਵੇ ਜੋ ਘੁਲ ਪੂਰੀ।
ਇਲਮੇਂ ਕਾਫੀਆ, ਇਲਮੇਂ ਅਰੂਜ਼ ਲਿਖਣਾਂ,
ਹੋਵੇ ਇਲਮੇਂ ਬਦੀਹ ਬਿਲਕੁਲ ਪੂਰੀ।

ਮੇਰੇ ਯੁੱਗ ਦੇ ਵੇਦ ਵਿਆਸੋ ਸੁਣ ਲਓ,
ਰਚਣਾ ਪੰਜਵਾਂ ਹੈ ਵੇਦ ਵਿਆਸ ਕੋਈ।
ਬਾਲਮੀਕ ਤੇ ਕਾਲੀਦਾਸ ਵਾਂਗੂ,
ਉੱਚ ਪੱਧਰ ਦਾ ਕਰੋ ਪ੍ਰਿਆਸ ਕੋਈ।



ਬਸ ਫਿਰ ਕਲਮ ਤੇ ਚਲੀ ਸੀ ਕਲਮ ਏਨੀ,
ਗਰੰਥ ਰਚੇ ਗਏ ਪੰਥ ਪਹਿਚਾਣ ਵਾਲੇ।
ਰਚਨਾਕਾਰ ਸਤਿਗੁਰ ਖੁਦ ਵੀ ਕਰਨ ਰਚਨਾ,
ਸੁੱਤੀ ਅਣਖ ਦੇ ਤਾਈਂ ਜਗਾਣ ਵਾਲੇ।
ਪੜ੍ਹ ਪੜ੍ਹ ਕੇ ਕਵੀਆਂ ਨੂੰ ਜੋਸ਼ ਆਉਂਦਾ,
ਲਿਖਣ ਛੰਦ ਪਏ ਖੂਨ ਗਰਮਾਣ ਵਾਲੇ।
ਬੀਰਰਸ ਲਿਖ ਲਿਖਕੇ ਬੀਰਤਾ ਭਰ ਦਿੱਤੀ,
ਸੂਰਬੀਰ ਹੁਣ ਕਦੋਂ ਘਬਰਾਣ ਵਾਲੇ।

ਭੀਮਚੰਦ ਨੇ ਉਧਰੋਂ ਕਰ ਦਿੱਤਾ,
ਜੰਗ ਕਰਨ ਦਾ ਸੁਣਿਆਂ ਫੁਰਮਾਣ ਫੌਜਾਂ।
ਕੀਤਾ ਹੁਕਮ ਉਸ ਫੌਜਾਂ ਨੂੰ ਕੂਚ ਕਰਨਾ,
ਪਾਉਂਟਾ ਸਾਹਿਬ ਵੱਲ ਭੱਜੀਆਂ ਆਣ ਫੌਜਾਂ।

ਮਿਲ ਗਏ ਰਾਜਿਆਂ ਨਾਲ ਪਠਾਣ ਨੌਕਰ,
ਬੇਈਮਾਨ ਹੋ ਕੇ ਕਰਨ ਸੀ ਜੰਗ ਲਗ ਪਏ।
ਦੋਹਾਂ ਦਲਾਂ ਦੇ ਵਿਚ ਮੁਕਾਬਲਾ ਸੀ,
ਝੜ ਝੜ ਡਿੱਗਣ ਅਸਮਾਨੋਂ ਪਤੰਗ ਲਗ ਪਏ।
ਟਣ ਟਣ ਤਲਵਾਰਾਂ ਦੇ ਵਾਰ ਟਣਕਣ,
ਆਪੋ ਆਪਣੇ ਵਰਤਣ ਸੀ ਢੰਗ ਲਗ ਪਏ।
ਬੁੱਧੂਸ਼ਾਹ ਲੈ ਪੁੱਤਰ ਤੇ ਚੇਲਿਆਂ ਨੂੰ,
ਆਇਆ ਚਲਣ ਫਿਰ ਤੀਰ ਤੁਫੰਗ ਲਗ ਪਏ।

ਥਰ ਥਰ ਕੰਬਦੇ ਸਨ ਪਠਾਣ ਓਦੋਂ,
ਸਤਿਗੁਰ ਖਿਚ ਕੇ ਤੀਰ ਜਦ ਮਾਰਦੇ ਸਨ।
ਜੰਗ ਗੁਰਾਂ 'ਦੀਵਾਨਾ' ਜੀ ਜਿੱਤ ਲਿਆ,
ਤਾਰਨਹਾਰੇ ਤ੍ਰਿਲੋਕੀਆਂ ਤਾਰਦੇ ਸਨ।

*************

# ਸਰਨਾ ਨਹੀਂ

63 ਸਾਲ ਹੋਏ ਇਕ ਸੁਪਨਾ ਉਲੀਕਿਆਸੀ,
ਲੱਗਦਾ ਹੈ ਲੈ ਗਿਆ ਕੋਈ ਸੁਪਨਾ ਉਧਾਲ ਕੇ।
ਇਮਾਨਦਾਰਾਂ ਵਿਚੋਂ ਵੀ ਇਮਾਨਦਾਰੀ ਲੱਭਦੀ ਨਹੀਂ,
ਥੱਕ ਹਾਰ ਬੈਠੇ ਹਾਂ ਇਮਾਨਦਾਰੀ ਭਾਲ ਕੇ।
ਤੂੰਮਿਆਂ ਦੀ ਪੋਂਦ ਹਦਵਾਣਿਆਂ ਨੂੰ ਹੋਈ ਜਾਪੇ,
ਹੱਥੀਂ ਦੁੱਧ ਵੇਖ ਲਿਆ ਸੱਪਾਂ ਨੂੰ ਪਿਆਲ ਕੇ।
ਲੋਕਤੰਤਰ ਉੱਤੇ, ਧੰਨਤੰਤਰ, ਤੇ ਬਲਤੰਤਰ,
ਭਾਰੂ ਹੋਇਆ ਰੱਖੋ ਲੋਕਤੰਤਰ ਸੰਭਾਲ ਕੇ।

ਫੂਕ ਫੂਕ ਪੈਰ ਪੈਂਦੇ ਰੱਖਣੇ ਨੇ ਕਈ ਵਾਰੀ,
ਸ਼ੱਕ ਵੇਲੇ ਪੀਣਾ ਪੈਂਦਾ ਪਾਣੀ ਵੀ ਉਬਾਲ ਕੇ।
ਮੰਨਦਾ ਹਾਂ ਦੋਸਤੀ ਪੈਗਾਮੇਂ ਮੋਮਬੱਤੀਆਂ ਨੇ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਜੰਮੂ ਕਸ਼ਮੀਰ ਚ ਆਜ਼ਾਦੀ ਦਿਨ ਕਈ ਥਾਈਂ,
ਵੱਖਵਾਦੀਆਂ ਨੇ ਝੰਡਾ ਪਾਕਦਾ ਲਹਿਰਾਇਆ ਏ।
ਭਾਰਤੀ ਤਰੰਗੇ ਤਾਈਂ ਸਾੜ ਅਪਮਾਨ ਕੀਤਾ,
ਹਰ ਇਕ ਭਾਰਤੀ ਦੇ ਦਿਲ ਨੂੰ ਦੁਖਾਇਆ ਏ।
ਪਾਕਿਸਤਾਨ ਜ਼ਿੰਦਾਬਾਦ ਵਾਲੇ ਨਾਅਰੇ ਲਾਏ ਨਾਲੇ,
ਵੱਖਰੀ ਆਜ਼ਾਦੀ ਵਾਲੀ ਮੰਗ ਨੂੰ ਦੁਹਰਾਇਆ ਏ।
ਸੁਰੱਖਿਆ ਬਲਾਂ ਦੇ ਉੱਤੇ ਕੀਤਾ ਪਥਰਾਅ ਨਾਲੇ,
ਸਦਭਾਵਨਾ ਨੂੰ ਇਨ੍ਹਾਂ ਮਿੱਟੀ ਚ ਮਿਲਾਇਆ ਏ।



ਉਮਰਾਂ ਤੋਂ ਲੰਮਾ ਇਹ ਕਮਾਈ ਨੇ ਧ੍ਰੋਹ ਜਾਂਦੇ,
ਘ੍ਰਿਣਾ ਦੀ ਸੋਟੀ ਨਾਲ ਵੇਖਦੇ ਉਛਾਲ ਕੇ।
ਇਹਨਾਂ ਮੋਮਬੱਤੀਆਂ ਦੇ ਨਾਲ ਅੱਗ ਲਾਉਣਾ ਪੈਣਾ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਚੋਰੀ, ਡਾਕੇ, ਰੇਪ ਜਹੇ ਗੁਨਾਹ ਏਥੇ ਰੋਜ਼ ਹੋਣ,
ਟੀ. ਵੀ., ਅਖ਼ਬਾਰਾਂ ਵਿਚ ਖਬਰਾਂ ਨੇ ਆਉਂਦੀਆਂ।
ਮਾਰਧਾੜ, ਧੋਖਾ ਅਤੇ ਕਬਜ਼ੇ ਨਜਾਇਜ਼ ਹੋਣ,
ਦਾਜ ਹੱਥੋਂ ਧੀਆਂ ਮਰ ਜਾਣ ਕੁਰਲਾਉਂਦੀਆਂ।
ਲਾਸ਼ ਰੱਖ ਸੜਕਾਂ ਤੇ ਰਖਦੇ ਨੇ ਧਰਨੇ ਵੀ,
ਆਮ ਜਹੀਆਂ ਗੱਲਾਂ ਨਾ ਪੁਲੀਸ ਤਾਈਂ ਭਾਉਂਦੀਆਂ।
ਸੇਕਦੀਆਂ ਰੋਟੀਆਂ ਸਿਆਸੀ ਸਭੇ ਪਾਰਟੀਆਂ,
ਉੱਤੋਂ ਉੱਤੋਂ ਭਾਵੇ ਹਮਦਰਦੀ ਜਤਾਉਂਦੀਆਂ।

ਦੋਸਤੀ ਦੇ ਭੇਸ ਵਿਚ ਬੈਠੇ ਜਿਹੜੇ ਘਾਤ ਲਾ ਕੇ,
ਇਹਨਾਂ ਸਾਨੂੰ ਪੀ ਜਾਣਾ ਪੂਰਾ ਈ ਹੰਗਾਲ ਕੇ।
ਸਿਖਰ ਦੁਪੈਹਿਰੇ ਏਥੇ ਪਈ ਹੋਈ ਰਾਤ ਜਾਪੇ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਰੇਵਲੇ ਸਟੇਸ਼ਨਾਂ ਤੇ ਸੜਕਾਂ ਕਿਨਾਰਿਆਂ ਤੇ,
ਵੱਡੇ ਵੱਡੇ ਬੈਨਰਾਂ ਤੇ ਲਿਖੀਆਂ ਅਪੀਲਾਂ ਨੇ।
ਮਰਦੇ ਮਰੀਜ਼ ਰੋਜ਼ ਵੱਡੇ ਹੌਸਪੀਟਲਾਂ ਚ,
ਡਾਕਟਰਾਂ ਦੀ ਚਾਂਦੀ ਹੋਈਆਂ ਮੁਰਦਾ ਦਲੀਲਾਂ ਨੇ।
ਕਨੂੰਨ ਹੁੰਦੇ ਹੋਏ ਵੀ ਭਰੂਣ ਹਤਿਆਵਾਂ ਹੋਣ,
ਨਸ਼ਿਆਂ ਦੇ ਵਗਣ ਦਰਿਆ ਅਤੇ ਝੀਲਾਂ ਨੇ।
ਕੋਰਟ ਕਚੈਹਿਰੀ ਵਿਚ ਝੂਠ ਪਰਚੰਡ ਹੋਇਆ,
ਲੁੱਟਿਆ ਹੈ ਲੋਕਾਂ ਤਾਈਂ ਜੱਜਾਂ ਤੇ ਵਕੀਲਾਂ ਨੇ।

ਅਦਾਲਤਾਂ ਦੇ ਨਿਆਂ ਵਾਲੀ ਭਾਸ਼ਾ ਏਥੇ ਵੱਖਰੀ ਹੈ,
ਪਤਾ ਲੱਗਾ ਪੜ੍ਹੀ ਜਦੋਂ ਖੋਜ ਪੜਤਾਲ ਕੇ।
ਕਈ ਵਾਰੀ ਕਤਲ ਹੋਇਆ ਆਦਮੀ ਵੀ ਆਣ ਕਹਿੰਦਾ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਗੈਸ, ਪੈਟਰੋਲ, ਡੀਜ਼ਲ, ਬਿਜਲੀ ਤੇ ਪਾਣੀ ਉੱਤੇ,
ਪੂਰਾ ਪੂਰਾ ਹੱਕ ਹੈਗਾ ਹਰ ਇਨਸਾਨ ਦਾ।
ਪਰ ਸਾਨੂੰ ਮੁੱਢਲੀਆਂ ਲੋੜਾਂ ਨਾ ਮੁਹੱਈਆ ਹੋਣ,
ਕੀ ਫਾਇਦਾ ਪਾਏ ਹੋਏ ਸਾਡੇ ਯੋਗਦਾਨ ਦਾ।
ਇੱਕ ਪਾਸੇ ਬੰਗਲਾ ਤੇ ਦੂਜੇ ਪਾਸੇ ਝੌਂਪੜੀ ਹੈ,
ਕਿੰਨਾ ਵੱਡਾ ਪਾੜਾ ਦੋਹਾਂ ਵਿੱਚ ਹੈ ਮਕਾਨ ਦਾ।
ਹਾਥੀਆਂ ਨਾ ਪਾਰਕ ਸਜਾਏ ਇੱਕ ਪਾਸੇ ਅਤੇ,
ਹੈਲੀਪੈਡ ਬਣਿਆ ਕਿਤੇ, ਆਦਮੀ ਮਹਾਨ ਦਾ।

ਜਿਹੜੇ ਅਪਰਾਧੀ ਨੇ ਰਸੂਖ ਵਾਲੇ ਉਨ੍ਹਾਂ ਤਾਈਂ,
ਪੰਜ ਤਾਰਾ ਹੋਟਲਾਂ ਚ ਰੱਖਦੇ ਬਿਠਾਲ ਕੇ।
ਰੇਸ਼ਮੀਂ ਪੁਸ਼ਾਕਾਂ ਥੱਲੇ ਉਨ੍ਹਾਂ ਨੂੰ ਪਨਾਹਾਂ ਦੇਣ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਸਭ ਕੁਝ ਹੁੰਦਿਆਂ ਵੀ ਵਿਤੀ ਪ੍ਰਬੰਧ ਡੋਲੇ,
ਸੰਕਟ ਚ ਘਿਰੀ ਪਈ ਅਜ ਸਰਕਾਰ ਹੈ।
ਮੈਂਬਰਾਂ ਦੀਆਂ ਵਧ ਜਾਣ ਝੱਟ ਤਨਖਾਹਾਂ ਭੱਤੇ,
ਮੁਲਾਜਮਾਂ ਲਈ ਫੰਡ ਨਹੀਂ ਮੱਚੀ ਹਾਹਾਕਾਰ ਹੈ।
ਕਾਣੀ ਵੰਡ ਕੀਤਾ ਕਾਣਾ ਮੇਰੇ ਅਧਿਕਾਰੀਆਂ ਨੂੰ,
ਕੁਰਸੀ ਤੇ ਆਪ ਘਰ ਵੱਢੀਖੋਰ ਨਾਰ ਹੈ।
ਭ੍ਰਿਸ਼ਟਾਚਾਰ ਵਾਲਾ ਬੀਜ, ਆਪ ਹੱਥੀਂ ਬੀਜਿਆ ਹੈ,
ਜਿਦ੍ਹੇ ਨਾਲ ਹੋਇਆ ਦੁਖੀ ਸਾਰਾ ਸੰਸਾਰ ਹੈ।



ਮੁੱਕ ਗਏ ਬੋਲ ਤੇ ਹੁੰਗਾਰੇ ਵੀ ਨੇ ਮਰੇ ਹੋਏ,
ਸਾੜ ਛੱਡੇ ਸਹਿਮ ਦੀ ਕੁਠਾਲੀ ਵਿੱਚ ਢਾਲ ਕੇ।
ਮੋਹ ਭਿੱਜੀ ਧੁੱਪ ਨਾਲੇ ਕਬਰਾਂ ਜਹੀ ਚੁੱਪ ਆਖੇ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

ਭਵਿੱਖ ਨੂੰ ਬਚਾਉਣਾ ਜੇ ਹੰਢਾਉਣਾ ਵਰਤਮਾਨ ਤਾਈਂ,
ਛੱਡਣੀਆਂ ਪੈਣੀਆਂ ਨੇ ਗੋਡਾ ਟੇਕੂ ਨੀਤੀਆਂ।
ਗਿਰਗਟ ਦੇ ਵਾਂਗ ਰੰਗ ਬਦਲਦਾ ਹੈ ਨਿੱਤ ਜਿਹੜਾ,
ਉਹਦੀ ਨੀਤ ਵਿੱਚ ਹੋਣ ਸਦਾ ਬਦਨੀਤੀਆਂ।
ਲਾਸ਼ਾਂ ਉੱਤੇ ਬੈਠ ਜਿਹੜੇ ਖਾਣਾ ਖਾਣ ਸ਼ੌਕ ਨਾਲ,
ਪਾਣੀ ਦੀ ਥਾਂ ਖ਼ੂਨ ਦੀਆਂ ਚੂਲੀਆਂ ਨੇ ਪੀਤੀਆਂ।
ਉਹਨਾਂ ਨਾਲ ਨਰਮ ਵਤੀਰਾ ਕੀ ਸਵਾਰੂ ਸਾਡਾ,
ਸਾਡੇ ਨਾਲ ਜਿਨ੍ਹਾਂ ਨੇ ਕਸਾਈਆਂ ਵਾਂਗ ਕੀਤੀਆਂ।

ਜਿਹੜਾ ਦੇਣਾ ਚਾਹੁੰਦਾ ਹੈ ਜਖੀਰਾ ਸਾਨੂੰ ਖੰਜਰਾਂ ਦਾ,
ਕੀ ਲੈਣਾ ਉਹਨਾਂ ਨਾਲ ਦੋਸਤੀ ਨੂੰ ਪਾਲ ਕੇ।
ਲਿਖੀ ਜਾ ਦੀਵਾਨਾ ਬਾਤਾਂ ਸਚੀਆਂ ਤੇ ਸੁਚੀਆਂ ਇਹ,
ਸਰਨਾ ਨਹੀਂ ਸਾਡਾ ਮੋਮਬੱਤੀਆਂ ਨੂੰ ਬਾਲ ਕੇ।

************

# ਬਜ਼ੁਰਗਾਂ ਦਾ ਮਾਣ ਸਤਿਕਾਰ

ਜ਼ਿੰਦਗੀ ਦੀ ਤੀਸਰੀ ਅਵੱਸਥਾ ਬੁਢਾਪੇ ਵਾਲੀ,
ਇਹਦੇ 'ਚ ਬਜ਼ੁਰਗਾਂ ਨੂੰ ਖੁਆਰ ਹੋਣਾ ਪੈਂਦਾ ਹੈ।
ਪੁੱਛ ਪ੍ਰਤੀਤ ਹੁੰਦੀ ਘੱਟ ਹੈ ਬਜ਼ੁਰਗਾਂ ਦੀ,
ਉਮਰ ਨਾਲ ਬੇਰੋਜ਼ਗਾਰ ਹੋਣਾ ਪੈਂਦਾ ਹੈ।
ਸੁਣਨੇ ਨੇ ਪੈਂਦੇ ਤਾਹਨੇ ਮਿਹਣੇ ਨੂੰਹਾਂ ਪੁੱਤਰਾਂ ਦੇ,
ਸਹਿਣੀ ਪਏ ਨਿਮੋਸ਼ੀ ਸ਼ਰਮਸਾਰ ਹੋਣਾ ਪੈਂਦਾ ਹੈ।
ਭਾਰਤ ਨਹੀਂ ਲਗਭਗ ਸਾਰਿਆਂ ਹੀ ਮੁਲਕਾਂ ਚ,
ਨੀਵੇਂ ਵੀ ਤਾਂ ਕਈਆਂ ਵਿਚਕਾਰ ਹੋਣਾ ਪੈਂਦਾ ਹੈ।
ਰੱਬ ਕਰੇ ਉਮਰ ਵਡੇਰੀ ਹੋਵੇ ਸਾਡੇ ਉੱਤੇ,
ਮਾਪਿਆਂ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ।
ਜੀਊਂਦੇ ਜੀਅ ਨਾ ਹੋਣ ਇਹ ਉਦਾਸ ਅਤੇ ਖੌਫਜ਼ਦਾ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।

ਖ਼ੂਨ ਦਿਆਂ ਰਿਸ਼ਤਿਆਂ ਦਾ ਖ਼ੂਨ ਵੀ ਸਫੈਦ ਹੋਇਆ,
ਮਾਣ ਮਰਿਯਾਦਾ ਦਾ ਨਾ ਰਖਦੇ ਖਿਆਲ ਨੇ।
ਮਾੜੀ ਮੋਟੀ ਖੰਘ ਜੇ ਬਿਮਾਰੀ ਕੋਈ ਲੱਗ ਜਾਵੇ,
ਇਹਨਾਂ ਸਣੇ ਨੱਕ ਨੂੰ ਚੜ੍ਹਾਉਂਦੇ ਸਾਰੇ ਬਾਲ ਨੇ।
ਨਾ ਕਰੇ ਰੱਬ ਹੋ ਜਾਏ ਮੌਤ ਕਿਤੇ ਅਚਨਚੇਤੀ,
ਪਿਟ ਪਿਟ ਕਰ ਲੈਂਦੇ ਐਵੇਂ ਮੰਦਾ ਹਾਲ ਨੇ।
ਲੋਕਾਂ ਨੂੰ ਵਿਖਾਉਣ ਦੇ ਲਈ ਬਧੋਰੁਧੀ ਜਾਪਦੇ ਨੇ,
ਗੀਤ ਤੇ ਰਿਵਾਜ਼ਾਂ ਨੂੰ ਵੀ ਕਰਦੇ ਵਿਸ਼ਾਲ ਨੇ।
ਜਿਹੜਿਆਂ ਬਜ਼ੁਰਗਾਂ ਨੇ ਸਾਨੂੰ ਹੈ ਬਈ ਜਨਮ ਦਿੱਤਾ।
ਉਨ੍ਹਾਂ ਨਾਲ ਏਦਾਂ ਨਹੀਂ ਵਿਹਾਰ ਹੋਣਾ ਚਾਹੀਦਾ।
ਮਾਪਿਆਂ ਦੀ ਸੇਵਾ ਹੁੰਦੀ ਰੱਬ ਦੇ ਨਿਆਈਂ ਕਹਿੰਦੇ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।



ਪਹਿਲੀ ਅਕਤੂਬਰ ਨੂੰ ਵਿਸ਼ਵ, ਬਜ਼ੁਰਗ ਦਿਨ,
ਬਜ਼ੁਰਗਾਂ ਦੇ ਮਾਣ ਵਜੋਂ ਹੀ ਮਨਾਇਆ ਜਾਂਦਾ ਹੈ।
ਭਾਰਤ ਵਿਚ 10 ਕੁ ਕਰੋੜ ਦੀ ਗਿਣਤੀ, ਹੋਊ
ਬਣੀ ਹੋਈ ਸੂਚੀ ਤੋਂ ਹਿਸਾਬ ਲਾਇਆ ਜਾਂਦਾ ਹੈ।
ਜਿਊਣਾ ਚਾਹੁੰਦੇ ਜਿਹੜੇ ਪੂਰੇ ਹੋਸ਼ ਤੇ ਹਵਾਸ਼ ਨਾਲ,
ਹੌਂਸਲਾ ਬਥੇਰਾ ਉਹਨਾਂ ਦਾ ਵਧਾਇਆ ਜਾਂਦਾ ਹੈ।
ਪਰ ਅਫਸੋਸ ਕਈਆਂ ਘਰਾਂ ਵਿੱਚ ਪੁੱਤਾਂ ਵਲੋਂ,
ਡੰਗਰਾਂ ਦੇ ਕੋਠੇ ਵਿੱਚ ਮੰਜਾ ਡਾਇਆ ਜਾਂਦਾ ਹੈ।
ਜਿਨ੍ਹਾਂ ਕੋਲ ਹੁੰਦੀ ਧੰਨ ਦੌਲਤ ਬਜ਼ੁਰਗਾਂ ਦਾ,
ਕਹਿੰਦੇ ਸਾਨੂੰ ਰੋਜ਼ ਹੀ ਦੀਦਾਰ ਹੋਣਾ ਚਾਹੀਦਾ।
ਇਨ੍ਹਾਂ ਨਾਲ ਵੱਸਦਾ ਜਹਾਨ ਸਾਡਾ ਸਾਰਿਆਂ ਦਾ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।

ਸਮੇਂ ਸਿਰ ਰੋਟੀ ਤਾਜ਼ੀ ਦੇਂਦੇ ਨਹੀਂ ਖਾਣ ਨੂੰ ਵੀ,
ਨਾ ਹੀ ਚਾਹ ਪਾਣੀ ਵੇਲੇ ਨਾਲ ਹੀ ਪਿਆਉਂਦੇ ਨੇ।
ਖਾਂਦੇ ਪੀਂਦੇ ਚੰਗੇ ਭਲੇ ਹਨ ਪਰਿਵਾਰ ਜਿਹੜੇ,
ਇਹ ਵੀ ਬ੍ਰਿਧ ਆਸ਼ਰਮਾਂ ਵਿੱਚ ਮਾਪੇ ਛੱਡ ਆਉਂਦੇ ਨੇ।
ਆਪਣੀ ਔਲਾਦ ਹੱਥੋਂ ਬੁਰ ਹਾਲੇ ਹੋਏ ਮਾਪੇ,
ਫਿਰ ਵੀ ਉਹ ਆਪਣੇ ਹੀ ਬੱਚੇ ਵਡਿਆਉਂਦੇ ਨੇ।
ਮਾਪੇ ਨਹੀਂ ਕੁਮਾਪੇ ਹੁੰਦੇ, ਪੁਤ ਹੀ ਕਪੁੱਤ ਹੰਦੇ,
ਜਿਦਾਂ ਲੰਘੇ ਝੱਟ ਉਨ੍ਹਾਂ ਨਾਲ ਹੀ ਲੰਘਾਉਂਦੇ ਨੇ।
ਮਾਂ ਬਾਪ ਦਾ ਤਾਂ ਕੋਈ ਦੇਣ ਦੇ ਸਕਦਾ ਨਹੀਂ,
ਇਸ ਬਾਰੇ ਸੋਚੋ ਤੇ ਵਿਚਾਰ ਹੋਣਾ ਚਾਹੀਦਾ।
ਅਸੀਂ ਵੀ ਤਾਂ ਹੋਣਾ ਹੈ ਬਜ਼ੁਰਗ ਇਹਨਾਂ ਵਾਗਰਾਂ ਹੀ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।

ਕੀਂ ਨੇ ਸਾਡੇ ਫਰਜ਼ ਤੇ ਕਿਵੇਂ ਹਾਂ ਨਿਭਾਉਂਦੇ ਅਸੀਂ,
ਫਰਜ਼ ਨਿਭਾਉਣ 'ਚ ਕੁਤਾਹੀ ਕਰੀ ਜਾਂਦੇ ਹਾਂ।
ਰੱਬ ਨੇ ਲਗਾਈ ਜੋ ਡਿਊਟੀ ਅਸੀਂ ਜਾਣ ਲਈਏ,
ਬਣਦੇ ਨਹੀਂ ਬੋਝ ਫੇਰ ਕਾਹਨੂੰ ਡਰੀ ਜਾਂਦੇ ਹਾਂ।
ਮਾਪੇ ਨੇ ਸਤਾਏ ਜਿਹਨਾਂ ਸੁਖ ਨਹੀਂ ਪਾਇਆ ਉਨ੍ਹਾਂ,
ਆਪਣਿਆਂ ਸੁੱਖਾਂ ਦੇ ਲਈ ਐਵੇਂ ਮਰੀ ਜਾਂਦੇ ਹਾਂ
ਹੁੰਦੇ ਨੇ ਬਜ਼ੁਰਗ ਕਹਿੰਦੇ ਤਾਲਾ ਘਰ ਆਪਣੇ ਦਾ,
ਤੋੜ ਕੇ ਤੇ ਤਾਲਾ ਕਾਹਨੂੰ ਬਾਜੀ ਹਰੀ ਜਾਂਦੇ ਹਾਂ।
ਇਹਨਾਂ ਦੀ ਮਹਾਨਤਾ ਲਈ ਪਿੰਡ ਪਿੰਡ, ਸ਼ਹਿਰ ਸ਼ਹਿਰ,
ਜ਼ੋਰ ਸ਼ੋਰ ਨਾਲ ਪਰਚਾਰ ਹੋਣਾ ਚਾਹੀਦਾ।
ਜੇ ਨਾ ਹੁੰਦੇ ਮਾਪੇ ਫੇਰ ਅਸਾਂ ਕਿਥੋਂ ਹੋਣਾ ਹੈ ਸੀ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।

ਲੋਕ ਲਾਜ ਸ਼ਰਮ ਹਯਾ ਸਾਡੇ ਦਿਲਾਂ ਵਿਚੋਂ,
ਬਿਨਾਂ ਤਹਿਜ਼ੀਬ ਦੇ ਹੈ ਗਾਇਬ ਹੁੰਦੀ ਜਾ ਰਹੀ।
ਮਾਪਿਆਂ ਦੀ ਸ਼ਾਨ ਨਾਲੋਂ, ਸ਼ਾਨ ਕਹਿੰਦੇ ਸਾਡੀ ਉੱਚੀ,
ਉੱਚੇ ਉੱਚੇ ਲੋਕਾਂ ਚ ਅਜਾਇਬ ਹੁੰਦੀ ਜਾ ਰਹੀ।
ਸਿਆਸੀ ਵੇਸਵਾਵਾਂ ਵਾਂਗੂ ਮੁਜਰੇ ਦੀ ਲੈਅ ਵਿੱਚ,
ਖੂਬਸੂਰਤੀ ਵੀ ਇਕ ਹੈ ਸੁਆਬ ਹੁੰਦੀ ਜਾ ਰਹੀ।
ਸਭ ਨੀਰ ਗੰਧਲੇ ਤੇ ਸ਼ੀਸ਼ੇ ਹੋਏ ਧੁੰਦਲੇ ਨੇ,
ਜ਼ਿੰਦਗੀ ਵੀ ਲੱਗੇ ਸਾਡੀ ਐਬ ਹੁੰਦੀ ਜਾ ਰਹੀ।
ਜ਼ਹਾਲਤ ਨੇ ਡੇਰਾ ਲਾਇਆ ਕਾਲਖਾਂ ਬਸੇਰਾ ਕੀਤਾ,
ਚਾਨਣੇ ਲਈ ਕਾਲਖਾਂ ਤੋਂ ਪਾਰ ਹੋਣਾ ਚਾਹੀਦਾ।
ਵਿਹੜੇ ਦਿਆਂ ਰੁੱਖਾਂ ਦੀ 'ਦੀਵਾਨਾ' ਛਾਂ ਮਾਣਨੀ ਜੇ,
ਇਹਨਾਂ ਦਾ ਤੇ ਮਾਣ ਸਤਿਕਾਰ ਹੋਣਾ ਚਾਹੀਦਾ।

(ਇਹ ਕਵਿਤਾ ਏ ਆਈ. ਆਰ. ਜਲੰਧਰ ਤੋਂ ਪੜ੍ਹੀ ਗਈ।)

****************



# ਇਕ ਬਹੁਪਖੀ ਸਖਸ਼ੀਅਤ
# "ਰਾਗੀ ਗੁਰਚਰਨ ਸਿੰਘ ਕੰਵਲ"



ਰਾਗੀ ਗੁਰਚਰਨ ਸਿੰਘ ਜੀ ਕੰਵਲ ਇਕ ਬਹੁਪਖੀ ਸ਼ਖਸੀਅਤ ਦੇ ਮਾਲਕ ਹਨ। ਇਹਨਾਂ ਵਿੱਚ ਨਾ ਕੇਵਲ ਸੰਗੀਤ ਕਲਾ ਦਾ ਹੀ ਗੁਣ ਹੈ। ਬਲਕਿ ਇਹ ਇਕ ਬਹੁਤ ਵਧੀਆ ਸ਼ਾਇਰ ਸਮੇਂ ਦੇ ਬਹੁਤ ਵਧੀਆ ਬੁਲਾਰੇ ਗੁਰਬਾਣੀ ਦੇ ਗੁਰਮਤਿ ਅਨੁਸਾਰ ਵਿਆਖਿਆ ਕਾਰ, ਸਾਹਿਤ ਤੇ ਇਤਹਾਸ ਦੇ ਮਹਾਨ ਖੋਜੀ ਵਿਦਵਾਨ ਹਨ। ਮੇਰੇ ਲਈ ਇਹ ਬਹੁਤ ਹੀ ਪੂਜਣ ਯੋਗ ਸ਼ਖਸ਼ੀਅਤ ਹਨ ਰਿਸ਼ਤੇ ਵਿਚੋ ਇਹ ਮੇਰੇ ਮਾਮਾ ਜੀ ਹਨ, ਮੇਰੇ ਮਾਤਾ ਜੀ ਇਹਨਾਂ ਦੀ ਵੱਡੀ ਭੈਣ ਜੋ ਇਹਨਾਂ ਤੋ ਤਿੰਨ ਚਾਰ ਸਾਲ ਵੱਡੇ ਸਨ, ਉਹ ਮੈਨੂੰ 7-8 ਮਹੀਨੇ ਦਾ ਛੱਡ ਕੇ ਪਰਲੋਕ ਸੁਧਾਰ ਗਏ ਸਨ, ਤੇ ਮੇਰੇ ਨਾਨੀ ਜੀ ਇਹਨਾਂ ਦੀ ਮਾਤਾ ਜੀ ਮੈਨੂੰ ਉਦੋਂ ਹੀ ਇਹਨਾਂ ਦੇ ਪਾਸ ਇਹਨਾਂ ਦੇ ਪਿੰਡ ਸੈਦਪੁਰ ਲੈ ਆਏ ਸਨ ਤੇ ਮੈਂ ਮੈਟ੍ਰਿਕ ਦਾ ਇਮਤਿਹਾਨ ਇਹਨਾਂ ਪਾਸ ਰਹਿ ਕੇ ਹੀ ਪਾਸ ਕੀਤਾ ਸੀ। 16-17 ਸਾਲ ਇਹਨਾਂ ਪਾਸ ਰਹਿਣ ਦਾ ਮੈਨੂੰ ਜੋ ਸੁਭਾਗ ਪ੍ਰਾਪਤ ਹੋਇਆ ਉਸ ਕਾਰਨ ਮੈਨੂੰ ਇਹਨਾਂ ਨੂੰ ਬਹੁਤ ਨੇੜਿਉਂ ਵੇਖਣ ਜਾਨਣ ਦਾ ਕਾਫ਼ੀ ਸਮਾਂ ਮਿਲਿਆ। ਸਚ ਜਾਣਿਆ ਜਾਵੇ ਤਾਂ ਮੇਰਾ ਕਵਿਤਾ ਵੱਲ ਝੁਕਾਉ ਹੋਣਾ ਤੇ ਸ਼ਾਇਰ ਬਣਨਾ ਵੀ ਇਹਨਾਂ ਦੀ ਸੰਗਤ ਅਤੇ ਇਹਨਾਂ ਦੀ ਕਵਿਤਾ ਤੋ ਪ੍ਰਭਾਵਿਤ ਹੋ ਕੇ ਹੀ ਹੋਂਦ ਵਿਚ ਆਇਆ ਹੈ। ਇਹਨਾਂ ਦੇ ਪਿਤਾ ਜੀ ਭਾਈ ਜੁਵਾਲਾ

ਸਿੰਘ ਜੀ ਰਾਗੀ ਆਪਣੇ ਸਮੇਂ ਦੇ ਮਹਾਨ ਗੁਰਸਿੱਖ ਕੀਰਤਨੀਆਂ ਵਿਚੋਂ ਸਭ ਤੋਂ ਪਹਿਲੇ ਦਰਜੇ ਦੇ ਮਹਾਨ ਪ੍ਰਸਿੱਧ ਰਾਗੀ ਸਨ। ਉਹਨਾਂ ਦਾ ਰਾਗ ਵਿੱਦਿਆ, ਸੁਰਤਾਲ ਤੇ ਗੁਰਬਾਣੀ ਦਾ ਗਿਆਨ ਸਿਖਰਾਂ ਤੇ ਸੀ ਆਪ ਨੇ ਇਹ ਗਿਆਨ ਬੜੀ ਮਿਹਨਤ ਲਗਨ, ਕਠਿਣ ਘਾਲਣਾ ਨਾਲ ਸਾਧਨਾਂ ਕਰਕੇ ਪ੍ਰਾਪਤ ਕੀਤਾ ਸੀ। ਉਸ ਸਮੇਂ ਦੇ ਚੋਟੀ ਦੇ ਰਾਗੀ ਗਵਈਏ ਸੰਗੀਤ ਤੇ ਸੰਗੀਤ ਕਲਾ ਵਿਚ ਨਿਪੁੰਨ ਵਿਦਵਾਨ ਵੀ ਭਾਈ ਜੁਵਾਲਾ ਸਿੰਘ ਜੀ ਨੂੰ ਉਸਤਾਦ ਮੰਨਦੇ ਹੋਏ ਨਤ ਮਸਤਕ ਹੁੰਦੇ ਸਨ।

ਭਾਈ ਜੁਵਾਲਾ ਸਿੰਘ ਜੀ ਨੂੰ ਕੀਰਤਨ ਦੀ ਇਹ ਦਾਤ ਵਿਰਸੇ ਵਿੱਚ ਮਿਲੀ ਸੀ। ਇਹਨਾਂ ਦੇ ਪਿਤਾ ਜੀ ਸ੍ਰ. ਦੇਵਾ ਸਿੰਘ ਜੀ ਵੀ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ ਅਤੇ ਆਪ ਜੀ ਦੇ ਦਾਦਾ ਜੀ ਵੀ ਗੁਰਬਾਣੀ ਦੇ ਅਰਥ ਬੋਧ ਦੇ ਗਿਆਤਾ ਹੋਣ ਨਾਲ ਤਬਲੇ ਸਰੰਦੇ ਤੇ ਤਾਊਸ ਦੇ ਮਾਹਰ ਵਜੰਤਰੀ ਮੰਨੇ ਜਾਂਦੇ ਸਨ।

ਇਸ ਤਰ੍ਹਾਂ ਗਿਆਨੀ ਗੁਰਚਰਨ ਸਿੰਘ ਜੀ ਕੰਵਲ ਰਾਗੀ ਨੂੰ (ਸੰਗੀਤ) ਕੀਰਤਨ ਦੀ ਦਾਤ ਵਿਰਸੇ 'ਚੋਂ ਹੀ ਮਿਲੀ। ਇਹਨਾਂ ਨੇ ਇਸ ਦਾਤ ਨੂੰ ਪ੍ਰਾਪਤ ਕਰਕੇ ਜੋ ਮਾਅਰਕੇ ਤੇ ਕਮਾਲ ਵਿਖਾਏ, ਉਸਦਾ ਜਵਾਬ ਨਹੀਂ, ਇਹ ਪਹਿਲਾਂ ਕਈ ਸਾਲ ਆਪਣੇ ਪਿਤਾ ਜੀ ਦੀ ਸੰਗਤ ਵਿਚ ਰਹਿ ਕੇ ਕੀਰਤਨ ਸਿਖਦੇ ਤੇ ਕਰਦੇ ਰਹੇ ਤੇ ਕੀਰਤਨ ਦੇ ਨਾਲ ਨਾਲ ਕਵਿਤਾ ਵੱਲ ਵੀ ਇਹਨਾਂ ਦਾ ਕਾਫ਼ੀ ਝੁਕਾਉ ਹੋ ਗਿਆ ਤੇ ਇਹਨਾਂ ਨੇ ਉਸ ਸਮੇਂ ਬਹੁਤ ਸਾਰੀਆਂ ਧਾਰਮਿਕ, ਸਾਹਿਤਕ ਤੇ ਸਮਾਜ ਸੁਧਾਰਕ (ਨਜ਼ਮਾਂ) ਕਵਿਤਾਵਾਂ ਲਿਖ ਕੇ ਸਟੇਜਾਂ ਤੇ ਪੜ੍ਹਕੇ ਬਹੁਤ ਸਾਰੇ ਇਨਾਮੀ ਕਵੀ ਦਰਬਾਰਾਂ ਵਿੱਚ ਪਹਿਲੇ ਦਰਜੇ ਦੇ ਇਨਾਮ ਪ੍ਰਾਪਤ ਕੀਤੇ।

ਰਾਗੀ ਗੁਰਚਰਨ ਸਿੰਘ ਜੀ ਕੰਵਲ ਦਾ ਕਰਾਂ ਕੀ ਜ਼ਿਕਰ<br>
ਪਿਆਰੇ, ਸੰਗੀਤ ਕਾਰ ਕਮਾਲ ਜਵਾਬ ਹੈ ਨਹੀਂ।<br>
ਵਧੀਆਂ ਸ਼ਾਇਰ ਤੇ ਕੱਥਾ ਕਮਾਲ ਇਹਦੀ,<br>
ਗਿਆਨ ਇਹਦਾ ਵਿਸ਼ਾਲ ਜਵਾਬ ਹੈ ਨਹੀਂ।<br>
ਇਸ ਦੀ ਓਟ ਹੈ ਸਦਾ ਦਸ਼ਮੇਸ਼ ਜੀ ਤੇ,<br>
ਐਸੇ ਉਤਮ ਖਿਆਲ ਜਵਾਬ ਹੈ ਨਹੀਂ।<br>
ਕੀਹਦੇ ਨਾਲ ਮੈਂ ਦਿਆਂ ਮਿਸਾਲ ਇਹਦੀ,<br>
ਐਸਾ ਬੇ ਮਿਸਾਲ ਜਵਾਬ ਹੈ ਨਹੀਂ।



ਸਚਾਈਆਂ ਕੌੜੀਆਂ, ਖੱਟੀਆਂ ਮਿੱਠੀਆਂ ਦੀ,<br>
ਜੋ ਇਸ ਲਿਖੀ ਕਿਤਾਬ ਜਵਾਬ ਹੈ ਨਹੀਂ।<br>
ਹਰ ਕੋਈ ਵਾਚ ਕੇ ਏਹੋ ਹੀ ਕਹੂ 'ਨੂਰੀ',<br>
ਲਾਜਵਾਬ ਇਹ ਇਹਦਾ ਜਵਾਬ ਹੈ ਨਹੀਂ।

ਵਲੋਂ – ਅਨੂਪ ਸਿੰਘ ਨੂਰੀ<br>
ਸਾਹਿਤਕਾਰ ਕਰਤਾਰਪੁਰ।

## ਗਿਆਨੀ ਗੁਰਚਰਨ ਸਿੰਘ ਜੀ ਕੰਵਲ<br>ਰਾਗੀ ਤੇ ਸ਼ਾਇਰ ਦਿੱਲੀ

## ਜ਼ਖਮੀ ਹਿਰਦਿਆਂ ਤੇ ਮਲ੍ਹਮਾਂ ਲਾਉਣ ਆਇਆ

ਗੋਬਿੰਦ ਰੂਪ ਵਿਚ ਮਰਦ ਅੰਗਮੜਾ ਇਕ,<br>
ਸੁਤੇ ਭਾਰਤ ਦੇ ਭਾਗ ਜਗਾਉਣ ਆਇਆ।<br>
ਸੁਣਕੇ ਦੁਖੀ ਮਜ਼ਲੂਮਾਂ ਦੇ ਹਉਕਿਆਂ ਨੂੰ,<br>
ਗੈਰਤ ਅਣਖ ਦੀ ਪੱਟੀ ਪੜ੍ਹਾਉਣ ਆਇਆ।<br>
ਮੇਟਣ ਲਈ ਤੁਅੱਸਬ ਦੇ ਭਾਂਬੜਾਂ ਨੂੰ,<br>
ਜ਼ਾਤ ਪਾਤ ਦੇ ਭੇਦ ਮਿਟਾਉਣ ਆਇਆ।<br>
ਨੀਹ ਧਰਮ ਦੀ ਰਹਿ ਜਾਏ ਨ ਕਿਤੇ ਕੱਚੀ,<br>
ਚਰਬੀ ਪਿਤਾ ਦੇ ਸੀਸ ਦੀ ਪਾਉਣ ਆਇਆ।

ਬਣ ਜਾਏ ਸਿੱਖੀ ਦਾ ਮਹਿਲ ਫੌਲਾਦ ਵਾਂਗਰ,<br>
ਲਾਲ ਨੀਹਾਂ ਦੇ ਵਿਚ ਚਿਣਵਾਉਣ ਆਇਆ।<br>
ਸੁਦੀ ਪੋਹ ਦੀ ਸਪਤਮੀ ਥਿਤ ਪਟਨੇ,<br>
ਜ਼ਖਮੀ ਹਿਰਦਿਆਂ ਤੇ ਮਲ੍ਹਮਾਂ ਲਾਉਣ ਆਇਆ।

ਉਹਨੇ ਆਖਿਆ ਆਪਣੀ ਸੋਚ ਬਦਲੋ,
ਸ਼ਸਤਰ ਚੁੱਕੋ ਤੇ ਹੁਣੇ ਤਿਆਰ ਹੋ ਜਾਓ।
ਗੈਰਤ ਅਣਖ ਬਿਨ ਜੀਵਨ ਤੋਂ ਮੌਤ ਚੰਗੀ,
ਜਾਂ ਉਰਾਰ ਹੋ ਜਾਓ ਜਾਂ ਫਿਰ ਪਾਰ ਹੋ ਜਾਓ।
ਡਰ ਲਾਹ ਦਿਉ ਵੇਲੇ ਦੇ ਜਾਬਰਾਂ ਦਾ,
ਬੇਬਾਕ ਬੇਖੌਫ ਬੇਦਾਰ ਹੋ ਜਾਓ।
ਢੇਰੀ ਢਾਹ ਕੇ ਬੈਠੋ ਨ ਬੁਜ਼ਦਿਲਾਂ ਵਾਂਗ,
ਉਠੋ ਸੂਰਿਓ ਨਿਰੇ ਤਲਵਾਰ ਹੋ ਜਾਓ।

ਡਿੱਗੇ ਢੱਠੇ ਝੰਜੋੜ ਬੇ ਗੈਰਤਾਂ ਦੀ,
ਗੋਬਿੰਦ ਸੁੱਤੀ ਹੋਈ ਅਣਖ ਜਗਾਉਣ ਆਇਆ।
ਸੁਦੀ ਪੋਹ ਦੀ ਸਪਤਮੀ ਬਿਤ ਪਿਆਰਾ,
ਜ਼ਖਮੀ ਹਿਰਦਿਆਂ ਤੇ ਮਲ੍ਹਮਾਂ ਲਾਉਣ ਆਇਆ।

ਉਹਨੇ ਭਾਗ ਮਜ਼ਲੂਮਾਂ ਦੇ ਬਦਲ ਦਿੱਤੇ,
ਲੇਖੇ ਪਾੜ 'ਤੇ ਸ਼ਾਹਾ ਦੇ ਸ਼ਾਹ ਬਣਕੇ।
ਆਪਣੇ ਪਿਤਾ ਕਿਰਪਾਲੂ ਕਰਤਾਰ ਤਾਂਈ,
ਦੱਸੀ ਜ਼ੁਲਮ ਕਹਾਣੀ ਗਵਾਹ ਬਣਕੇ।
ਬੇੜੀ ਡੁੱਬ ਰਹੀ ਕਹਿਰਾਂ ਦੇ ਕਪਰਾਂ ਵਿਚ,
ਉਹਨੇ ਲਾਈ ਖੁੱਦ ਬੰਨੇ ਮਲਾਹ ਬਣਕੇ।
ਨਸ਼ਤਰ ਬੀਰਤਾ ਦੀ ਲਾ ਕੇ ਬੁਜ਼ਦਿਲਾਂ ਨੂੰ,
ਬਖਸ਼ੀ ਅਣਖ ਦੀ ਦਾਤ ਜਰਾਹ ਬਣਕੇ।

ਜਾਦੂ ਅਣਖ ਦਾ ਧੂੜਕੇ ਬੁਜ਼ਦਿਲਾਂ ਤੇ,
ਮੁਰਦਾ ਰੂਹਾਂ ਚ ਜ਼ਿੰਦਗੀ ਪਾਉਣ ਆਇਆ।
ਸੁਦੀ ਪੋਹ ਦੀ ਸਪਤਮੀ ਥਿਤ ਪਿਆਰਾ,
ਜ਼ਖਮੀ ਹਿਰਦਿਆਂ ਤੇ ਮਲ੍ਹਮਾਂ ਲਾਉਣ ਆਇਆ।



ਲਹਿੰਦੀ ਵੇਖ ਕੇ ਪੱਤ ਕਸ਼ਮੀਰੀਆਂ ਦੀ,
ਨੀਰ ਸੋਹਣਿਆਂ ਨੈਣਾਂ ਚੋਂ ਚਲਿਆ ਸੀ।
ਦੁੱਖਾਂ, ਕਸ਼ਟਾਂ ਤੇ ਗਮਾਂ ਦੇ ਸਾਗਰਾਂ ਵਿਚ,
ਗੋਤੇ ਖਾਂਦਿਆਂ ਦਿਲਾਂ ਨੂੰ ਠਲ੍ਹਿਆ ਸੀ।
ਇਹਨੇ ਪੰਡਤਾਂ ਦੇ ਮਿਟ ਰਹੇ ਧਰਮ ਬਦਲੇ,
ਸੀਸ ਦੇਣ ਲਈ ਬਾਪੂ ਨੂੰ ਘੱਲਿਆ ਸੀ।
ਹੋਰਾਂ ਤਾਂਈ ਉਸ ਵੰਡ ਕੇ ਸੁਖ ਆਪਣੇ,
ਸਿਰ ਤੇ ਦੁਖ ਯਤੀਮੀ ਦਾ ਝਲਿਆ ਸੀ।

ਦਿਲ ਬਾਜ਼ਾਂ ਦੇ ਚਿੜੀਆਂ ਦੇ ਪਾ ਸੀਨੇ,
ਕਿੰਨਾ ਮੋਅਜਜ਼ਾ ਵੱਡਾ ਵਿਖਾਉਣ ਆਇਆ।
ਸੁਦੀ ਪੋਹ ਦੀ ਸਪਤਮੀ ਥਿਤ ਪਿਆਰਾ,
ਜ਼ਖਮੀ ਹਿਰਦਿਆਂ ਤੇ ਮਲ੍ਹਮਾਂ ਲਾਉਣ ਆਇਆ।

ਤੇਗ ਪਕੜ ਕੇ ਬੈਠਾ ਚਮਕੌਰ ਅੰਦਰ,
ਪਾਪ ਰਾਜ ਦੀਆਂ ਜੜ੍ਹਾਂ ਨੂੰ ਫੋਲਿਆਂ ਸੀ।
ਕੌਮੀ ਬਾਗ ਅੰਦਰ ਪਤਝੜ ਨ ਕਿਤੇ ਆ ਜਾਏ,
ਪਿਆਰੇ ਪੁੱਤਾਂ ਦੇ ਲਹੂ ਨੂੰ ਡੋਹਲਿਆ ਸੀ।
ਤਖਤ ਤਾਜ ਛੱਡ ਕੇ ਰਾਜ ਭਾਗ ਛੱਡ ਕੇ,
ਆਪਣੇ ਸਾਰੇ ਸਰਬੰਸ ਨੂੰ ਰੋਲਿਆ ਸੀ।
ਟੋਟੇ ਜਿਗਰ ਵਾਲੇ ਹੁੰਦੇ ਵੇਖ ਟੋਟੇ,
ਕਲਮਾਂ ਸ਼ੁਕਰ ਦਾ ਮੁੱਖ ਤੋਂ ਬੋਲਿਆ ਸੀ।

ਗੀਤ 'ਯਾਰ ਦੇ ਸਥਰ ਰੰਝੇਟੜੇ ਦਾ',
ਮਾਛੀਵਾੜੇ ਦੇ ਜੰਗਲੀਂ ਗਾਉਣ ਆਇਆ।
ਆਪਾ ਵਾਰ ਕੇ ਸਭ ਕੁਝ ਕੁਰਬਾਨ ਕਰਕੇ,
ਫਤਿਹ ਜ਼ੁਲਮ ਦੇ ਦੰਗਲੀਂ ਪਾਉਣ ਆਇਆ।

**************

## ਦੁਰਮਤ ਮਦ

ਫੁੱਮਣ ਸਿੰਘ ਕਪੂਰੇ ਨੂੰ ਕਹਿਣ ਲਗਾ,
ਯਾਰੋ ਚਲੋ ਅਜ ਝੜੀ ਮਨਾ ਆਈਏ।
ਮੁੰਡਾ ਜੰਮਿਆ ਨਾਲੇ ਭਗਵਾਨ ਸਿਹੁੰ ਦੇ,
ਉਹਦੇ ਪਲਿਓਂ ਭੀ ਕੁਝ ਪੀ ਖਾ ਆਈਏ।
ਨਾਮੇ ਸ਼ਾਮੇ ਤੇ ਭਾਨੇ ਨੂੰ ਨਾਲ ਲੈ ਕੇ,
ਝੱਟ ਆਪਣਾ ਜੀ ਪਰਚਾ ਆਈਏ।
ਮਸਾਂ ਜਿਹੇ ਕਰਤਾਰ ਨੇ ਵੇਹਲ ਦਿੱਤੀ,
ਅੱਜ ਰੱਜ ਰੱਜ ਕੇ ਡੰਝਾਂ ਲਾਹ ਆਈਏ।
ਕਰਕੇ ਮਸ਼ਵਰਾਂ ਠੇਕੇ ਸ਼ਰਾਬ ਦੇ ਵਲ,
ਢਾਣੀ ਬੰਨ੍ਹ ਕੇ ਪੇਂਡੂ ਜੁਵਾਨ ਚਲੇ।
ਥੱਬੇ ਨੋਟਾਂ ਦੇ ਜੇਬਾਂ ਦੇ ਵਿਚ ਪਾ ਕੇ,
ਲਾਡੋ ਪਰੀ ਦੀ ਅਲਖ ਮੁਕਾਣ ਚਲੇ।

ਠੇਕਾ ਜਿਉਂ ਜਿਉਂ ਆਉਂਦਾ ਜਾਏ ਨੇੜੇ,
ਪਾਣੀ ਮੂੰਹਾਂ ਦੇ ਵਿਚੋਂ ਵਗੌਣ ਲੱਗ ਪਏ।
ਜਾ ਕੇ ਬੋਤਲਾਂ ਦੇ ਜਦੋਂ ਡੱਟ ਖੋਹਲੇ,
ਮਸਤੀ ਵਿਚ ਆ ਕੇ ਮੁੱਛਾਂ ਤਾਉਂਣ ਲੱਗ ਪਏ।
ਵਿਸਕੀ ਰਮ ਤੇ ਹੋਰ ਅਨੇਕ ਕਿਸਮਾਂ,
ਭਾਂਤ ਭਾਂਤ ਦੀ ਕਹਿ ਕੇ ਮੰਗਾਉਣ ਲੱਗ ਪਏ।
ਵੱਟੀ ਜਾਵੇ ਕੀ ਪੈਗਾਂ ਪਿਆਲਿਆਂ ਦੀ,
ਇਕੋ ਸਾਹੇ ਅਧਵਾੜ ਮੁਕਾਉਣ ਲੱਗ ਪਏ।
ਜਦੋਂ ਅਕਲ ਨੂੰ ਜੰਦਰੇ ਮਾਰ ਬੈਠੇ,
ਆਪਸ ਵਿਚ ਉਹ ਲਾਡ ਫਿਰ ਕਰਨ ਲੱਗੇ।
ਗੱਲ੍ਹਾਂ ਮਾਰ ਕੇ ਉਹ ਊਠਾਂ ਵਾਂਗ ਸਾਰੇ,
ਵਾਂਸਾਂ ਵਾਂਗ ਖਹਿ ਖਹਿ ਆਪੇ ਮਰਨ ਲਗੇ।



ਦੂਲੇ ਹੁਰਾਂ ਨੂੰ ਮੂਲੇ ਨੇ ਪਾ ਜੱਫ਼ਾ,
ਹਾਸੇ ਭਾਣੇ ਹੀ ਚੁੱਕ ਕੇ ਠੋਕ ਦਿੱਤਾ।
ਡਾਂਗ ਮਾਰ ਕੇ ਨਾਮੇ ਨੇ ਸ਼ਾਮ ਸਿਹੁੰ ਦਾ,
ਗਿੱਟਾ ਭੰਨ ਕੇ ਚਲਣੋਂ ਰੋਕ ਦਿੱਤਾ।
ਓਧਰ ਚੰਨਣ ਨੇ ਮਾਰ ਕੇ ਇਕ ਬਰਛੀ,
ਮੌਤ ਵਿਚ ਕਪੂਰੇ ਨੂੰ ਝੋਕ ਦਿੱਤਾ।
ਤਾਹੀਓਂ ਖਵਰ ਜੇ ਏਹਨਾਂ ਬਦਮਸਤੀਆਂ ਚੋਂ,
ਡਾਢੀ ਪੁਲਸ ਨੇ ਆਣ ਕੇ ਟੋਕ ਦਿੱਤਾ।
ਪੈਰੀਂ ਬੇੜੀਆਂ ਤੇ ਹੱਥੀ ਪਾ ਕੜੀਆਂ,
ਹਵਾਲਾਤ ਦੇ ਮਜ਼ੇ ਉਡੌਣ ਲੱਗੇ।
ਰੋਣ ਲੱਗੇ ਹੁਣ ਅੱਖੀਂ ਘਸੁੰਨ ਦੇ ਕੇ,
ਕੀਤੀ ਹੋਈ ਤੇ ਫਿਰ ਪਛਤੌਣ ਲੱਗੇ।

ਐਪਰ ਖੇਤ ਜਦੋਂ ਚਿੜੀਆਂ ਚੁਗ ਜਾਵਣ,
ਵੇਲਾ ਲੰਘੇ ਤੋਂ ਫੇਰ ਪਛਤਾਇਆ ਕਿਸ ਕੰਮ।
ਸੁਟ ਕਿਸੇ ਨੂੰ ਭਾਂਬੜ ਦੇ ਵਿਚ ਪਹਿਲੋਂ,
ਸੜੇ ਹੋਏ ਤੇ ਨੀਰ ਛਿੜਕਾਇਆ ਕਿਸ ਕੰਮ।
ਜਦੋਂ ਹੋਲੀਆਂ ਦੇ ਦਿਨ ਲੰਘ ਜਾਵਣ,
ਤਦੋਂ ਫੇਰ ਗੁਲਾਲ ਉਡਾਇਆ ਕਿਸ ਕੰਮ।
ਪਾਣੀ ਖੁਣੋਂ ਤਿਹਾਇਆ ਹੀ ਮਾਰ ਟੱਬਰ,
ਘਰ ਦੇ ਵਿਚ ਫਿਰ ਖੂਹ ਲੁਆਇਆ ਕਿਸ ਕੰਮ।
ਲੱਕ ਮਾਤਾ ਤੇ ਪਿਤਾ ਦੇ ਟੁੱਟ ਗਏ ਸਨ,
ਸੇਲੇ ਵੱਜ ਗਏ ਵਿਆਹੀਆਂ ਸੁਆਣੀਆਂ ਨੂੰ।
ਇਕ ਦੋ ਚੜ੍ਹੇ ਫਾਂਸੀ, ਪੰਜ-ਸੱਤ ਕੈਦ ਹੋ ਗਏ,
ਦੋ ਚਾਰ ਘੱਲ ਛਡੇ ਕਾਲੇ ਪਾਣੀਆਂ ਨੂੰ।

ਏਸ ਪਰੀ ਦੇ ਅੱਖ ਮੱਟਕਿਆਂ ਨੇ,
ਛੈਲੇ ਗੱਭਰੂ ਸਾਰੇ ਕੁਰਬਾਨ ਕੀਤੇ।
ਏਹਦੀਆਂ ਲਾਲ ਗੁਲਾਬੀ ਜਿਹੀਆਂ ਬੁਲ੍ਹੀਆਂ ਨੇ,
ਬੁੱਡੇ ਠੇਰੇ ਵੀ ਕਈ ਬਲੀਦਾਨ ਕੀਤੇ।
ਏਹਦੀ ਮਟੱਕ ਮਸਤਾਨੀ ਵਿਚ ਮਸਤ ਹੋ ਗਏ,
ਏਹਦੇ ਨਖਰਿਆਂ ਡੂੰਗੇ ਨਿਸ਼ਾਨ ਕੀਤੇ।
ਖੰਭ ਲਾ ਦਿੱਤੇ ਏਹਨੇ ਸਮਝ ਤਾਂਈਂ,
ਬੰਦੇ ਏਸ ਨੇ ਪਸ਼ੂਆਂ ਸਮਾਨ ਕੀਤੇ।
ਸਭੇ ਮਿਲਖਾਂ ਜ਼ਮੀਨਾਂ ਏਹ ਕੁਰਕ ਲੈਂਦੀ,
ਬੜਾ ਜ਼ੋਰ ਹੈ ਏਹਦੇ ਖ਼ਿਤਾਬ ਅੰਦਰ।
ਇਹਦੇ ਰੁੱਖ ਭੀ ਚੱਟੇ ਨਾ ਹਰੇ ਹੋਏ,
ਐਸੀ ਤੇਜ਼ ਤਾਸੀਰ ਸ਼ਰਾਬ ਅੰਦਰ।

ਜੇ ਕੋਈ ਆਪਣੀ ਭਲਾਈ ਲੋੜਦਾ ਏ,
ਬਚ ਜਾਵੇ ਉਹ ਏਹਦੇ ਪਰਛਵਿਆਂ ਤੋਂ।
ਹੱਥ ਮੱਲ ਮੱਲ ਕੇ ਪਛੋਤਾਉਂਦੇ ਨੇ,
ਠੱਗੇ ਗਏ ਜੋ ਏਹਦੇ ਦਿਖਾਵਿਆਂ ਤੋਂ।
ਡਾਢੀ ਬੁਰੀ ਤਰ੍ਹਾਂ ਚੰਡ ਕਢਦੀ ਏ,
ਜੇਹੜਾ ਬਚੇ ਨਾ ਏਹਦੇ ਭੁਲਾਵਿਆਂ ਤੋਂ।
ਫਨੀਅਰ ਨਾਗਨੀ ਨੇ ਦੁਨੀਆਂ ਡੰਗ ਛੱਡੀ,
ਬਿਨਾਂ ਬੰਦਿਆਂ ਟਾਂਵਿਆਂ ਟਾਂਵਿਆਂ ਤੋਂ।
ਵਲੀਆਂ ਪੀਰਾਂ ਨੇ ਏਹਨੂੰ ਦੁਰਕਾਰਿਆ ਏ,
ਪੜ੍ਹ ਲੌ ਕਿਸੇ ਭੀ ਮਜ਼ਹਬੀ ਕਿਤਾਬ ਅੰਦਰ।
ਹਿਰਦੇ 'ਕੰਵਲ' ਨੂੰ ਚੰਦਰੀ ਸਾੜਦੀ ਏ,
ਕੀਹਨੇ ਖਟਿਆ ਨਸ਼ਾ ਸ਼ਾਰਬ ਅੰਦਰ।



ਇਕ ਦਿਨ ਪੁਛ ਬੈਠਾ ਮੈਂ ਸ਼ੈਤਾਨ ਤਾਈਂ,
ਕੋਈ ਆਪਣਾ ਪਤਾ ਨਿਸ਼ਾਂ ਦੱਸ ਦੇਹ।
ਕਿਹੜੀ ਚੰਦਰੀ ਕੁੱਖ ਤੋਂ ਹੋਇਆ ਪੈਦਾ,
ਆਪਣੇ ਮਾਂ ਪਿਓ ਦਾ ਮੈਨੂੰ ਨਾਂ ਦੱਸ ਦੇਹ।
ਤੇਰਾ ਡਾਢਾ ਮੈਂ ਤੇਜ਼ ਪਰਤਾਪ ਦੇਖਾਂ,
ਆਪਣੇ ਰੈਹਣ ਦਾ ਪਿੰਡ ਗਰਾਂ ਦੱਸ ਦੇਹ।
ਅਗੋਂ ਦੰਦੀਆਂ ਕੱਢ ਕੇ ਬੋਲਿਆ ਓਹ,
ਕੈਹਣ ਲਗਾ ਉਹ ਮੈਨੂੰ ਜਵਾਬ ਅੰਦਰ।
ਤੈਨੂੰ ਅਜੇ ਤੱਕ ਪਤਾ ਨਹੀਂ ਕਮਲਿਆ ਓਹ,
ਮੇਰਾ ਵਾਸਾ ਹੈ ਸਦਾ ਸ਼ਰਾਬ ਅੰਦਰ।
ਮੇਰੇ ਚੇਲਿਆਂ ਦਾ ਆਵੇ ਅੰਤ ਕੁਝ ਨਾ,
'ਕੰਵਲ' ਐਸੀ ਤਾਸੀਰ ਸ਼ਰਾਬ ਅੰਦਰ।

ਚੜ੍ਹਿਆ ਰਹਾਂ ਮੈਂ ਏਹਦੇ ਘਨੇੜਿਆਂ ਤੇ,
ਇਹੋ ਜਿੰਦ ਮੇਰੀ ਏਹੋ ਜਾਂ ਮੇਰੀ।
ਏਹਦੀ ਛਾਂ ਥੱਲੇ ਬੁੱਲੇ ਲੁੱਟਦਾ ਹਾਂ,
ਏਹੋ ਪਿਓ ਮੇਰਾ ਏਹੋ ਮਾਂ ਮੇਰੀ।
ਰਾਤ ਦਿਨੇਂ ਮੈਂ ਲੋਰੀਆਂ ਲਵਾਂ ਇਸ ਤੋਂ,
ਦੁੱਧ ਦੇਣ ਵਾਲੀ ਏਹੋ ਗਾਂ ਮੇਰੀ।
ਏਹਦੇ ਨਾਲ ਮੈਂ ਨਿਸ਼ਾਨੇ ਫੁੰਡਦਾ ਹਾਂ,
ਏਹੋ ਪੱਕੀ ਜਹੀ ਤੀਰ ਕਮਾਂ ਮੇਰੀ।
ਏਹਦੇ ਨਾਲ ਮੈਂ ਜੀਹਨਾਂ ਨੂੰ ਜੇਰ ਕੀਤਾ,
ਨੱਬੇ ਫ਼ੀਸਦੀ ਮੇਰੇ ਹਿਸਾਬ ਅੰਦਰ।
ਮੇਰੇ ਚੇਲਿਆਂ ਦਾ ਆਵੇ ਅੰਤ ਕੁਝ ਨਾ,
'ਕੰਵਲ' ਐਸੀ ਤਾਸੀਰ ਸ਼ਰਾਬ ਅੰਦਰ।

ਬਾਬੇ ਦੀ ਬੇਰ ਸੁਲਤਾਨ ਪੁਰ ਲੋਧੀ

## ਬੇਰ ਸਾਹਿਬ ਦੀ ਮੱਸਿਆ

ਜੋਬਨ ਤੇ ਜਵਾਨੀ ਦੇ ਨਸ਼ੇ ਵਿਚ ਮਤੀ ਇਕ,
ਗੁੰਡਿਆਂ ਦੀ ਢਾਣੀ ਵਿਚ ਫਸੀ ਮੁਟਿਆਰ ਸੀ।
ਚੂੜੇ ਵਾਲੀ ਬਾਂਹ ਸੀ ਮਰੋੜੀ ਗਈ ਭੀੜ ਵਿਚ,
ਰੇਸ਼ਮ ਦੇ ਜੈਂਪਰ ਨੂੰ ਆ ਗਿਆ ਲੰਗਾਰ ਸੀ।
ਮੁਖੜੇ ਦੇ ਪਾਊਡਰ ਨੂੰ ਮੁੜਕੇ ਹੁਰਾਂ ਧੋ ਦਿੱਤਾ,
ਚੂੰਢੀਆਂ ਤੇ ਧੱਕਿਆਂ ਦੀ ਖਾਂਦੀ ਪਈ ਮਾਰ ਸੀ।
ਜ਼ੁਲਫਾਂ ਦੇ ਕੁੰਡਲਾਂ ਦੇ ਕੁੰਡ ਸਾਰੇ ਭਜ ਗਏ,
ਸਿੱਧਿਆਂ ਸੀ ਗਿਆ ਉਹਦਾ ਹਾਰ ਤੇ ਸ਼ਿੰਗਾਰ ਸੀ।
ਗੰਢੇ ਛਿਲ ਵਰਗਾ ਦੁਪੱਟਾ ਲੀਰੋ ਲੀਰ ਹੋਇਆ,
ਸ਼ੋਖੀ ਭਰੇ ਨੈਣਾਂ ਦਾ ਹੰਕਾਰ ਸਾਰਾ ਨੱਸਿਆ।
ਨਿੰਮੋਝੂਣੀ ਹੋਈ ਤਾਈਂ ਲਾਗੈ-ਜਾ ਕੇ ਪੁਛਿਆ ਮੈਂ,
ਦਸ ਭੈਣੇ ਦੇਖ ਲਈ ਏ, ਬੇਰ ਸਾਹਿਬ ਮੱਸਿਆ।

ਇਕ ਗੰਢ-ਕਾਟਾ ਸੀ ਚਲਾਕ ਬੜਾ ਮੇਲੇ ਵਿਚ,
ਕਈਆ ਦੀਆਂ ਜੇਬ੍ਹਾਂ ਤਾਈਂ ਕਰਦਾ ਸੀ ਠੁੱਲੀਆਂ।
ਚੰਗਾ ਥੁੱਕ ਲਾਇਆ ਉਹਨੇ ਭੈਣਾਂ ਤੇ ਭਰਾਵਾਂ ਤਾਈਂ,
ਬਾਹਲਿਆਂ ਸ਼ੁਕੀਨਾਂ ਦੀਆਂ ਗੰਢਾਂ ਸਨ ਖੁੱਲੀਆਂ।
ਆ ਗਿਆ ਉਹ ਕਾਬੂ ਫੇਰ ਡਾਢਿਆਂ ਆਕਾਲੀਆਂ ਦੇ,
ਮਾਰ ਮਾਰ ਹੁੱਝਾਂ ਉਹਦੀਆਂ ਵੱਖੀਆਂ ਸੀ ਹੁੱਲੀਆਂ।
ਪੁੱਟ ਪੁੱਟ ਕੰਨ ਉਹਦੇ ਛੱਜਾਂ ਜਿੱਡੇ ਕਰ ਛੱਡੇ,
ਖੁੰਬ ਗਈ ਠੱਪੀ ਉਹਨੂੰ ਸਤੇ ਸੁੱਧਾਂ ਭੁੱਲੀਆਂ।



ਤੱਤਾ ਤੱਤਾ ਚਾਹਟਾ ਛੱਕ, ਪਾਹੁਲ ਪ੍ਰਸ਼ਾਦ ਲੈ ਕੇ,
ਆਪਣੇ ਉਹ ਪਿੰਡ ਵਲ, ਵਾਹੋ-ਦਾਹੀ ਨੱਸਿਆ।
ਉੱਚੀ ਦੇਣੀ ਵਾਜ ਮਾਰ ਪੁੱਛਿਆ ਮੈਂ ਦਸ ਭਾਊ,
ਕਿੱਦਾਂ ਦੀ ਸਵਾਦੀ ਲੱਗੀ, ਬੇਰ ਸਾਹਿਬ ਮੱਸਿਆ।

ਜਗਾ ਸਿਹੁੰ ਭੀ ਟੌਹਰ ਕੱਢ ਆ ਗਿਆ ਸੀ ਮੇਲੇ ਵਿਚ,
ਲੜ ਉਹਦਾ ਪੱਗ ਦਾ ਸੀ ਖੁੱਚਾਂ ਤਾਈਂ ਲਮਕਦਾ।
ਪੰਜ-ਸੱਤ ਨੋਕਾਂ ਉਹਨੇ ਛਡੀਆਂ ਸੀ ਮੱਥੇ ਉੱਤੇ।
ਹੱਥ ਵਾਲੀ ਡਾਂਗ ਵਾਲਾ ਸੰਮ ਬੜਾਂ ਚਮਕਦਾ।
ਲੱਕ ਵਾਲੀ ਚਾਦਰ ਉਹਦੀ, ਫਿਰਦੀ ਸੀ ਬੁਹਾਰੀ ਵਾਂਗੂ,
ਲੇਬ੍ਹੂੰ ਪੈਬ੍ਹੂੰ ਸੁਰਮੇ ਨਾਲ ਅੱਖੀਆਂ ਸੀ ਝਮਕਦਾ।
ਬੋਸਕੀ ਦਾ ਝੱਗਾ ਪਾਇਆ, ਦਾੜ੍ਹੀ ਨੂੰ ਕਲਿਪ ਲਾਇਆ,
ਤਿੱਲੇਵਾਲੀ ਜੁੱਤੀ ਦਾ, ਸੀ ਤਿਲ ਬੜਾ ਦਮਕਦਾ।
ਆਕੜੀ ਸੀ ਧੌਣ ਉਹਦੀ ਗੱਡੇ ਹੋਏ ਫਾਨੇ ਵਾਂਗੂੰ,
ਨਾਰਾਂ ਵਲੇ ਦੇਖ ਦੇਖ, ਨਾਢੂ-ਖਾਨ ਹੱਸਿਆ।
ਚੰਨਣਾ ਤੇ ਫੁੱਮਣਾ ਤੇ ਭਾਨਿਆ ਤੇ ਨਾਮਿਆਂ ਉਏ,
ਅਜ ਸੋਹਣੀ ਦੇਖੀ ਆ ਕੇ, ਬੇਰ ਸਾਹਿਬ ਮੱਸਿਆ।

ਢਲਦੀ ਜਵਾਨੀ ਵਿਚ ਦੁਖੀ ਹੋਈ ਨਾਰ ਇਕ,
ਹੰਝੂਆਂ ਦੇ ਮੋਤੀਆਂ ਦੀ ਮਾਲਾ ਸੀ ਉਹ ਫੇਰਦੀ।
ਲਾਂਬੂ ਉਹਦੇ ਕਾਲਜੇ ਨੂੰ ਲਗੇ ਹੋਏ ਜਾਪਦੇ ਸੀ,
ਸੁਧ ਉਹਨੂੰ ਰਹੀ ਸੀ ਨਾ ਕੋਈ ਮੇਰ-ਤੇਰ ਦੀ।
ਗੋਦੀ ਉਹਦੀ ਸੱਖਣੀ ਸੀ ਬਾਲਾਂ ਦੀ ਸੀ ਭੁੱਖ ਉਹਨੂੰ,
ਆਂਦਰਾਂ ਨੂੰ ਲਗੀ ਹੋਈ ਵਾਢ ਸੀ ਹਨੇਰ ਦੀ।

ਮੱਥੇ ਪਈ ਟੇਕਦੀ ਸੀ, ਹਾੜੇ ਪਈ ਕਢਦੀ ਸੀ,
ਬਾਗ੍ਹੀਂ ਵਗ੍ਹੀ ਸੁਣੀ ਜਾਵੇ, ਰੂੜੀ ਦੌਂ ਭੀ ਢੇਰ ਦੀ।
ਪੂਜ ਹੱਟੀ, ਮੜੀਆਂ ਤੇ ਮਸਾਣਾਂ, ਜਾਦੂ, ਟੂਣਿਆਂ ਨੂੰ,
ਸਾਧਾਂ ਤੇ ਫ਼ਕੀਰਾਂ ਦੀ ਤਲੀਆਂ ਨੂੰ ਭੀ ਝੱਸਿਆ।
ਗੋਦੀ ਹਰੀ-ਭਰੀ ਕਰ ਦੇਹ, ਬੇਰ ਦਿਆ ਮਾਲਕਾ ਵੇ,
ਸ਼ਰਧਾ ਨਾਲ ਨ੍ਹਾਵਾਂ ਮੈਂ ਭੀ, ਬੇਰ ਸਾਹਿਬ ਮੱਸਿਆ।

ਪ੍ਰੀਤਮ ਦੇ ਵਿਛੋੜੇ ਚਿ, ਵਿਯੋਗਣਾ ਦੇ ਵਾਂਗ ਖੜੀ,
ਬੇਰੀ ਵਿਚ ਸੁਣੇ ਤੂੰਹੀ, ਤੂੰਹੀ ਵਾਲਾ ਜਾਪ ਏ।
ਮਲੋ-ਮਲੀ ਦੁਨੀਆਂ ਦੇ ਸਿਰ ਏਹਨੂੰ, ਝੁੱਕ ਜਾਂਦੇ,
ਐਸੀ ਗੁਰੂ ਨਾਨਕ ਨੇ, ਭਰੀ ਕਰਾਮਾਤ ਏ।
ਖਿੱਚਦੀ ਅਮੀਰਾਂ ਤੇ ਗ਼ਰੀਬਾਂ, ਰਾਜੇ ਰਾਣਿਆਂ ਨੂੰ,
ਏਹਦੇ ਰਾਹੀਂ ਹੋਵੇ, ਪਿਆਰੇ ਗੁਰੂ ਦਾ ਮਿਲਾਪ ਏ।
ਕਰਦੀ ਏ ਪੂਰੀਆਂ ਮੁਰਾਦਾਂ, ਸਾਰੇ ਜੱਗ ਦੀਆਂ,
ਦੁੱਧ-ਪੁੱਤ ਵੰਡੇ, ਦੂਰ ਕਰਦੀ ਸੰਤਾਪ ਏ।
ਇਕੋ ਝਲਕ ਏਹਦੀ ਮੇਰੇ ਹਿਰਦੇ ਨੂੰ ਠਾਰ੍ਹਦੀ ਏ,
ਏਹਦੇ ਵਿਚ ਜਾਪੇ, ਨੂਰ ਨਾਨਕ ਦਾ ਵਸਿਆ।
ਤਾਹੀਂ 'ਕੰਵਲ' ਪੱਤਿਆਂ ਚੋਂ, ਫੁੱਟ ਫੁੱਟ ਨਿਕਲਦਾਂ ਏ,
ਧੰਨ ਗੁਰੂ ਨਾਨਕ ਤੇ, ਧੰਨ ਤੇਰੀ ਮੱਸਿਆ।

**************



# ਸ. ਗੁਰਚਰਨ ਸਿੰਘ 'ਚਰਨ'



ਗੁਰਚਰਨ ਸਿੰਘ 'ਚਰਨ' ਪੰਜਾਬੀ ਦਾ ਇਹ ਸ਼ਾਇਰ,
ਮੇਰੀ ਨਜ਼ਰ ਵਿੱਚ ਯੋਗ ਸਤਿਕਾਰ ਦੇ ਨੇ।
ਦਿਲੀ ਵਿੱਚ ਰਹਿੰਦੇ ਅਕਸਰ ਵੇਖਦਾਂ ਮੈਂ,
ਗੇੜੇ ਰਹਿੰਦੇ ਪੰਜਾਬ ਵਲ ਮਾਰਦੇ ਨੇ।
ਜਦ ਵੀ ਮਿਲਦੇ ਪਿਆਰ ਦੇ ਨਾਲ ਮਿਲਦੇ,
ਮਹਿਕ ਪਿਆਰ ਦੀ ਰਹਿੰਦੇ ਖਿਲਾਰ ਦੇ ਨੇ।
ਸ਼ੌਕ ਇਹਨਾਂ ਦਾ ਪੁਜਾ ਜਨੂਨ ਤੀਕਰ,
ਆਸ਼ਿਕ ਇਹ ਬਸ ਕਵੀ ਦਰਬਾਰ ਦੇ ਨੇ।
ਚੰਗੇ-ਚੰਗੇ ਪੰਜਾਬ ਚੋਂ ਸਦ ਸ਼ਾਇਰ,
ਦਿੱਲੀ ਵਿਚ ਇਹ ਕਵੀ ਦਰਬਾਰ ਕਰਦੇ।
ਇਸ ਲਈ ਇਹ ਵਧਾਈ ਦੇ ਯੋਗ 'ਨੂਰੀ',
ਜੋ ਬਾਣੀ, ਬਾਣੇਂ ਨਾਲ ਦਿਲੋਂ ਪਿਆਰ ਕਰਦੇ।

ਖੁਦ ਇਹ ਆਪ ਵੀ ਭਾਂਵੇ ਨੇ ਸ਼ਾਇਰ ਵਧੀਆ,
ਪਰ ਚੰਗੇ ਸ਼ਾਇਰਾਂ ਦਾ ਦਿਲੋਂ ਇਹ ਮਾਨ ਕਰਦੇ।
ਚੰਗੇ ਸ਼ਾਇਰਾਂ ਦੀ ਸੰਗਤ ਵਿੱਚ ਆ ਕੇ,
ਸ਼ਿਅਰ ਆਪਣੇ ਜਦੋਂ ਬਿਆਨ ਕਰਦੇ।
ਸ਼ਾਇਰ ਇਹਨਾਂ ਨੂੰ ਜੇ ਕੋਈ ਸੁਝਾਉ ਦੇਵੇ,
ਖੁਸ਼ੀ ਨਾਲ ਇਹ ਉਹਨੂੰ ਪਰਵਾਨ ਕਰਦੇ।
ਬਹਿਸ ਵਿੱਚ ਇਹ ਕਦੇ ਨ ਪੈਣ ਉੱਕਾ,
ਹਉਮੈਂ ਹੈਂਕੜ ਨਜ਼ਰਾ ਅਭਿਮਾਨ ਕਰਦੇ।
ਇਹਨਾਂ ਗੁਣਾਂ ਤੋਂ 'ਨੂਰੀ' ਦਿਆਲ ਹੋ ਕੇ,
'ਚਰਨ ਕਵੀ ਨੂੰ ਦਿਲੋਂ ਸਤਿਕਾਰ ਦਾ ਹੈ।
ਕਿਉਂਕਿ ਇਹ ਦਸ਼ਮੇਸ਼ ਦਾ ਸਿੰਘ ਪੂਰਾ,
ਆਸ਼ਿਕ ਗੁਰੂ ਦੇ ਕਵੀ ਦਰਬਾਰ ਦਾ ਹੈ।

ਵਲੋਂ – ਅਨੂਪ ਸਿੰਘ ਨੂਰੀ
ਸਾਹਿਤਕਾਰ ਕਰਤਾਰਪੁਰ।



ਗੁਰਚਰਨ ਸਿੰਘ 'ਚਰਨ'

# ਗਿਣੇ ਜਾਂਦੇ ਨਹੀਂ ਪਰਉਪਕਾਰ ਤੇਰੇ

ਤਰੇਤਾ, ਦੁਆਪਰ, ਸਤਿਗੁਰ ਅਤੇ ਕਲਯੁੱਗ,
ਹਰ ਇਕ ਯੁੱਗ ਵਿਚ ਰੂਪ ਅਪਾਰ ਤੇਰੇ।
ਬ੍ਰਹਮਾ, ਵਿਸ਼ਨੂੰ, ਮਹੇਸ਼ ਜਹੇ ਦੇਵਤੇ ਵੀ,
ਖ਼ਿਦਮਤਗਾਰ ਤੇਰੇ ਤਲਬਗਾਰ ਤੇਰੇ।
ਬ੍ਰਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ,
ਚਹੁੰ ਵਰਨਾ ਲਈ ਖੁਲ੍ਹੇ ਦੁਆਰ ਤੇਰੇ।
ਸੂਰਜ, ਚੰਨ, ਤਾਰੇ, ਬ੍ਰਹਿਮੰਡ ਸਾਰਾ,
ਸ੍ਰਿਸ਼ਟੀ ਚਰਨਾਂ ਵਿਚ ਪਰਵਰਦਿਗਾਰ ਤੇਰੇ।

ਉੱਤਰ, ਦੱਖਣ, ਪੂਰਬ ਅਤੇ ਪੱਛਮ,
ਰਹਿੰਦਾ ਭੈਅ ਵਿਚ ਸਾਰਾ ਸੰਸਾਰ ਤੇਰੇ।
ਹੋ ਸਕਦਾ ਹੈ ਸਭ ਕੁਝ ਜਾਏ ਗਿਣਿਆਂ,
ਗਿਣੇ ਜਾਂਦੇ ਨਹੀਂ ਪਰਉਪਕਾਰ ਤੇਰੇ।

ਪਟਨੇ ਸ਼ਹਿਰ ਅੰਦਰ, ਚੜ੍ਹਿਆ ਨਵਾਂ ਸੂਰਜ,
ਚਾਨਣ ਚਾਨਣ ਹੀ ਸਾਰਾ ਬਿਹਾਰ ਹੋਇਆ।
ਵਖ਼ਤ ਪੈ ਗਿਆ ਕਾਲੀਆਂ ਕਾਲਖਾਂ ਨੂੰ,
ਸ਼ੀਸ਼ਾ ਕਾਲਖਾਂ ਤੋਂ ਖ਼ਬਰਦਾਰ ਹੋਇਆ।
ਅੱਗ ਉਗਲਦੇ ਲੋਕ ਜੋ ਮੋਮ ਬਣ ਗਏ,
ਤਪਦਾ ਸੀਨਾ ਸੀ ਜੋ ਠੰਢਾਠਾਰ ਹੋਇਆ।
ਜ਼ਹਿਰ ਦਿਲਾਂ ਦੇ ਵਿੱਚ ਸੀ ਜੋ ਭਰਿਆ,
ਮਿੱਠਾ ਸ਼ਹਿਦ ਦੇ ਵਾਂਗੂ ਗੁਣਕਾਰ ਹੋਇਆ।

ਗਲੀਆਂ ਸੁੰਨੀਆਂ ਜੋ ਬੇਇਤਬਾਰੀਆਂ ਸਨ,
ਕਰਨ ਲੱਗੀਆਂ ਉੱਤੇ ਇਤਬਾਰ ਤੇਰੇ।
ਭੀਖਣ ਸ਼ਾਹ ਵੀ ਦਰਸ਼ਨ ਕਰ ਕਹਿਣ ਲੱਗਾ,
ਗਿਣੇ ਜਾਂਦੇ ਨਹੀਂ ਪ੍ਰਉਪਕਾਰ ਤੇਰੇ।

ਹੇਮਕੁੰਟ ਤੋਂ ਆਣ ਕੇ ਬ੍ਰਹਮ ਯੋਗੀ,
ਹਰ ਇਕ ਕਿਲਾ ਹੰਕਾਰ ਦਾ ਢਾਹ ਦਿੱਤਾ।
ਸਾਨੂੰ ਲਹੂ ਵਿੱਚ ਤਰਨ ਦੀ ਜਾਚ ਦੱਸੀ,
ਧਰਮ ਖਾਤਰ ਕਿੰਜ ਮਰਨਾ ਸਿਖਾ ਦਿੱਤਾ।
ਚਲਦੇ ਫਿਰਦੇ ਇਸ ਧਰਤੀ ਦੇ ਮੁਰਦਿਆਂ ਵਿੱਚ,
ਖ਼ੂਨ ਆਪਣੇ ਜਿਗਰ ਦਾ ਪਾ ਦਿੱਤਾ।
ਪੈਰ ਕੀੜੀ ਤੇ ਧਰਨੋਂ ਸਨ ਜੋ ਡਰਦੇ,
ਉਹਨਾਂ ਤਾਈਂ ਤੂਫਾਨ ਬਣਾ ਦਿੱਤਾ।

ਸਿਰ ਫਿਰੇ ਵਿਦਰੋਹੀ ਇੱਜੜਾਂ ਨੂੰ,
ਝੁਕਣਾ ਪਿਆ ਅੱਗੇ ਸਿਰਜਣ ਹਾਰ ਤੇਰੇ।
ਗੈਰ, ਅਣਖ, ਸਵੈਮਾਨ ਬਚਾਉਣ ਵਾਲੇ,
ਗਿਣੇ ਜਾਂਦੇ ਨਹੀਂ ਪ੍ਰਉਪਕਾਰ ਤੇਰੇ।

ਮਹਾਂਬਲੀ ਦੇ ਪਿਤਾ ਦੀ ਸ਼ਹੀਦੀ ਅੱਗੇ,
ਹੋਰ ਸ਼ਹਾਦਤ ਕਿਧਰੇ ਇਹਦੇ ਤੁੱਲ ਕੋਈ ਨਹੀਂ।
ਚੌਂਕ ਚਾਂਦਨੀ ਦੇ ਸੀਸ ਗੰਜ ਤਾਂਈਂ,
ਰਹਿੰਦੀ ਦੁਨੀਆਂ ਤੱਕ ਸਕਦਾ ਭੁੱਲ ਕੋਈ ਨਹੀਂ।
ਜਿਹੜਾ ਦਿੱਲੀ ਕੁਰਬਾਨੀ ਦਾ ਫੁੱਲ ਖਿੜਿਆ,
ਖਿੜਿਆ ਹੋਰ ਕਿਧਰੇ ਐਸਾ ਫੁੱਲ ਕੋਈ ਨਹੀਂ।
ਹਿੰਦੂ ਧਰਮ ਦੇ ਦੀਵੇ ਜਗਾਉਣ ਦੇ ਲਈ,
ਦੀਵੇ ਆਪਣੇ ਨੂੰ ਕਰਦਾ ਗੁੱਲ ਕੋਈ ਨਹੀਂ।

ਮੁੜ ਕੇ ਜੰਮਕੇ, ਨਹੀਂ ਕਰਜ਼ ਉਤਾਰ ਸਕਦੇ,
ਹਿੰਦੂ ਵੀਰ ਹੋ ਗਏ ਕਰਜਦਾਰ ਤੇਰੇ।
ਪੰਡਿਤ ਮੁਲਾਂ ਤੇ ਕਾਜੀ ਵੀ ਦੰਗ ਰਹਿ ਗਏ,
ਗਿਣੇ ਜਾਂਦੇ ਨਹੀਂ ਪ੍ਰਉਪਕਾਰ ਤੇਰੇ।



ਹਰ ਇਕ ਕਵੀ, ਮਹਾਂਕਵੀ ਤਪੱਸਵੀ ਵੀ,
ਉਹਦੀ ਬੀਰਤਾ ਦੇ ਗੁਣ ਹੀ ਗਾ ਰਿਹਾ ਹੈ।
ਲਿਖਕੇ ਉਹਦੇ ਪ੍ਰੀਵਾਰ ਦੀ ਅਮਰ ਗਾਥਾ,
ਹਰ ਥਾਂ ਫ਼ਖ਼ਰ ਦੇ ਨਾਲ ਸੁਦਾ ਰਿਹਾ ਹੈ।
ਕਿਧਰੇ ਚਮਕੌਰ ਦੀ ਗੜੀ ਦਾ ਲਿਖੇ ਸਾਕਾ,
ਕਿਤੇ ਸਰਹੰਦ ਦਾ ਦਰਦ ਵੰਡਾ ਰਿਹਾ ਹੈ।
ਕਿਧਰੇ ਸਰਸਾ ਨਦੀ ਦਾ ਜਿਕਰ ਛੇੜੇ,
ਕਿਧਰੇ ਕੰਡਿਆਂ ਤੇ ਸੇਜ ਵਿਖਾ ਰਿਹਾ ਹੈ।

ਪੁੱਤਰ ਜੰਗ ਵਿੱਚ ਦੋ ਸ਼ਹੀਦ ਹੋ ਗਏ,
ਦੋ ਚਿਣੇ ਗਏ ਵਿੱਚ ਦੀਵਾਰ ਤੇਰੇ।
ਤਪਦੇ ਚੁਲ੍ਹਿਆਂ ਦੇ ਕਾਤਲ ਵੀ ਆਖਣ,
ਗਿਣੇ ਜਾਂਦੇ ਨਹੀਂ ਪ੍ਰਉਪਕਾਰ ਤੇਰੇ।

ਮੇਰੇ ਮੁਰਸ਼ਦ ਗਰੀਬ ਨਵਾਜ਼ ਮੇਰੇ,
ਜੋ ਕੁਝ ਕੀਤਾ ਤੂੰ ਕੀਤਾ ਕਮਾਲ ਦਾ ਹੈ।
ਰੂਪ ਆਖਿਆ ਖਾਲਸਾ, ਖਾਸ ਮੇਰਾ,
ਨਾਮ ਖਾਲਸਾ ਖਾਲਸ ਖਿਆਲਦਾ ਹੈ।
ਰਣ ਤੱਤੇ ਵਿਚ ਜਿਹੜਾ ਜਲਾਲ ਦਿਸਦਾ,
ਖੰਡੇ ਬਾਟੇ ਦੇ ਜਾਹੋ- ਜਲਾਲਦਾ ਹੈ।
ਤੈਨੂੰ ਫਿਕਰ ਸੀ ਪਿੰਜਰਾ ਤੋੜਨੇ ਦਾ,
ਪਿੰਜਰੇ ਵਾਲੇ ਨੂੰ ਆਪਣੇ ਮਾਲਦਾ ਹੈ।

ਪ੍ਰਗਟ ਖਾਲਸਾ ਕੀਤਾ ਮੁਰੀਦ ਬਣ ਗਏ,
ਦੁਨਿਆਂ ਭਰ ਦੇ ਸਿਪਾਹ ਸਲਾਰ ਤੇਰੇ।
ਦਿਲ ਦਰਿਆ ਕੁਰਬਾਨੀ ਦੇ ਮਹਾਂਸਾਗਰ,
ਗਿਣੇ ਜਾਂਦੇ ਨਹੀਂ ਪ੍ਰਉਪਕਾਰ ਤੇਰੇ।

**************

ਨੂਰੇ ਨਜ਼ਰ ਦੇ ਸੁਣ ਕੇ ਮਸ਼ਵਰੇ ਨੂੰ,
ਹਰਿਗੋਬਿੰਦ ਜੀ ਦੀ ਅੱਖ ਦੇ ਨੂਰ ਤੁਰ ਪਏ।
ਮਾਣ ਰਖਣ ਲਈ ਕੁਲ ਕਸ਼ਮੀਰੀਆਂ ਦਾ,
ਨੌਂਵੇਂ ਪਾਤਸ਼ਾਹ ਮੇਰੇ ਹਜ਼ੂਰ ਤੁਰ ਪਏ।
ਆਪਣਾ ਦੇ ਜੀਵਨ, ਜੀਵਨ ਬਖਸ਼ਣੇ ਲਈ,
ਪੰਜਾਂ ਸਿਖਾਂ ਦਾ ਲੈ ਕੇ ਪੂਰ ਤੁਰ ਪਏ।
ਆਪ ਜੀਓ ਤੇ ਦੂਜੇ ਨੂੰ ਜੀਣ ਦੇਓ,
ਔਰੰਗਜੇਬ ਨੂੰ ਦਸਣ ਦਸਤੂਰ ਤੁਰ ਪਏ।

ਜਿਸ ਦੇ ਪਿਤਾ ਦੇ ਪਿਤਾ ਸ਼ਹੀਦ ਹੋਏ,
ਉਹ ਅਜ ਆਪ ਸ਼ਹੀਦੀ ਦੇ ਰਾਹ ਤੁਰ ਪਏ।
ਨੌਂਵਾਂ ਸਾਲਾ ਦੇ ਪੁਤ ਨੂੰ ਛਡ ਕੱਲਿਆਂ,
ਧਰਮ ਰਖਣ ਦੇ ਲਈ ਪਾਤਸ਼ਾਹ ਤੁਰ ਪਏ।

ਸਤਿਗੁਰ ਕਿਹਾ ਔਰੰਗੇ ਨੂੰ ਕਹਿ ਦੇਵੋ,
ਬੁਰੀ ਹੁੰਦੀ ਹੈ ਚੁਕਣੀ ਅੱਤ ਕਹਿੰਦੇ।
ਕੁਝ ਤਾਂ ਖੌਫ ਕਰ ਰੱਬ ਦੇ ਬੰਦਿਆਂ ਤੇ,
ਬਹਾਨੇ ਨਾਲ ਨਾ ਕਰੀਏ ਕੁਪੱਤ ਕਹਿੰਦੇ।
ਧਿੰਗੋ ਜੋਰੀ ਨਹੀਂ ਧਰਮ ਪ੍ਰਚਾਰ ਹੁੰਦੇ,
ਮਾਰੀ ਗਈ ਲਗਦੀ ਤੇਰੀ ਮੱਤ ਕਹਿੰਦੇ।
ਬੇੜਾ ਪਾਰ ਇਸਲਾਮ ਦਾ ਨਹੀਂ ਹੋਣਾ,
ਚੂਸ ਚੂਸ ਮਜਲੂਮਾਂ ਦੀ ਰੱਤ ਕਹਿੰਦੇ।

ਵਜ਼ਨਦਾਰ ਦਲੀਲਾਂ ਇਹ ਸੁਨਣ ਤੇ ਵੀ,
ਹੋਇਆ ਫੇਰ ਵੀ ਉਸ ਤੇ ਅਸਰ ਕੋਈ ਨਾ।
ਸਗੋਂ ਹੋਰ ਵੀ ਕਹਿਰ ਕਮਾਉਣ ਲਗਾ,
ਕਹਿਰ ਕਰਨ ਲਗੇ ਛਡੀ ਕਸਰ ਕੋਈ ਨਾ।



# ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

ਔਰੰਗਜੇਬ ਨੇ ਤਖ਼ਤ ਤੇ ਬਹਿੰਦਿਆਂ ਹੀ,
ਹਿੰਦੂ ਧਰਮ ਮੁਕਾਉਣ ਦੀ ਠਾਣ ਲਈ ਸੀ।
ਪਹਿਲਾਂ ਵਿੱਚ ਕਸ਼ਮੀਰ ਦੇ ਬ੍ਰਾਹਮਣਾਂ ਤੇ,
ਹੁਕਮ ਚਾੜ੍ਹਿਆ ਜੰਝੂ ਲੁਹਾਣ ਲਈ ਸੀ।
ਤਿਲਕਧਾਰੀ ਨਾ ਕੋਈ ਵੀ ਨਜ਼ਰ ਆਵੇ,
ਬੀੜਾ ਚੁਕਿਆ ਮਾਰ ਮੁਕਾਣ ਲਈ ਸੀ।
ਦੁੱਖੀ ਹੋ ਕਸ਼ਮੀਰ ਦੇ ਪੰਡਤਾਂ ਨੇ,
ਕੀਤਾ ਮਸ਼ਵਰਾ ਗੁਰਾਂ ਕੋਲ ਆਣ ਲਈ ਸੀ।

ਕਿਰਪਾ ਰਾਮ ਪੰਡਿਤ ਲੈ ਕਸ਼ਮੀਰੀਆਂ ਨੂੰ,
ਆ ਕੇ ਗੁਰਾਂ ਕੋਲ ਇਸ ਤਰਾਂ ਕਹਿਣ ਲਗਾ।
ਜੇ ਨਾ ਬਾਂਹ ਪਕੜੀ ਸਾਡੀ ਸਤਿਗੁਰ ਜੀ,
ਤਿਲਕ ਜੰਝੂ ਨਾ ਜਗ ਤੇ ਰਹਿਣ ਲਗਾ।

ਸੁਣਦੇ ਸਾਰ ਦਾਤਾਰ ਗਮਗੀਨ ਹੋ ਗਏ,
ਡੁਬਦੀ ਧਰਮ ਦੀ ਨਈਆ ਜੱਦ ਨਜ਼ਰ ਆਈ।
ਡਾਵਾਂ ਡੋਲ ਹੋ ਗਈ ਗੱਡੀ ਜ਼ਿੰਦਗੀ ਦੀ,
ਚਲਦੀ ਹੋਈ ਬੇ-ਪਹੀਆ ਜੱਦ ਨਜ਼ਰ ਆਈ।
ਹਿੰਦੂ ਕੌਮ ਸੀ ਆਪ ਹੀ ਮਰਨ ਦੇ ਲਈ,
ਕਰਦੀ ਪਈ ਧਹੱਈਆ ਜੱਦ ਨਜ਼ਰ ਆਈ।
ਰੋਂਦੀ ਹੋਈ ਕਸ਼ਮੀਰ ਇੰਜ ਕਹੀ ਜਾਵੇ,
ਬਹੁੜੀ ਕ੍ਰਿਸ਼ਨ ਘਨ੍ਹਈਆ ਜੱਦ ਨਜ਼ਰ ਆਈ।

ਤਕ ਕੇ ਸੋਚਾਂ ਵਿਚ ਗੋਬਿੰਦ ਜੀ ਕਹਿਣ ਲਗੇ,
ਏਸ ਜੁਲਮੀ ਤੂਫਾਨ ਨੂੰ ਰੋਕਣਾ ਹੈ।
ਪਿਆਰੇ ਪਿਤਾ ਜੀ ਧਰਮ ਲਈ ਬਲੀ ਦੇਵੋ,
ਜੇਕਰ ਸ਼ਾਹੀ ਫਰਮਾਨ ਨੂੰ ਰੋਕਣਾ ਹੈ।

ਔਰੰਗਜੇਬ ਹੰਕਾਰ ਦੇ ਵਿਚ ਆ ਕੇ,
ਏਸ ਗਲ ਤੋਂ ਹੋਰ ਵੀ ਚਿੜ ਗਿਆ ਏ।
ਬੰਦ ਪਿੰਜਰੇ ਵਿਚ ਕਰ ਸਤਿਗੁਰਾਂ ਨੂੰ,
ਮੂਰਖ ਮੂਰਖਾਂ ਵਾਂਗਰਾਂ ਤਿੜ ਗਿਆ ਏ।
ਉਹਦੇ ਮਾੜੇ ਮਨਸੂਬੇ ਨੂੰ ਤਕ ਕੇ ਤੇ,
ਕਾਂਬਾ ਕੁਲ ਇਸਲਾਮ ਨੂੰ ਛਿੜ ਗਿਆ ਏ।
ਇੰਜ ਜਾਪਦੈ ਚਾਂਦਨੀ ਚੌਂਕ ਅੰਦਰ,
ਧਰਮ ਅਤੇ ਅਧਰਮ ਅਜ ਭਿੜ ਗਿਆ ਏ।

ਸ਼ਾਤ ਚਿਤ ਰਹੇ ਬੈਠੇ ਅਡੋਲ ਸਤਿਗੁਰ,
ਕਿਸੇ ਤਰ੍ਹਾਂ ਦਾ ਕੀਤਾ ਨਾ ਗਮ ਉਹਨਾਂ।
ਪਾਉਣ ਲਈ ਸ਼ਹੀਦੀ ਤਿਆਰ ਹੋ ਕੇ,
ਮੁਗਲ ਰਾਜ ਵਾਲੇ ਹਿਲਾ ਤੇ ਥਮ ਉਹਨਾਂ।

ਹੁੰਦੀ ਪਈ ਸ਼ਰਮਿੰਦਗੀ ਵੇਖ ਕੇ ਤੇ,
ਔਰੰਗਜੇਬ ਵਲੋਂ ਹੁਕਮ ਸੁਣਾਇਆ ਗਿਆ।
ਸ਼ਹੀਦ ਕਰਨਾ ਹੈ ਸਿੱਖਾਂ ਦਾ ਗੁਰੂ ਨੌਂਵਾਂ,
ਸ਼ਹਿਰ ਵਿਚ ਢੰਡੋਰਾ ਪਿਟਵਾਇਆ ਗਿਆ।
ਕਰ ਲਈ ਤਿਖੀ ਤਲਵਾਰ ਜਲਾਦ ਨੇ ਵੀ,
ਜਿਦਾਂ ਉਸ ਦੇ ਤਾਈਂ ਫੁਰਮਾਇਆ ਗਿਆ।
ਪਹਿਰੇ ਲੱਗ ਗਏ ਗੁਰਾਂ ਦੇ ਚੌਂਹ ਪਾਸੀਂ,
ਨਵਾਂ ਚਬੂਤਰਾ ਤਿਆਰ ਕਰਵਾਇਆ ਗਿਆ।

ਪਿੰਜਰ ਵਿਚੋਂ ਜਦੇ ਕੱਢਿਆ ਗਿਆ ਮੁੜ ਕੇ,
ਹੈ ਸੀ ਇਕ ਥਾਂ ਬਾਹਰ ਬਿਠਾ ਦਿਤਾ।
ਅਜ ਏਸ ਨੂੰ ਅਸੀਂ ਮੁਕਾ ਦੇਣਾ,
ਸਾਰੇ ਲੋਕਾਂ ਦੇ ਤਾਈਂ ਸੁਣਾ ਦਿਤਾ।



ਗੁਰਾਂ ਖੂਹ ਤੋਂ ਪਹਿਲਾਂ ਇਸ਼ਨਾਨ ਕਰਕੇ,
ਜਪੁਜੀ ਸਾਹਿਬ ਦਾ ਪਾਠ ਉਚਾਰਿਆ ਏ।
ਦੁਪਹਿਰ ਢਲੇ ਕੁਤਵਾਲੀ ਤੋਂ ਬਾਹਰ ਬੈਠੇ,
ਜਾਲਮ ਹਾਕਮਾਂ ਕਹਿਰ ਗੁਜਾਰਿਆ ਏ।
ਲੱਖਾਂ ਲੋਕ ਇਕੱਠੇ ਸਨ ਹੋਏ ਓਥੇ,
ਜਿਹਨਾਂ ਜਾਲਮਾਂ ਤਾਈਂ ਫਿਟਕਾਰਿਆ ਏ।
ਜਲਾਲ-ਉੱਦ-ਦੀਨ ਜੱਲਾਦ ਤਲਵਾਰ ਲੈ ਕੇ,
ਸੀਸ ਧੜ ਦੇ ਨਾਲੋਂ ਉਤਾਰਿਆ ਏ।

ਸੱਚੇ ਪਾਤਸ਼ਾਹ ਜਦੋਂ ਸ਼ਹੀਦ ਹੋ ਗਏ,
ਉਦੋਂ ਗਰਦ, ਗ਼ੁਬਾਰ, ਤੂਫ਼ਾਨ ਉਠਿਆ।
ਪਹਿਰੇਦਾਰ, ਫੌਂਜੀ ਡਰਦੇ ‘ਚਰਨ’ ਲੁਕ ਗਏ,
ਰੋਕਣ ਵਾਲਾ ਨਾ ਕੋਈ ਇਨਸਾਨ ਉਠਿਆ।

**************

## ਆਪਣਾ ਸ਼ੇਅਰ

ਪੁਲ ਹੋਵੇ ਤਾਂ ਲਾਈਨ ਨਾ ਪਾਰ ਕਰੀਏ,
ਚਲਦੀ ਰੇਲ ਤੇ ਚੜ੍ਹਨਾ ਚਾਹੀਦਾ ਨਹੀਂ।

ਅਣਜਾਣ ਬੰਦੇ ਨਾਲ ਕਦੇ ਨਾ ਸਫਰ ਕਰੀਏ,
ਕੁਝ ਵੀ ਖਾਣ ਲਈ ਫੜਨਾ ਚਾਹੀਦਾ ਨਹੀਂ।

ਜਿਹੜਾ ਆਪਣੇ ਤੋਂ ਤਕੜਾ ਹੋਵੇ ਉਸ ਨਾਲ,
ਕਦੇ ਭੁਲਕੇ ਵੀ ਲੜਨਾ ਚਾਹੀਦਾ ਨਹੀਂ।

'ਚਰਨ' ਆਪਣਾ ਲਿਖ ਕੇ ਸ਼ੇਅਰ ਪੜ੍ਹੀਏ,
ਲਿਖਿਆ ਕਿਸੇ ਦਾ ਪੜ੍ਹਨਾ ਚਾਹੀਦਾ ਨਹੀਂ।

***********

## ਮੈਂ ਇਕ ਕਵੀ

ਮੈਂ ਇਕ ਕਵੀ ਹਾਂ ਕਵੀਆਂ ਦੇ ਵਿਚ ਰਹਿੰਨਾ,
ਹਰ ਇਕ ਕਵੀ ਬਾਰੇ ਪੂਰਾ ਜਾਣਦਾ ਹਾਂ।

ਕਿਹੜਾ ਕਵੀ ਹੈ ਕਿੰਨਿਆਂ ਪਾਣੀਆਂ ਵਿਚ,
ਹਰ ਇਕ ਕਵੀ ਦੀ ਨਬਜ਼ ਪਛਾਣਦਾ ਹਾਂ,

ਭਾਵੇਂ ਕਵੀ ਮੈਨੂੰ ਕੱਖ ਵੀ ਨਾ ਸਮਝਣ,
ਮੈਨੂੰ ਪਤਾ ਹੈ ਮੈਂ ਇਹਨਾਂ ਦੇ ਹਾਣ ਦਾ ਹਾਂ।

ਆਪਣੀ ਕਵਿਤਾ ਸੁਣਾ ਕੇ ਸੰਗਤਾਂ ਨੂੰ,
ਮਾਣ ਇਹਨਾਂ ਤੋਂ ਵੱਧ ਮੈਂ ਮਾਣਦਾ ਹਾਂ।

**************



# ਸ. ਭਗਵਾਨ ਸਿੰਘ 'ਦੀਪਕ'



ਪੰਜਾਬੀ ਕਾਵਿ-ਖੇਤਰ ਵਿਚ ਭਗਵਾਨ ਸਿੰਘ 'ਦੀਪਕ' ਇਕ ਵਿਲੱਖਣ ਰੂਪ ਵਿਚ ਜਾਣਿਆ ਜਾਂਦਾ ਹੈ। ਇਸ ਦਾ ਕਾਰਨ ਇਹ ਕਿ ਕਵੀ ਦਰਬਾਰਾਂ, ਭਾਵ ਧਾਰਮਿਕ ਸਟੇਜ 'ਤੇ ਸੰਗਤ ਉਸ ਦੀ ਕਵਿਤਾ ਵਿਚ ਇਤਿਹਾਸ, ਬੀਰ-ਰਸ ਅਤੇ ਭਾਵਨਾਵਾਂ ਦਾ ਸੁਮੇਲ ਮਾਣਦੀ ਹੈ। ਹਰ ਗੁਰਪੁਰਬ ਸਮੇਂ ਉਹ ਸੰਬੰਧਿਤ ਗੁਰੂ ਸਾਹਿਬਾਨ ਅਤੇ ਢੁਕਵੀਂ ਸ਼ਬਦਾਵਲੀ ਅਤੇ ਕਵਿਤਾ ਦੀ ਰਵਾਨੀ ਨਾਲ ਸਰੋਤਿਆਂ ਦੀ ਪਰਸੰਸਾ ਖੱਟਦਾ ਹੈ। ਹਾਥੀ ਦੰਦ ਦੇ ਹੁਨਰ ਲਈ ਪ੍ਰਸਿੱਧ ਸ਼ਹਿਰ, ਹੁਸ਼ਿਆਰਪੁਰ ਵਿਖੇ ਉਸ ਦਾ ਜਨਮ ਸ. ਤਾਰਾ ਸਿੰਘ ਜੀ ਦੇ ਗ੍ਰਹਿ ਵਿਖੇ 30 ਅਪ੍ਰੈਲ ਸੰਨ 1936 ਨੂੰ ਹੋਇਆ। ਗੌਰਮਿੰਟ ਸਰਵਿਸ ਤੋਂ 30 ਅਪ੍ਰੈਲ 1994 ਨੂੰ ਸੇਵਾਮੁਕਤ ਹੋਣ ਵਾਲੇ 'ਦੀਪਕ' ਦੀ ਵਧੇਰੇ ਲਗਨ ਕਾਵਿ-ਰਚਨਾ ਵਿਚ ਹੈ। ਹੁਣ ਤਕ ਉਸ ਦੇ ਪੰਜ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ-ਜਗਦੇ ਦੀਪਕ (1957), ਚੜ੍ਹਦੀਆਂ ਕਾਗਾਂ (1961), ਬਰਫਾਂ ਥੱਲੇ ਅੱਗ (1963), ਤੇਰੀ ਝਾਂਜਰ ਮੇਰੇ ਗੀਤ (1973), ਅੱਗ ਦੀ ਬੁੱਕਲ (ਗੀਤ ਅਤੇ ਗ਼ਜ਼ਲਾਂ) (1990) ਅਤੇ ਗੀਤ ਮੈਂ ਲਿਖਦਾ ਰਿਹਾ (2006)। ਦੀਪਕ' ਜਿਥੇ ਰੇਡੀਉ ਅਤੇ ਟੀ.ਵੀ. 'ਤੇ ਆਪਣੀਆ ਰਚਨਾਵਾਂ ਪੇਸ਼ ਕਰਦਾ ਹੈ ਉਥੇ ਉਸ ਦੇ ਗੀਤ ਅਤੇ ਗ਼ਜ਼ਲਾਂ ਟੀ ਸੀਰੀਜ਼ ਅਤੇ ਐਚ. ਐਮ. ਵੀ. 'ਤੇ ਪ੍ਰਸਿੱਧ ਕਲਾਕਾਰਾਂ ਦੇ ਸੁਰ ਵਿਚ ਰੀਕਾਰਡ

ਹੋਏ ਹਨ। ਦਿੱਲੀ ਦੇ ਸਥਾਨਕ ਗੁਰਦੁਆਰਿਆਂ ਦੇ ਕਵੀ ਦਰਬਾਰਾਂ ਵਿਚ ਨਾਮਣਾ ਖੱਟਣ ਤੋਂ ਇਲਾਵਾ ਉਸ ਨੂੰ ਹੋਰ ਸ਼ਹਿਰਾ ਦੀਆਂ ਸਿੰਘ ਸਭਾਵਾਂ ਵੱਲੋਂ ਵੀ ਉਚੇਚੇ ਤੋਰ 'ਤੇ ਬੁਲਾਇਆ ਜਾਂਦਾ ਹੈ ਜਿਵੇਂ ਕਾਨ੍ਹਪੁਰ, ਪਟਨਾ ਸਾਹਿਬ, ਪਾਉਂਟਾ ਸਾਹਿਬ, ਇੰਦੋਰ, ਅੰਮ੍ਰਿਤਸਰ, ਅਲਵਰ, ਬੰਬਈ, ਦੇਹਰਾਦੂਨ ਆਦਿ।

'ਦੀਪਕ' ਦੀਆਂ ਰਚਨਵਾਂ ਏਨੀਆਂ ਹਰਮਨ ਪਿਆਰੀਆਂ ਹਨ ਕਿ ਪ੍ਰਕਾਰ ਹਨ-ਪੰਜਾਬੀ ਗ਼ਜ਼ਲ (ਚਾਨਣ ਗੋਬਿੰਦਪੁਰੀ), ਚੋਣਵੀ ਪੰਜਾਬੀ ਗ਼ਜ਼ਲ (ਡਾ. ਜਗਤਾਰ), ਅੱਧੀ ਸਦੀ ਦੀ ਮਹਿਕ (ਡਾ. ਤਰਸੇਮ), ਮਹਿਕ ਦੁਆਬੇ ਦੀ (ਡਾ. ਬਲਦੇਵ ਸਿੰਘ 'ਬੱਦਨ'), ਸ਼ਹੀਦੇ-ਆਜ਼ਮ ਭਗਤ ਸਿੰਘ-ਐਨ. ਬੀ. ਟੀ. , ਗਾਂਧੀ ਕਾਵਿ-ਨਹਿਰੂ ਕਾਵਿ-ਐਨ. ਬੀ. ਟੀ.। ਰੇਡੀਉ 'ਤੇ ਕਵਿਤਾ-ਪਾਠ ਵਿਚ ਤਾਂ 'ਦੀਪਕ' ਭਾਗ ਲੈਂਦਾ ਹੀ ਹੈ ਪਰ ਕਈ ਇਕ ਸੰਗੀਤ ਰੂਪਕ ਵੀ ਰੇਡੀਉ ਲਈ ਲਿਖੇ ਹਨ ਜਿਨ੍ਹਾਂ ਨੂੰ ਪ੍ਰਬੰਧਕਾਂ ਨੇ ਪਸੰਦ ਕੀਤਾ ਹੈ ਅਤੇ ਰੇਡੀਉ ਤੇ ਪੇਸ਼ ਕੀਤੇ ਜਾਂਦੇ ਰਹੇ ਹਨ।

ਨਿਰਸੰਦੇਹ ਭਗਵਾਨ ਸਿੰਘ 'ਦੀਪਕ' ਨੇ ਆਪਣਾ ਸਾਰਾ ਜੀਵਨ ਪੰਜਾਬੀ ਕਵਿਤਾ ਨੂੰ ਸਮਰਪਤ ਕੀਤਾ ਹੈ। ਵਿਸ਼ਵਕਰਮਾ ਰਾਮਗੜ੍ਹੀਆ ਕਲੱਬ ਨਵੀਂ ਦਿੱਲੀ, ਸ਼੍ਰੀ ਦੀਪਕ ਜੀ ਨੂੰ ਪੰਜਾਬੀ ਕਵਿਤਾ ਦੇ ਯੋਗਦਾਨ ਲਈ ਗਿਆਨੀ ਜ਼ੈਲ ਸਿੰਘ ਮਮੋਰੀਅਲ ਅਵਾਰਡ (ਪੰਜਾਬੀ) 2006-2007 ਪੇਸ਼ ਕਰਦੀ ਹੈ।

## ਸ. ਭਗਵਾਨ ਸਿੰਘ 'ਦੀਪਕ'

ਸ. ਭਗਵਾਨ ਸਿੰਘ 'ਦੀਪਕ' ਪੰਜਾਬੀ ਦਾ ਇਹ ਸ਼ਾਇਰ,
ਦਿਲੀ ਸ਼ਾਹਿਰ ਦੇ ਵਿਚ ਨਿਵਾਸ ਰਖਦੈ।
ਮਿਲਵਰਤਣ ਏਸ ਦੀ ਪਈ ਮੂੰਹੋ ਬੋਲਦੀ ਹੈ,
ਪੱਲੇ ਇਹ ਮਹੁੱਬਤ ਦੀ ਰਾਸ ਰਖਦੈ।
ਵਹਿਮਾਂ, ਭਰਮਾਂ, ਪਾਖੰਡਾਂ ਤੋਂ ਦੂਰ ਰਹਿ ਕੇ,
ਗੁਰੂ ਗ੍ਰੰਥ ਤੇ ਪੂਰਨ ਵਿਸ਼ਵਾਸ ਰਖਦੈ।



ਕਵਿਤਾ ਏਸ ਦੀ ਵਾਚ ਕੇ ਵੇਖਿਆ ਮੈਂ,
ਵਜ਼ਨ ਬਹਿਰ ਦਾ ਖ਼ਿਆਲ ਇਹ ਖ਼ਾਸ ਰਖਦੈ।
ਕਾਸਦ ਕਵੀ ਤੇ ਇਹਨੇ ਜੋ ਲਿਖੀ ਕਵਿਤਾ,
ਕਰੁਣਾ ਰਸ ਦੇ ਨਾਲ ਭਰਪੂਰ ਡਿਠੀ,
ਸੂਝ ਵਾਨਾਂ ਸਿਆਣਿਆਂ ਕਿਹਾ ਸੁਣ ਕੇ,
ਵੰਡਦੀ 'ਨੂਰੀ' ਗਿਆਨ ਦਾ ਨੂਰ ਡਿਠੀ।

ਮਿਹਨਤ ਲਗਨ ਦੀ ਇਹਨੂੰ ਜੋ ਲਗਨ ਲੱਗੀ,
ਹਰਮਜ਼ਮੂਨ ਦਾ ਤਦੇ ਗਿਆਨ ਰਖਦੈ।
ਉਤਮ ਸੁੱਚੇ ਤੇ ਸੱਚੇ ਖ਼ਿਆਲ ਇਸਦੇ,
ਵਜ਼ਨ ਬਹਿਰ ਦਾ ਖ਼ਾਸ ਧਿਆਨ ਰਖਦੈ।
ਇਹਦੇ ਯਾਰ ਮਿਤਰ ਇਹ ਦਾ ਮਾਣ ਕਰਦੇ,
ਹਿਰਦੇ ਇਹ ਵੀ ਹਰ ਇਕ ਦਾ ਮਾਣ ਰਖਦੈ।
ਮਿਠੇ ਬੋਲ ਪਤਾਸਿਆਂ ਵਾਂਗ ਇਹਦੇ,
ਸ਼ਹਿਦ ਨਾਲੋਂ ਇਹ ਮਿੱਠੀ ਜ਼ੁਬਾਨ ਰਖਦੈ।
ਜਦ ਵੀ ਕਿਸੇ ਇਹ ਕਵੀ ਦਰਬਾਰ ਅੰਦਰ,
ਕਵਿਤਾ ਆਪਣੀ ਜਦੋਂ ਇਹ ਬੋਲਦਾ ਹੈ।
ਆਪਣੇ ਗਿਆਨ ਦੇ ਦੀਪਕ ਦੀ ਲੋਅ ਕਰਕੇ,
ਦਰ 'ਨੂਰੀ' ਹਕੀਕਤ ਦੇ ਖੋਲ੍ਹਦਾ ਹੈ।

ਵਲੋਂ - ਅਨੂਪ ਸਿੰਘ ਨੂਰੀ ਸਾਹਿਤਕਾਰ ਕਰਤਾਰਪੁਰ।

ਭਗਵਾਨ ਸਿੰਘ 'ਦੀਪਕ'

# ਅੰਮ੍ਰਿਤ ਦੀ ਸ਼ਕਤੀ

ਇਕ ਦਿਨ ਸਵੇਰ ਦੇ ਪਹਿਰ ਨੂੰ।
ਮੈਂ ਜਾ ਰਿਹਾ ਸੀ ਸੈਰ ਨੂੰ।
ਸੋਟੀ ਨੂੰ ਹਥ ਉਛਾਲਦਾ।
ਡਿਠਾ ਮੈਂ ਸੀਨ ਕਮਾਲਦਾ।
ਇਕ ਚਿੜੀ ਦਾਣਾ ਟੋਲਦੀ।
ਚੂੰ ਚੂੰ ਦੇ ਬੋਲਸੀ ਬੋਲਦੀ।
ਨਚਦੀ ਤੇ ਟਪਦੀ ਡੋਲਦੀ।
ਮੋਤੀ ਤ੍ਰੇਲ ਦੇ ਰੋਲਦੀ।
ਖੁਸ਼ ਰੰਗ ਤੇ ਦਿਲਸ਼ਾਦ ਸੀ।
ਦਿਸਦੀ ਮੈਨੂੰ ਆਜ਼ਾਦ ਸੀ।

ਚਿੜੀ ਨੂੰ ਵੇਖ ਉਜਾੜ ਵਿਚ।
ਬੈਠਾ ਸੀ ਬਾਜ਼ ਇਕ ਤਾੜ ਵਿਚ।
ਨਿਰਬਲ ਤੇ ਨਨ੍ਹੀ ਜਾਣ ਕੇ
ਮਾਰੀ ਝਪਟ ਉਸ ਆਣ ਕੇ ।

ਪਰ ਚਿੜੀ ਵੀ ਹੁਸ਼ਿਆਰ ਸੀ।
ਲੜਨੇ ਲਈ ਠੀਕ ਤਿਆਰ ਸੀ।
ਪਈ ਬਾਜ਼ ਨੂੰ ਲਲਕਾਰਦੀ।
ਖਿਚ ਖਿਚ ਕੇ ਚੁੰਜਾਂ ਮਾਰਦੀ।
ਵਧ ਵਧ ਕੇ ਅਗਾਂਹ ਵੰਗਾਰਦੀ।
ਹਿੰਮਤ ਜ਼ਰਾ ਨਾ ਹਾਰਦੀ।

ਉਹ ਚੁੰਜ ਨੂੰ ਜੋ ਛੋਹ ਗਿਆ।
ਬਸ ਛਲਨੀ ਛਲਨੀ ਹੋ ਗਿਆ।
ਓਹ ਬਾਜ਼ ਕੁਝ ਥੱਰਾ ਗਿਆ।



ਤਗੜਾ ਸੀ ਪਰ ਘਬਰਾ ਗਿਆ।
ਖਾ ਮਾਰ ਦਿਲ ਚਕਰਾ ਗਿਆ।
ਡਾਹਡਾ ਹੀ ਕਾਬੂ ਆ ਗਿਆ।

ਖੁਸ਼ ਚਿੜੀ ਬਾਜ਼ ਬੇ ਹੋਸ਼ ਸੀ।
ਬੇਖ਼ਬਰ ਤੇ ਖ਼ਾਮੋਸ਼ ਸੀ।
ਮੈਂ ਸਮਝਿਆ ਕਿ ਡਰ ਗਿਆ।
ਇਹ ਸਖ਼ਤ ਗਲਤੀ ਕਰ ਗਿਆ।
ਇਹ ਚਿੜੀ ਕੋਲੋਂ ਹਰ ਗਿਆ।
ਹਰਿਆ ਨਹੀਂ ਇਹ ਤੇ ਮਰ ਗਿਆ।
ਪਲ ਵਿਚ ਹੀ ਸਾਹ ਸਤ ਰੁਕ ਗਿਆ।
ਉਹਦਾ ਦਾਣਾ ਪਾਣੀ ਮੁਕ ਗਿਆ।

ਮੈਂ ਦਿਲ ਦੇ ਵਿਚ ਹੈਰਾਨ ਸਾਂ।
ਸੋਚਾਂ ਦੇ ਵਿਚ ਗਲਤਾਨ ਸਾਂ।
ਇਕ ਚਿੜੀ ਮਾਰੇ ਬਾਜ਼ ਨੂੰ।
ਮੈਂ ਸਮਝਿਆ ਨਾ ਰਾਜ਼ ਨੂੰ।
ਆਖ਼ਿਰ ਹਲਾਈ ਮੈਂ ਜ਼ੁਬਾਨ।
ਪੁੱਛੀ ਚਿੜੀ ਤੋਂ ਦਾਸਤਾਨ।
ਜਿੱਤੀ ਏ ਖ਼ੂਬ ਲੜਾਈ ਤੂੰ।
ਤਾਕਤ ਕਿਵੇਂ ਇਹ ਪਾਈ ਤੂੰ।
ਮੂੰਹ ਚਿੜੀ ਨੇ ਫਿਰ ਖੋਲ੍ਹਿਆ।
ਕਹਿੰਦੀ ਏ ਸੁਣ ਓ ਭੋਲਿਆ।
ਜੰਗਲ ਚ ਇਕ ਲੰਮੀ ਖਜੂਰ।
ਆਬਾਦੀਆਂ ਸ਼ਹਿਰਾਂ ਤੋਂ ਦੂਰ।
ਜਿਥੇ ਵੇ ਮੇਰਾ ਆਲ੍ਹਣਾ।
ਹੁੰਦੀ ਏ ਮੇਰੀ ਪਾਲਣਾ।

ਇਕ ਦਿਨ ਸੀ ਵਕਤ ਦੁਪਹਿਰ ਦਾ।
ਗਰਮੀ ਤੇ ਤਾਅ ਸੀ ਕਹਿਰ ਦਾ।

ਮੈਂ ਤਪਸ਼ ਤੋਂ ਘਬਰਾ ਗਈ।
ਆਲ੍ਹਣੇ ਚੋਂ ਬਾਹਰ ਆ ਗਈ।
ਡਿਠਾ ਜਵਾਨ ਇਕ ਆ ਰਿਹਾ।
ਪ੍ਰਿਥਵੀ ਆਕਾਸ਼ ਥੱਰਾ ਰਿਹਾ।
ਚੇਹਰਾ ਵੀ ਨੂਰੋ ਨੂਰ ਸੀ।
ਤਾਕਤ ਦੇ ਵਿਚ ਭਰਪੂਰ ਸੀ।
ਯੋਧਾ ਉਹ ਸ਼ਾਹਸਵਾਰ ਸੀ।
ਦਿਸਦਾ ਕੋਈ ਸਰਦਾਰ ਸੀ।
ਉਹਦੇ ਗਾਤਰੇ ਕਿਰਪਾਨ ਸੀ।
ਉਸਦੀ ਨਿਰਾਲੀ ਸ਼ਾਨ ਸੀ।
ਵਾਸੀ ਪੰਜਾਬ ਦੇ ਦੇਸ਼ ਦਾ।
ਉਹ ਸਿਖ ਸੀ ਦਸ਼ਮੇਸ਼ ਦਾ।

ਅੰਮ੍ਰਿਤ ਦਾ ਬਾਟਾ ਕੋਲ ਸੀ।
ਸੌਂਹ ਰੱਬ ਦੀ ਅਨਮੋਲ ਸੀ।
ਛਾਂ ਤਕ ਕੇ ਉਹ ਭੌਂ ਗਿਆ।
ਇਕ ਬੋਹੜ ਥੱਲੇ ਸੌਂ ਗਿਆ।
ਛਾਇਆ ਸਨਾਟਾ ਵੇਖ ਕੇ।
ਅੰਮ੍ਰਿਤ ਦਾ ਬਾਟਾ ਵੇਖ ਕੇ।
ਦਿਲ ਵਿਚ ਦਲੇਰੀ ਕਰਲਈ।
ਇਕ ਚੁੰਜ ਮੈਂ ਵੀ ਭਰ ਲਈ।
'ਦੀਪਕ' ਇਹ ਸ਼ਕਤੀ ਆ ਗਈ।
ਸ਼ੇਰਾਂ ਦੇ ਵਾਂਗ ਬਣਾ ਗਈ।
ਇਹ ਬਾਜ਼ ਜੋ ਸ਼ਹਿਜ਼ੋਰ ਸੀ।
ਪਰ ਮੇਰੇ ਲਈ ਕਮਜ਼ੋਰ ਸੀ।

************



ਕੇਸ ਸੰਭਾਲ ਦਿਵਸ ਸਮਰਪਿਤ
ਸ਼ਹੀਦੀ ਭਾਈ ਤਾਰੂ ਸਿੰਘ ਜੀ

# ਨਿਭ ਜਾਏ ਕੇਸਾਂ–ਸਵਾਸਾਂ ਦੇ ਨਾਲ ਸਿੱਖੀ

ਧੰਨ ਗੁਰੂ ਨਾਨਕ ਪਹਿਲੀ ਪਾਤਸ਼ਾਹੀ,
ਜਿਸ ਨੇ ਬਖ਼ਸ਼ੀ ਹੈ ਬੇਮਿਸਾਲ ਸਿੱਖੀ।
ਏਸ ਜੋਤ ਅਗੋਂ ਦਸਵੀਂ ਜੋਤ ਤਾਈਂ,
ਜੀ ਜਾਨ ਨਾਲ ਲਈ ਸੰਭਾਲ ਸਿੱਖੀ।
ਤੱਤੀ ਤਵੀ ਤੇ ਬੈਠ ਕੇ ਗੁਰੂ ਅਰਜਨ,
ਕਰਤੀ ਸੂਰਜ ਜਹੀ ਸੁਰਖ਼ ਤੇ ਲਾਲ ਸਿੱਖੀ।
ਛੇਵੇਂ ਗੁਰੂ ਹਰ ਗੋਬਿੰਦ ਸਿੰਘ ਆਖਿਆ ਹੈ,
ਮਾਲਾ ਪਹਿਨਣ ਦਾ ਛਡੇ ਖ਼ਿਆਲ ਸਿੱਖੀ।
ਲੈਸ ਹੋ ਕੇ ਸ਼ਸਤਰਾਂ ਨਾਲ ਆਏ,
ਨੇਜ਼ੇ ਭਾਲੇ ਸਜਾ ਕੇ ਢਾਲ ਸਿੱਖੀ।
ਜਾਨ ਜਾਵੇ ਤਾਂ ਜਾਵੇ ਫੇਰ ਆਖੇ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

ਤੇਗ਼ ਬਹਾਦਰ ਜੀ ਚਾਂਦਨੀ ਚੌਕ ਅੰਦਰ,
ਸਿੱਖੀ ਵਾਸਤੇ ਸੀਸ ਸੀ ਵਾਰ ਦਿੱਤਾ।
ਤਿਲਕ ਜੰਜੂਆਂ ਦਾ ਰਾਖਾ ਬਣ ਗਿਆ,
ਉਹ ਧੋਤੀ ਟੋਪੀ ਨੂੰ ਪੈਰੀਂ ਖਲਿਹਾਰ ਦਿੱਤਾ।
ਸਤੀ ਦਾਸ ਨੇ ਅੱਗ ਵਿਚ ਸੜਕੇ ਤੇ,
ਅਪਣੇ ਆਪ ਨੂੰ ਕਰ ਨਿਸਾਰ ਦਿੱਤਾ।
ਮਤੀ ਦਾਸ ਚਿਰਵਾ ਕੇ ਤਨ ਆਪਣਾ,
ਏਸ ਸਿੱਖੀ ਨੂੰ ਹੋਰ ਨਿਖਾਰ ਦਿੱਤਾ।
ਕੀਤੀ ਸੀ ਨਾ ਪਰ ਸਿਰੜਾ ਜਾਣ ਦਿੱਤਾ,
ਐਸਾ ਕਰ ਵਖਾਇਆ ਕਮਾਲ ਸਿੱਖੀ।
ਸਿਦਕੀ ਸਿੱਖਾਂ ਦੇ ਮੂੰਹੋਂ ਆਵਾਜ਼ ਆਵੇ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

ਗੋਬਿੰਦ ਸਿੰਘ ਨੇ ਖ਼ਾਲਸਾ ਸਾਜ ਕਿਹਾ,
ਰਹਿਣੀ ਬਹਿਣੀ ਵਿਚ ਰਹਿਣਾ ਹੁਣ ਖ਼ਾਲਸਾ ਜੀ।
ਇਹ ਜੋ ਬਖ਼ਸ਼ ਨੇ ਪੰਜ ਕਕਾਰ ਦਿੱਤੇ,
ਤੁਹਾਡਾ ਇਹੋ ਹੈ ਗਹਿਣਾ ਹੁਣ ਖ਼ਾਲਸਾ ਜੀ।
ਬਾਣੀ ਅਤੇ ਏਸ ਬਾਣੇ ਨੂੰ ਭੁਲਣਾ ਨਹੀਂ,
ਭਰਮਾਂ ਵਿਚ ਨਾ ਪੈਣਾ ਹੁਣ ਖ਼ਾਲਸਾ ਜੀ।
ਹੱਕ ਅਤੇ ਨਿਆਂ ਲਈ ਸਦਾ ਲੜਨਾ,
ਜ਼ੁਲਮ ਕਰਨਾ ਨਾ ਸਹਿਣਾ ਹੁਣ ਖ਼ਾਲਸਾ ਜੀ।
ਇਹ ਜੋ ਰਹਿਤ ਪਿਆਰੀ ਮੁਝ ਕੋ ਹੈ,
ਸਿੱਖ ਪਿਆਰਾ ਨਾਂਹਿ ਕਰੇ ਸਵਾਲ ਸਿੱਖੀ।
ਮਰ ਕੇ ਵੀ ਨਿਭਾਉਣੀ ਹੈ ਯਾਦ ਰਖਣਾ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

ਸਿੱਖ ਗੁਰੂ ਤਾਰੂ ਦਾ ਸੀ ਸਿੰਘ ਜਿਸ ਨੇ,
ਸਿੱਖੀ ਵਾਸਤੇ ਜਾਨ ਲੁਟਾ ਦਿੱਤੀ।
ਬਿਨਾਂ ਵਜ੍ਹਾ ਹਕੂਮਤ ਦੇ ਨਸ਼ੇ ਅੰਦਰ,
ਮਨ ਚਾਹੀ ਸੀ ਓਹਨੂੰ ਸਜ਼ਾ ਦਿੱਤੀ।
ਇਸਲਾਮ ਮੰਨੋ ਤੇ ਕੇਸ ਕਟਾ ਦੇਵੋ,
ਅਗੋਂ ਸਿੱਖ ਨੇ ਨਾਂਹ ਸੁਣਾ ਦਿੱਤੀ।
ਕੱਟੇ ਗਏ ਕੇਸ ਜਦ ਸੂਰਮੇ ਦੇ,
ਕੇਸਾਂ ਸਣੇ ਹੀ ਖੋਪਰੀ ਲੁਹਾ ਦਿੱਤੀ।
ਲੱਖ ਜਤਨ ਕੀਤੇ ਭਾਵੇਂ ਜ਼ਾਲਮਾਂ ਨੇ,
ਕਟਨ ਦਿੱਤੇ ਨਾ ਆਪਣੇ ਵਾਲ ਸਿੱਖੀ।
ਰੋਮ ਰੋਮ ਪਿਆ ਓਦੋਂ ਪੁਕਾਰਦਾ ਸੀ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

ਏਸ ਸਿੱਖੀ ਲਈ ਭਾਈ ਮਨੀ ਸਿੰਘ ਜੀ,
ਹੱਸ ਹੱਸ ਕੇ ਸੀ ਕੁਰਬਾਨ ਹੋਇਆ।
ਬੰਦ ਬੰਦ ਕਹਿੰਦੇ ਇਹਦਾ ਕਟ ਦੇਵੋ,
ਸੁਣ ਕੇ ਸਿੰਘ ਨਾ ਰਤਾ ਪਰੇਸ਼ਾਨ ਹੋਇਆ।
ਕਟਨ ਲਗਾ ਜੱਲਾਦ ਜਦ ਹਥ ਓਹਦਾ,
ਫਿਰ ਸਿੰਘ ਸੀ ਅੰਦਰ ਧਿਆਨ ਹੋਇਆ।
ਕਹਿਣ ਲੱਗਾ ਜੱਲਾਦ ਨੂੰ ਓਸ ਵੇਲੇ,
ਉਹੋ ਕਰ ਜੋ ਤੈਨੂੰ ਫ਼ਰਮਾਨ ਹੋਇਆ।



ਪੋਟਾ ਪੋਟਾ ਤੇ ਕਟ ਲੈ ਤੂੰ ਪਹਿਲਾਂ,
ਗੁਟ ਫੇਰ ਕਟਾਊ ਹਰ ਹਾਲ ਸਿੱਖੀ।
ਜਦ ਤਕ ਜਾਨ ਵਿਚ ਜਾਨ ਹੈ ਸਿੱਖ ਆਖੂ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

ਵੇਖ ਵੇਖ ਕੇ ਅੱਜ ਹੈ ਦੁਖ ਹੁੰਦਾ,
ਅਸੀਂ ਕੀ ਸਾਂ ਕਿੱਧਰ ਨੂੰ ਜਾ ਰਹੇ ਹਾਂ।
ਪਤਤ ਪੁਣੇ ਦਾ ਜਾਮਾ ਪਾ ਲਿਆ ਹੈ,
ਮੋਹਰ ਗੁਰੂ ਦੀ ਤਾਈਂ ਮਿਟਾ ਰਹੇ ਹਾਂ।
ਖਾਣਾ ਪੀਣਾ ਜੋ ਅਸਲੀ ਭੁੱਲ ਗਏ ਹਾਂ,
ਅੰਮ੍ਰਿਤ ਛੱਡ ਕੇ ਬਿਖ ਹੀ ਖਾ ਰਹੇ ਹਾਂ।
ਸੋਨੇ ਵਰਗੀ ਇਸ ਦੇਹੀ ਨੂੰ ਨਸ਼ੇ ਪੀ ਪੀ,
ਭਾੜੇ ਭੰਗ ਦੇ ਐਵੇਂ ਗਵਾ ਰਹੇ ਹਾਂ।
ਏਸ ਯੁਗ ਦੇ ਰਹਿਬਰੋ ਕਹੇ 'ਦੀਪਕ'
ਕਰੀ ਬੈਠੀ ਹੈ ਟੇਢੀ ਜੋ ਚਾਲ ਸਿੱਖੀ।
ਰਲ ਕੇ ਹੰਭਲਾ ਮਾਰੋ ਬਚਾਓ ਇਸ ਨੂੰ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਸਿੱਖੀ।

****************

## ਫੁਹਾਰਾ

ਦਿੱਲੀ ਦਾ ਇਹ ਫੁਹਾਰਾ ਗੁਰ ਤੇਗ ਦੀ ਨਿਸ਼ਾਨੀ।
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ............................।

ਮੈਂ ਏਸ ਨੂੰ ਹਾਂ ਪਹਿਲੇ ਸਜਦੇ ਸਲਾਮ ਕਰਨਾਂ
ਮੈਂ ਪੇਸ਼ ਇਸ ਤੋਂ ਅੱਗੇ ਆਪਣਾ ਕਮਾਲ ਕਰਨਾਂ
ਇਸ ਨੇ ਲਹੂ ਦੇ ਅੰਦਰ ਅਸ਼ਨਾਨ ਪਾਨ ਕੀਤਾ
ਪਰ ਹਾਕਮਾਂ ਨੇ ਇਸ ਦਾ, ਨਹੀਉ ਧਿਆਨ ਕੀਤਾ

ਕਵਿਤਾ ਮੇਰੀ ਹੈ ਕਰਦੀ, ਇਸਦੀ ਹੀ ਤਰਜਮਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਜਿਸ ਨੇ ਇਹ ਖ਼ੂਨ ਡਿਠਾ-ਪੱਥਰ ਉਹ ਹੋ ਗਿਆ ਸੀ
ਮੁਗਲਾ ਦੀ ਨੀਤ ਉਤੇ-ਜੀ ਭਰ ਕੇ ਰੋ ਗਿਆ ਸੀ
ਜਿਸਨੇ ਸੀ ਅੱਗ ਲਾਈ- ਜਿਸਨੇ ਸੀ ਕੀਤਾ ਕੀਨਾ
ਬੰਦਾ ਨਾ ਹੋਊ ਬੰਦਾ, ਓਹ ਰਾਖਸ਼ਸ਼ ਕਮੀਨਾ
ਓਹ ਜਨਮ ਲੈ ਕੇ ਰੱਬ ਤੋਂ, ਰੱਬ ਨੂੰ ਡਰਾ ਰਿਹਾ ਹੈ
ਇਖ਼ਲਾਕ ਆਪਣੇ ਨੂੰ ਲਾਂਬੂ ਲਗਾ ਰਿਹਾ ਹੈ
ਮੈਥੋਂ ਸੁਣਾਈ ਜਾਂਦੀ, ਗਾਥਾ ਨਾ ਇਹ ਜ਼ਬਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਏਥੇ ਸੀ ਜੋ ਬਹਾਰਾਂ, ਬਣ ਗਈਆਂ ਮਾਰੂਥਲ ਸੀ
ਏਨੀ ਸੀ ਤਪਸ਼ ਏਥੇ, ਹੁੰਦੀ ਨਾ ਜਿਹੜੀ ਝੱਲ ਸੀ
ਸਭ ਨਜ਼ਰ ਮੈਨੂੰ ਆਵਣ, ਲਗੀਆਂ ਚੁਫੇਰ ਅੱਗਾਂ
ਸ਼ੇਰਾਂ ਨੂੰ ਘੇਰਾ ਪਾਇਆ, ਮੁਗਲਾਂ ਦਿਆਂ ਸੀ ਵੱਗਾਂ
ਇਸ ਮੌਤ ਦਾ ਕੀ ਹੁੰਦਾ, ਆਣੀ ਹੀ ਆਣੀ ਹੁੰਦੀ
ਇਸ ਜਾਨ ਦਾ ਕੀ ਹੁੰਦਾ, ਜਾਣੀ ਹੀ ਜਾਣੀ ਹੁੰਦੀ
ਕਦ ਟੁੱਟੇ ਕੀ ਪਤਾ ਹੈ, ਸਾਹਾਂ ਦੀ ਇਹ ਜੋ ਗਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਨੀਂਗਰ ਆਜ਼ਦੀਆਂ ਦਾ ਪਿੰਜਰੇ ਚ ਕੈਦ ਹੋਇਆ
ਤਦ ਬੇ-ਆਰਾਮ ਦਿੱਲੀ ਦਾ ਤਖ਼ਤ ਸ਼ਾਇਦ ਹੋਇਆ
ਸੂਰਜ ਦੇ ਤਾਈਂ ਮੂਰਖ, ਹੱਥਾਂ ਚ ਫੜਨ ਲੱਗੇ
ਓਹ ਪਾਪ ਵਾਲੀ ਪਉੜੀ ਦੇ ਉਤੇ ਚੜ੍ਹਨ ਲੱਗੇ



ਲਗਦਾ ਕਿ ਚੌਂਕ ਅੰਦਰ ਮਜਮਾ ਪਿਆ ਸੀ ਲੱਗਾ
ਕੁੱਲ ਜ਼ਲਮਾਂ ਦਾ ਚਿਹਰਾ, ਹੋਇਆ ਸੀ ਬੱਗਾ ਬੱਗਾ
ਡਰਦੇ ਸੀ ਕਿਧਰੇ ਦਿੱਲੀ ਦੀ ਹੋ ਨਾ ਜਾਏ ਹਾਨੀ
ਲੇਖੇ ਧਰਮ ਦੇ ਲਾਈ ਜਿਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਕਿਧਰੇ ਹੈ ਕੋਈ ਡਿਠਾ, ਰੂੰ ਬੰਨ੍ਹ ਕੇ ਜਲਾਇਆ
ਕਿਧਰੇ ਹੈ ਕੋਈ ਡਿਠਾ ਵਿਚ ਦੇਗ਼ ਦੇ ਬਹਾਇਆ
ਕਿਧਰੇ ਹੈ ਸਿਰ ਤੇ ਫਿਰਦਾ ਵੇਖੋ ਜੋ ਖ਼ੂਨੀ ਆਰਾ
ਮੈਂ ਪਾਠ ਕਰਦਾ ਡਿਠਾ ਹੈ ਰੱਬ ਦਾ ਪਿਆਰਾ
ਜਦ ਵੀ ਇਹ ਮੌਤ ਆਏ, ਅੱਜ ਆਏ ਜਾਂ ਇਹ ਕੱਲ੍ਹ ਨੂੰ
ਮੂੰਹ ਮੇਰਾ ਰਖਣਾ ਹੈ ਬਸ ਪਿੰਜਰੇ ਦੇ ਵਲ ਨੂੰ
ਕਾਤਲ ਨੂੰ ਕਹਿੰਦਾ ਕਰ ਲੈ ਜੋ ਵੀ ਤੂੰ ਮਨ ’ਚ ਠਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ............................।

ਇਕ ਸੂਰਜ ਡੁਬ ਰਿਹਾ ਹੈ ਇਕ ਸੂਰਜ ਚੜ੍ਹ ਰਿਹਾ ਹੈ
ਕਸ਼ਮੀਰ ਦੇ ਲਈ ਬੈਠਾ ਅਜ ਭਗਵਾਨ ਲੜ ਰਿਹਾ ਹੈ
ਵੱਡਾ ਅਨਰਥ ਹੋਇਆ ਝੱਖੜ ਹਨੇਰੀ ਝੁੱਲੇ
ਲਗਦਾ ਸੀ ਦਿੱਲੀ ਸਾਰੀ ਓਦਨ ਨਾ ਬਾਲੇ ਚੁੱਲ੍ਹੇ
ਭੱਜੇ ਸੀ ਲੋਕੀਂ ਜਾਂਦੇ ਕਢਦੇ ਪਏ ਸੀ ਹਾੜੇ
ਕਹਿੰਦੇ ਔਰੰਗੇ ਦੇ ਦਿਨ ਹੁਣ ਆ ਗਏ ਨੇ ਮਾੜੇ
ਸੋਚਾਂ ਦੇ ਵਿਚ ਡੁੱਬੇ ਜੋ ਰੱਬ ਦੇ ਗਿਆਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਲਗਦਾ ਸੀ ਦਿੱਲੀ ਸਾਰੀ ਓਦਨ ਨਾ ਬਾਲੇ ਚੁੱਲ੍ਹੇ
ਭੱਜੇ ਸੀ ਲੋਕੀਂ ਜਾਂਦੇ ਕਢਦੇ ਪਏ ਸੀ ਹਾੜੇ

ਕਹਿੰਦੇ ਔਰੰਗੇ ਦੇ ਦਿਨ ਹੁਣ ਆ ਗਏ ਨੇ ਮਾੜੇ
ਸੋਚਾਂ ਦੇ ਵਿਚ ਡੁੱਬੇ ਜੋ ਰੱਬ ਦੇ ਗਿਆਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਕੋਈ ਸੀਸ ਲੈ ਕੇ ਭੱਜਾ ਧੜ ਕੋਈ ਸੀ ਲਿਆਇਆ
ਕਿਤੇ ਸੀਸ ਸੀ ਜਲਾਇਆ, ਧੜ ਸੀ ਕਿਤੇ ਜਲਾਇਆ
ਘਰ ਨੂੰ ਜਲਾ ਕੇ ਲੱਖੀ ਲੱਖਾਂ ਦਾ ਹੋ ਗਿਆ ਸੀ
ਤੇ ਮੁਗ਼ਲ ਰਾਜ ਸਾਰਾ ਕੱਖਾਂ ਦਾ ਹੋ ਗਿਆ ਸੀ
ਰੰਗਰੇਟਾ ਗੁਰੂ ਕਾ ਬੇਟਾ, ਤਦ ਬਣ ਗਿਆ ਸੀ ਜੈਤਾ
ਆਨੰਦਪੁਰ ਦੇ ਅੰਦਰ ਦਸ਼ਮੇਸ਼ ਏਨਾ ਕਹਿ ਤਾ
ਦੋਵੇਂ ਹੀ ਬਣ ਗਏ ਹੋ- ਅਜ ਮੇਰੇ ਦਿਲ ਦੇ ਜਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ ..............................।

ਸਾਕੀ ਸਣੇ ਹੀ ਰਿੰਦਾਂ ਇਹ ਅਮਰ ਜਾਮ ਪੀਤੇ
ਅਗੋਂ ਸਵਾਰ ਆਪਣੇ, ਗੋਬਿੰਦ ਦੇ ਨਾਮ ਕੀਤੇ
ਚੁਣ ਚੁਣ ਕੇ ਜਿਸਨੇ ਬਦਲੇ-ਮੁਗਲਾਂ ਦੇ ਕੋਲੋਂ ਲੈਣੇ
ਬਦਲੇ ਗਾ ਹੁਣ ਜ਼ਮਾਨਾ ਜ਼ਲਮ ਨਾ ਉੱਕਾ ਰਹਿਣੇ
ਗੋਬਿੰਦ ਸਿੰਘ ਕੀਤੇ ਫਿਰ ਕਾਜ ਸੀ ਨਿਆਰੇ
ਅੰਮ੍ਰਿਤ ਦੀ ਦਾਤ ਦੇ ਕੇ, ਸਾਜੇ ਸੀ ਪੰਜ ਪਿਆਰੇ
ਹੈ ਕੌਮ ਉਤੇ 'ਦੀਪਕ' ਕਰ ਛੱਡੀ ਮਿਹਰਬਾਨੀ
ਲੇਖੇ ਧਰਮ ਦੇ ਲਾਈ ਜਿੰਨ੍ਹਾਂ ਨੇ ਜ਼ਿੰਦਗਾਨੀ।
ਦਿੱਲੀ ਦਾ ਫੁਹਾਰਾ .................................।

***********



# ਭੰਗਾਣੀ ਦਾ ਯੁੱਧ

ਦੇਸ਼ ਧਰਮ ਦੀ ਰੱਖਿਆ ਕਰਨ ਦੇ ਲਈ,
ਮਥਾ ਵੈਰੀ ਨਾਲ ਲਾਇਆ ਤਾਂ ਯੋਧਿਆਂ ਨੇ।
ਕਰ ਕੇ ਪਾਲਣਾ ਗੁਰੂ ਦੇ ਹੁਕਮ ਵਾਲੀ,
ਮੋਇਆ ਦੇਸ਼ ਬਚਾਇਆ ਤਾਂ ਯੋਧਿਆਂ ਨੇ।
ਨਾਲ ਜੁਰੱਅਤ ਦੇ ਪਹਾੜੀ ਰਾਜਿਆ ਦਾ,
ਜੇ ਕਰ ਸੀਸ ਝੁਕਾਇਆ ਤਾਂ ਯੋਧਿਆਂ ਨੇ।
ਬਾਈ ਧਾਰ ਦੇ ਧਾੜਵੀ ਰਾਜਿਆਂ ਨੂੰ,
ਜੰਗ ਵਿਚੋਂ ਭਜਾਇਆ ਤਾਂ ਯੋਧਿਆਂ ਨੇ।

ਜੰਗ ਜਿੱਤਣ ਲਈ ਗੁਰੂ ਦੇ ਸੂਰਬੀਰਾਂ,
ਅਗੇ ਹੋ ਹ ਕੌ ਤੇਗ਼ਾਂ ਮਾਰੀਆਂ ਨੇ।
ਸੱਟਾਂ ਮਾਰੀਆਂ ਜਿਹੜੀਆਂ ਜੋਧਿਆਂ ਨੇ,
ਵੈਰੀ ਕਹਿੰਦੇ ਨਾ ਜਾਣ ਸਹਾਰੀਆਂ ਨੇ।

ਮਿਲਕੇ ਪਹਾੜੀ ਰਾਜਿਆਂ ਇਕੱਠ ਕੀਤਾ,
ਜੰਗ ਕਰਨ ਦੀਆਂ ਅੱਗਾਂ ਭੜਕੀਆਂ ਨੇ।
ਉਤਰੇ ਬੀਰ ਬਾਂਕੇ ਸਿੱਖ ਮੰਦਾਨ ਅੰਦਰ,
ਵੈਰੀ ਕੰਬ ਗਏ ਛਾਤੀਆਂ ਧੜਕੀਆਂ ਨੇ।
ਲੱਭੇ ਰਾਹ ਨਾ ਨੱਸਦੇ ਵੈਰੀਆਂ ਨੂੰ,
ਤੇਗ਼ਾਂ ਨਾਲ ਤੇਗ਼ਾਂ ਜਦੋਂ ਖੜਕੀਆਂ ਨੇ।
ਸਿੱਖ ਗੁਰੂ ਦੇ ਜਿਧਰ ਵੀ ਵਾਰ ਕਰਦੇ,
ਦੁਸ਼ਮਮਨ ਸਮਝਦੇ ਬਿਜਲੀਆਂ ਕੜਕੀਆਂ ਨੇ।

ਤੋਬਾ! ਤੋਬਾ ਕੀਤੀ ਤੇਰੇ ਦੁਸ਼ਮਣਾਂ ਨੇ,
ਤੇਰੇ ਤੀਰਾਂ ਨੇ ਤਾਰੇ ਤਰੋੜ ਦਿੱਤੇ।
ਬੰਨ੍ਹ ਮੋਰਚਾ ਭੰਗਾਣੀ ਦੀ ਜੰਗ ਅੰਦਰ,
ਵੈਰੀ ਦਲਾਂ ਦੇ ਮੂੰਹ ਸੀ ਮੋੜ ਦਿੱਤੇ।

ਕਲਗ਼ੀ ਵਾਲੇ ਸਤਿਗੁਰੂ ਦੇ ਸਿੰਘ ਸੂਰੇ,
ਕਦੇ ਤੇਗ਼ਾਂ ਤਲਵਾਰਾਂ ਨਾਲ ਮੁਕਦੇ ਨਹੀਂ।
ਲਕਸ਼ ਕੋਈ ਵੀ ਜਿਨ੍ਹਾਂ ਦੀ ਜ਼ਿੰਦਗੀ ਦਾ,
ਉਹ ਨਿਸ਼ਾਨੇ ਤੋਂ ਕਦੇ ਵੀ ਉਕਦੇ ਨਹੀਂ।
ਆਵੇ ਜਦੋਂ ਵੀ ਰੁੱਤ ਸ਼ਹੀਦੀਆਂ ਦੀ,
ਜਜ਼ਬੇ ਵੀਰਾਂ ਜਵਾਨਾਂ ਦੇ ਰੁਕਦੇ ਨਹੀਂ।
ਸੀਸ ਸਿੱਖਾਂ ਦੇ ਕੱਟੇ ਤਾਂ ਜਾ ਸਕਦੇ,
ਐਪਰ ਕਿਸੇ ਦੇ ਅਗੇ ਇਹੇ ਝੁਕਦੇ ਨਹੀਂ।

ਸਿੱਖ ਪੰਥ ਵਾਲੀ ਜਗਦੀ ਸ਼ਮ੍ਹਾ ਉੱਤੇ,
ਤਨ ਮਨ ਕੀਤਾ ਨਛਾਵਰ ਪਰਵਾਨਿਆਂ ਨੇ।
ਰੰਗ ਅਜਬ ਜਹਾਨ ਤੇ ਲੈ ਆਂਦਾ,
ਦਰਦੀ ਪੰਥ ਦੇ ਦੇਸ਼ ਦੀਵਾਨਿਆਂ ਨੇ।

ਐਸੀ ਜੰਗ ਵਿਚ ਸਿੱਖਾਂ ਨੇ ਤੇਗ਼ ਵਾਹੀ,
ਪੜਛੇ ਲਾਹ ਤੇ ਓਹਨਾਂ ਹਤਿਆਰਿਆਂ ਦੇ।
ਲਹੂ ਨਾਲ ਰਣ ਭੂਮੀ ਸੀ ਲਾਲ ਹੋਈ,
ਰੰਗ ਲਾਲ ਹੋ ਗਏ ਅੰਬਰੀ ਤਾਰਿਆਂ ਦੇ।
ਲਾੜੀ ਮੌਤ ਨੂੰ ਵਰਨ ਲਈ ਆਏ ਯੋਧੇ,
ਚੜ੍ਹੀ ਫ਼ੌਜ ਸੀ ਨਾਲ ਜੈਕਾਰਿਆਂ ਦੇ।
ਲਾਲੀ ਚੜ੍ਹੀ ਵੇਖ ਸਿੱਖਾਂ ਦੇ ਚਿਹਰਿਆਂ ਤੇ,
ਰੰਗ ਫ਼ਕ ਹੋ ਗਏ ਵੈਰੀ ਸਾਰਿਆਂ ਦੇ।

ਅੱਖੀਂ ਡਿੱਠਾ ਨਜ਼ਾਰਾ ਗੋਬਿੰਦ ਸਾਰਾ,
ਲਗ ਲਾਸ਼ਾਂ ਦਾ ਝੱਟ ਅੰਬਾਰ ਗਿਆ।
ਜਿੱਤ ਹੋ ਗਈ ਮੇਰੇ ਪਾਤਸ਼ਾਹ ਦੀ,
ਲਸ਼ਕਰ ਵੈਰੀ ਦਾ ਜੰਗ ਵਿਚ ਹਾਰ ਗਿਆ।



ਪੀਰ ਬੁਧੂਸ਼ਾਹ ਦੇ ਹੈ ਸੀ ਕਹਿਣ ਉੱਤੇ,
ਕੱਝ ਸਰਦਾਰ ਰੱਖੇ ਨੌਕਰ ਕੋਲ ਹੈ ਸਨ।
ਕਾਲੇ ਖ਼ਾਂ ਨਜਾਮਤ ਖ਼ਾਂ ਵਰਗੇ,
ਦੁੱਖ ਦਸਦੇ ਗੁਰਾਂ ਨੂੰ ਖੋਲ੍ਹ ਹੈ ਸਨ।
ਹਯਾਤ ਖ਼ਾਂ ਤੇ ਭੀਖਨ ਖ਼ਾਂ ਸਾਰੇ,
ਗਏ ਔਰੰਗੇ ਦੇ ਜਬਰ ਤੋਂ ਡੋਲ ਹੈ ਸਨ।
ਇਹ ਸਨ ਦਾਮਨਾ ਕਸਬੇ ਦੇ ਰਹਿਣ ਵਾਲੇ,
ਪੱਖੇ ਵਾਂਗਰਾਂ ਮਾਰਦੇ ਝੋਲ ਹੈ ਸਨ।

ਦਰਅਸਲ ਇਹ ਸਾਰੇ ਸਰਦਾਰ ਜਿਹੜੇ,
ਔਰੰਗ ਜ਼ੇਬ ਤੋਂ ਡਾਹਡੇ ਸਤਾਏ ਹੋਏ ਸਨ।
ਰਹਿੰਦੇ ਘੁੰਮਦੇ ਥਾਂ ਕੁਥਾਂ ਸਾਰੇ,
ਪੰਜ ਸੌ ਘੋੜ ਸਵਾਰਾਂ ਨਾਲ ਆਏ ਹੋਏ ਸਨ।

ਪਾਉਂਟਾ ਸਾਹਿਬ ਵਿਚ ਰਹਿ ਕੇ ਗੁਰੂ ਜੀ ਨੇ,
ਵੱਡਾ ਯੁਧ ਭੰਗਾਣੀ ਦਾ ਲੜਿਆ ਹੈ ਸੀ।
ਜੰਗ ਵਿੱਚ ਨ ਸਾਹਮਣੇ ਸੂਰਿਆਂ ਦੇ,
ਕੋਈ ਆਕੀ ਨਾ ਆਣ ਕੇ ਖੜਿਆ ਹੈ ਸੀ।
ਜੇਹੜਾ ਖੜਿਆ ਉਹ ਮਰ ਗਿਆ ਬੇ-ਮੋਤੇ,
ਜਾਂ ਫਿਰ ਪੱਤਿਆਂ ਵਾਗਰਾਂ ਝੜਿਆ ਹੈ ਸੀ।
ਪਹਾੜੀ ਰਾਜਿਆਂ ਈਰਖਾ ਵੱਸ ਹੋ ਕੇ,
ਬਹਾਨਾਂ ਜੰਗ ਦੇ ਕਰਨ ਦਾ ਘੜਿਆ ਹੈ ਸੀ।

ਜੰਗ ਜਿੱਤਿਆ ਗੁਰਾਂ ਨੇ ਜਦੋਂ 'ਦੀਪਕ'
ਸਾਰੇ ਲੋਕਾਂ ਨੇ ਸੁਖ ਦਾ ਸਾਹ ਲਿਆ।
ਮਾਰੇ ਸ਼ਰਮ ਦੇ ਰਾਜੇ ਨਾ ਸਿਰ ਚੁਕਣ,
ਜਿਨ੍ਹਾਂ ਚੁਕਿਆ ਉਹਨਾਂ ਝੁਕਾ ਲਿਆ।

************

# ਖੋਪਰ ਕੇਸਾਂ ਦੇ ਸਣੇ ਲੁਹਾ ਦਈਏ।

ਪਤੱਤ ਪੁਣੇ ਦੀ ਚੜ੍ਹੀ ਜੋ ਆਏ ਨ੍ਹੇਰੀਂ,
ਓਸ ਨ੍ਹੇਰੀ ਨੂੰ ਰੋਕ ਵਖਾ ਦਈਏ।
ਭਰਮਾਂ ਵਿੱਚ ਜੋ ਪਏ ਨੇ ਖ਼ਲਸਾ ਜੀ,
ਭਰਮ ਓਹਨਾਂ ਦੇ ਸਾਰੇ ਮਿਟਾ ਦਈਏ।
ਗਲ ਮੁਕਦੀ ਜਾਪਦੀ ਹੋਵੇ ਜੇਹੜੀ,
ਓਹਨੂੰ ਪਿਆਰ ਨਾਲ ਬੈਠ ਮੁਕਾਦਈਏ।
ਜੇਹੜਾ ਸਿੱਖੀ ਤੋਂ ਹੈ ਅਣਜਾਨ ਹਾਲੇ,
ਓਹਨੂੰ ਸਿੱਖੀ ਦਾ ਸਬਕ ਪੜ੍ਹ ਦਈਏ।
ਪੰਜ ਕੱਕਾਰਾਂ ਵਿੱਚ ਕੇਸਾਂ ਦੀ ਹੋਂਦ ਬਾਰੇ,
ਜਗ ਦੇ ਤਾਈਂ ਇਹ ਬਾਤ ਸਮਝਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।

ਕੇਸਾਂ ਅਤੇ ਸਵਾਸਾਂ ਦੇ ਨਾਲ ਸਿੱਖੀ,
ਨਿਭਾਈ ਜਿਨ੍ਹਾਂ ਹੈ ਓਹਨਾਂ ਦੀ ਗੱਲ ਕਰੀਏ।
ਸਿੱਖੀ ਵਾਸਤੇ ਹੱਸ ਹੱਸ ਕੇ ਸ਼ਹੀਦੀ,
ਪਾਈ ਜਿਨ੍ਹਾਂ ਹੈ ਓਹਨਾਂ ਦੀ ਗੱਲ ਕਰੀਏ।
ਫ਼ੀਸ ਸਿਰਾਂ ਦੀ ਦੇ ਕੇ ਕਹਿਣ ਕੀਤੀ,
ਪੜ੍ਹਾਈ ਜਿਨ੍ਹਾਂ ਹੈ ਓਹਨਾਂ ਦੀ ਗੱਲ ਕਰੀਏ।
ਸਿੱਖੀ ਸਿਦਕ ਲਈ ਬਾਜ਼ੀ ਜਾਨ ਵਾਲੀ,
ਲਾਈ ਜਿਨ੍ਹਾਂ ਹੈ ਓਹਨਾਂ ਦੀ ਗੱਲ ਕਰੀਏ।
ਦਾਬੇ ਮਾਰ ਜੋ ਸਾਨੂੰ ਦਬਾਨ ਆਏ,
ਅਸੀਂ ਓਹਨਾਂ ਦੇ ਤਾਈਂ ਦਬਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।



ਜਿਵੇਂ ਸ਼ਮ੍ਹਾ ਪਰਵਾਨੇ ਦਾ ਮੇਲ ਹੁੰਦਾ,
ਏਦਾਂ ਸਿੱਖ ਤੇ ਸਿੱਖਾਂ ਦੇ ਵਾਲ ਭਾਈ।
ਕੇਸ ਕਟਨੇ ਜਦੋਂ ਜਲਾਦ ਕਿਹਾ,
ਪੈਦਾ ਹੋ ਗਿਆ ਇੱਕ ਸਵਾਲ ਭਾਈ।
ਓਸ ਸਵਾਲ ਦਾ ਹੈ ਸੀ ਜਵਾਬ ਇਕੋ,
ਨਿਭ ਜਾਏ ਕੇਸਾਂ ਸਵਾਸਾਂ ਦੇ ਨਾਲ ਭਾਈ।
ਹੋਣੀ ਮੌਤ ਬਣਕੇ ਜਾਂ ਸਿਰ ਤੇ ਖੜ ਜਾਏ,
ਕੌਣ ਸਕਦਾ ਹੋਣੀ ਨੂੰ ਟਾਲ ਭਾਈ।
ਇਕ ਸਿੱਖ ਸੂਰਾ ਤਾਰੂ ਸਿੰਘ ਆਖੇ,
ਬਸ ਹੁਣ ਮੌਤ ਦਾ ਸਾਥ ਨਿਭਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।

ਮਰੀ ਹੋਈ ਜੋ ਮੱਛੀ ਓਹ ਨਦੀ ਵਾਲੇ,
ਜਿਧਰ ਵਹਿਣ ਵਗਣ ਓਧਰ ਵਗਦੀ ਹੈ।
ਜਿਉਂਦੀ ਮੱਛੀ ਹੈ ਹਮੇਸ਼ਾ ਉਲਟ ਕਰਦੀ,
ਏਸੇ ਤਰ੍ਹਾਂ ਦੀ ਬ੍ਰਿਤੀ ਜਗਦੀ ਹੈ।
ਰੱਬੀ ਸਰੂਪ ਨੂੰ ਦੇਹ ਤਲਾਂਜਲੀ ਨਾ,
ਦੁਨੀਆ ਰੰਗ ਬੰ੍ਗੀ ਜੋ ਠਗਦੀ ਹੈ।
ਜਿਸ ਬੇੜੀ ਦੇ ਵਿੱਚ ਤੂਫ਼ਾਨ ਆ ਜਾਏ,
ਬੇੜੀ ਕਦੇ ਕਿਨਾਰੇ ਨਾ ਲਗਦੀ ਹੈ।
ਜੇਹੜੇ ਮਹਿਲ ਵਿੱਚ ਤੇੜਾਂ ਆ ਜਾਵਨ,
ਓਹਨੂੰ ਜਲਦੀ ਤੋਂ ਜਲਦੀ ਗਿਰਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।

ਅਹਿਮਦ ਸ਼ਾਹ ਅਬਦਲੀ ਨੇ ਜਿਸ ਵੇਲੇ,
ਦਰਬਾਰ ਸਾਹਿਬ ਤੇ ਹੱਲਾ ਬੋਲਿਆ ਸੀ।
ਰਾਖੀ ਕਰਨ ਲਈ (30) ਤੀਹ ਸਿੰਘ ਲੈ ਕੇ,
ਜਥੇਦਾਰ, ਗੁਰਬਖਸ਼ ਸਿੰਘ ਖ਼ੂਨ ਡੋਹਲਿਆਂ ਸੀ।
ਬੋਲੇ ਸੋ ਨਿਹਾਲ ਦੇ ਲਾ ਨਾਅਰੇ,
ਬਾਹੂਬਲ ਫਿਰ ਸਿੰਘਾਂ ਨੇ ਤੋਲਿਆ ਸੀ।
ਕਹਿਣ ਲਗਾ ਕਿ ਤਾਰੂ ਸਿੰਘ ਬਣ ਜਾਓ,
ਸਿੰਘਾਂ ਮਰਨ ਲਈ ਮੋਰਚਾ ਖੋਲ੍ਹਿਆਂ ਸੀ।
ਸੇਹਰਾ ਬੰਨ੍ਹ ਕੇ ਮੌਤ ਦੇ,
ਆਉ ਅਗੋਂ ਸੰਦੇਸ਼ ਘਲਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।

ਕੇਸ ਕਤਲ ਕਰਕੇ ਜੇਹੜਾ ਜਾਨ ਬਖ਼ਸ਼ੇ,
ਐਸੇ ਕਾਤਿਲ ਨੂੰ ਬਖਸ਼ਨਾ ਚਾਹੀਦਾ ਨਹੀਂ।
ਧੱਕੇ ਨਾਲ ਇਸਲਾਮ ਮਨਵਾਏ ਜੇਹੜਾ,
ਭੈ ਓਸ ਤੋਂ ਕਦੇ ਵੀ ਖਾਈ ਦਾ ਨਹੀਂ।
ਅਪਣੇ ਚੇਹਰੇ ਨੂੰ ਆਪੂ ਜੋ ਮੰਨਦਾ ਹੈ,
ਸਿੱਖ ਗੁਰੂ ਦਾ ਓਹ ਅਖਵਾਈ ਦਾ ਨਹੀਂ।
ਮਰ ਜਾਣਾ ਹੈ ਸਦਾ ਚਿਰ ਨਹੀਂ ਰਹਿਣਾ,
ਬੇ ਮੁਖ ਹੋ ਕੇ ਗੁਰੂ ਤੋਂ ਜਾਈ ਦਾ ਨਹੀਂ।
ਗੋਬਿੰਦ ਸਿੰਘ ਦੇ ਬਚਨਾਂ ਨੂੰ ਪਾਲ ਕੇ ਤੇ,
ਸਿੱਖੀ ਸਿਦਕ ਦੇ 'ਦੀਪਕ' ਜਗਾ ਦਈਏ।
ਅਸਾਂ ਕੇਸ ਨਹੀਂ ਕਦੇ ਵੀ ਲਹਿਣ ਦੇਣੇ,
ਖੋਪੜ ਕੇਸਾਂ ਦੇ ਸਣੇ ਲੁਹਾ ਦਈਏ।

**************



# ਸੁਰਜੀਤ ਆਰਟਿਸਟ



ਸੁਰਜੀਤ ਸਿੰਘ ਆਰਟਿਸਟ ਦਾ ਸਾਹਿਤ ਪ੍ਰੇਮ ਸ਼ਾਇਦ 1965 ਤੋਂ ਬਾਅਦ ਹੀ ਉਹਨਾਂ ਦੇ ਮੰਨ ਵਿਚ ਏਸ ਤਰ੍ਹਾਂ ਵੱਧਦਾ ਗਿਆ ਕਿ ਉਹਨਾਂ ਨੇ ਆਪਣੀ ਨੌਕਰੀ ਦੇ ਦੁਰਾਨ ਹੀ ਇਕ ਪੁਸਤਕ "ਨਿੱਘੀਆਂ ਯਾਦਾਂ" ਦੇ ਨਾਮ ਤੋਂ 1979 ਵਿਚ ਪ੍ਰਕਾਸ਼ਤ ਕੀਤੀ ਜਿਸ ਵਿਚ ਸਿਰਫ਼ ਰੁਬਾਈਆਂ ਹੀ ਸਨ। ਏਹ ਪੁਸਤਕ ਕਾਫ਼ੀ ਸਰਾਹੀ ਗਈ। ਆਪ ਲਗਾਤਾਰ ਲਿਖਦੇ ਰਹੇ ਪਰ ਨੌਕਰੀ ਅਤੇ ਘਰੇਲੂ ਜੀਵਨ ਵਿਚ ਕੁਝ ਏਸ ਤਰ੍ਹਾਂ ਉਲਝੇ ਰਹੇ ਕਿ ਕੁਝ ਪ੍ਰਕਾਸ਼ਤ ਨਾ ਕਰ ਸਕੇ। ਆਪਣੀ ਨੌਕਰੀ ਦੇ ਦੌਰਾਨ ਤਿੰਨ ਚਾਰ ਕਲਾ ਪ੍ਰਦਰਸ਼ਨੀਆਂ ਵੀ ਲਗਾ ਚੁਕੇ ਹਨ। ਆਪ ਨੇ ਕਲਾ ਦੇ ਖੇਤਰ ਵਿਚ ਫਾਈਨ ਆਰਟ ਡਿਪਲੋਮਾ ਪਾਸ ਕੀਤਾ ਅਤੇ ਇਸ ਤੋਂ ਇਲਾਵਾ ਆਰਟ ਦੇ ਹੋਰ ਵੀ ਇਮਤਿਹਾਨ ਪਾਸ ਕੀਤੇ ਅਤੇ ਸਾਹਿਤ ਵਲ ਰੁਝਾਨ ਹਮੇਸ਼ਾ ਰਖਿਆ।

ਹੁਣ ਰੀਟਾਇਰ ਹੋਣ ਤੋਂ ਬਾਅਦ ਏਹਨਾ ਵਿਚ ਐਸਾ ਬਦਲਾਵ ਆਇਆ ਕਿ ਰੰਗਾ ਦੀ ਕਲਾ ਤੋਂ ਸਾਹਿਤ ਦੀ ਕਲਾ ਵਿਚ ਪੂਰੀ ਤਰ੍ਹਾਂ ਸਰਸ਼ਾਰ ਹੋ ਚੁਕੇ ਹਨ। ਆਪ ਜੀ ਨੇ ਇਕ ਧਾਰਮਿਕ ਮਾਸਿਕ ਪਤ੍ਰਿਕਾ ਸ਼ੁਰੂ ਕੀਤੀ ਜੋ "ਸੱਚੇ ਪਾਤਸ਼ਾਹ" ਦੇ ਨਾਮ ਤੋਂ ਪ੍ਰਚਲਿਤ ਹੈ। ਆਪ ਜੀ ਦੇ ਕੁਝ ਨਵੇਂ ਪ੍ਰਕਾਸ਼ਨ ਹਨ, "ਤੇਰੀ ਵਡਿਆਈ" "ਧਰਤੀ ਬਾਬੇ ਨਾਨਕ ਦੀ" ਸਿੱਖ ਇਤਹਾਸ ਦੀ ਮੁਢਲੀ ਜਾਣਕਾਰੀ ਅਤੇ "ਪ੍ਰਭ ਪ੍ਰੀਤ" ਏਹਨਾ ਦੀਆਂ ਆਉਣ ਵਾਲੀਆਂ ਪੁਸਤਕਾਂ "ਸ਼ਲੋਕ", "ਬੂੰਦਾਂ", ਅਤੇ

"ਬੋਲਦੀਆਂ ਲਕੀਰਾਂ", ਹਨ।

ਸੁਰਜੀਤ ਆਰਟਿਸਟ ਇਕ ਕਾਮਯਾਬ ਕਲਾਕਾਰ ਦੇ ਨਾਲ ਇਕ ਕਾਮਯਾਬ ਕਵੀ ਵੀ ਬਣ ਚੁੱਕੇ ਹਨ। ਲਿਖਾਰੀ ਹੋਣ ਦੇ ਨਾਲ ਆਪ ਧਾਰਮਿਕ ਸਟੇਜਾਂ ਤੇ ਅਪਣੀ ਕਵਿਤਾ ਦਾ ਜੋਹਰ ਵੀ ਵਿਖਾ ਚੁੱਕੇ ਹਨ। ਆਪ ਜੀ ਨੂੰ ਦਿਲੀ ਸਰਕਾਰ ਵਲੋਂ ਪੰਜਾਬੀ ਪਤ੍ਰਕਾਰੀ ਦਾ 51000 ਰੁਪੈ ਦਾ ਇਨਾਮ ਵੀ ਮਿਲ ਚੁੱਕਾ ਹੈ। ਏਸ ਤੋਂ ਇਲਾਵਾਂ ਕਈਆਂ ਧਾਰਮਿਕ ਸੰਸਥਾਵਾਂ ਤੋਂ ਵੀ ਸਨਮਾਨਿਤ ਕੀਤਾ ਗਿਆ।

ਆਪ "ਸੱਚੇ ਪਾਤਸ਼ਾਹ" ਪਤ੍ਰਿਕਾ ਦੇ ਸੰਪਾਦਕ ਦੇ ਨਾਲ ਨਾਲ ਇਕ ਪੰਜਾਬੀ ਸਾਹਿਤ ਸਭਿਆਚਾਰ ਸੰਗਠਨ (ਰਜਿ.) ਦੇ ਜਨਰਲ ਸਕਤ੍ਰ ਵੀ ਹਨ। ਆਪ ਹਮੇਸ਼ਾ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਦੀ ਸੇਵਾ ਵਿਚ ਵਿਅਸਤ ਰਹਿੰਦੇ ਹਨ। ਆਪ ਆਪਣੀ ਪਤ੍ਰਿਕਾ ਅਤੇ ਸੰਗਠਨ ਵਲੋਂ ਹਰ ਸਾਲ ਪੰਜਾਬੀ ਦੇ ਕਲਾਕਾਰਾਂ ਨੂੰ ਸਨਮਾਨਿਤ ਵੀ ਕਰਦੇ ਹਨ। ਆਪ ਧਾਰਮਿਕ ਵਿਚਾਰ ਵਾਲੇ ਮਿੱਠ ਬੋਲੜੇ ਅਤੇ ਮਿਲਣਸਾਰ ਸ਼ਖਸ਼ੀਅਤ ਹਨ। ਆਪ ਜੀ ਵਲੋਂ ਹਮੇਸ਼ਾ ਸਾਹਿਤ ਕਾਰਾਂ ਨੂੰ ਉਤਸ਼ਾਹ ਮਿਲਦਾ ਰਹਿੰਦਾ ਹੈ। ਇਹਨਾਂ ਬਾਰੇ ਅਨੂਪ ਸਿੰਘ ਸਾਹਿਤਕਾਰ ਵਲੋਂ ਕੁਝ ਸ਼ਿਅਰ ਜੋ ਇਹਨਾਂ ਦਾ ਸੱਚੇ ਪਾਤਸ਼ਾਹ ਦਾ ਅੰਕ ਪੜ੍ਹਕੇ ਲਿਖੇ ਹਨ –

ਸੱਚੇ ਪਾਤਸ਼ਾਹ 2011 ਦਾ ਅੰਕ,
ਵਾਹ ਬਈ ਵਾਹ ਇਹ ਬੜਾ ਕਮਾਲ ਡਿੱਠਾ।
ਕੀਹਦੇ ਨਾਲ ਮੈਂ ਦਿਆਂ ਤਸ਼ਬੀਹ ਇਹਦੀ,
ਬਾ ਕਮਾਲ ਡਿੱਠਾ ਬੇ ਮਿਸਾਲ ਡਿੱਠਾ।
ਬਹੁਤ ਹਸਤੀਆਂ ਦੇ ਇਸ ਵਿਚ ਹੋਏ ਦਰਸ਼ਨ,
ਹਾਲ ਸਭ ਦਾ ਵੇਰਵੇ ਨਾਲ ਡਿੱਠਾ।
ਮੈਗਜ਼ੀਨ ਮੈਂ ਅਜ ਤੱਕ ਏਸ ਵਰਗਾ,
ਦਿਨ ਮਾਹ ਨ ਕਿਸੇ ਵੀ ਸਾਲ ਡਿੱਠਾ।
ਸੁਰਜੀਤ ਸਿੰਘ ਸੰਪਾਦਕ ਜੋ ਏਸ ਦਾ ਹੈ,
ਆਰਟਿਸਟ ਵੀ ਬੇਹਦ ਮਹਾਨ ਹੈ ਇਹ।
ਇਹਦੇ ਵਿਚ ਨਹੀਂ ਰਤਾ ਵੀ ਝੂਠ 'ਨੂਰੀ',
ਮਿਲਣ ਸਾਰ ਮੁਹੱਬਤ ਦੀ ਖਾਨ ਹੈ ਇਹ।



ਸੁਰਜੀਤ ਸਿੰਘ ਸੰਪਾਦਕ ਸੱਚੇ ਪਾਤਸ਼ਾਹ ਦਾ,
ਦੇਸ਼ ਕੌਮ ਦਾ ਇਹ ਸੇਵਾ ਦਾਰ ਵਧੀਆ।
ਮਾਂ ਬੋਲੀ ਪੰਜਾਬੀ ਦਾ ਇਹ ਸ਼ਾਇਰ,
ਮੰਨਿਆ ਗਿਆ ਤਾਹੀਓਂ ਸਾਹਿਤਕਾਰ ਵਧੀਆ।
ਆਰਟਿਸਟ ਵੀ ਬੰਦਾ ਕਮਾਲਦਾ ਇਹ,
ਦੋਸਤ ਆਖਣ ਇਹ ਯਾਰਾ ਦਾ ਯਾਰ ਵਧੀਆ।
ਇਹਦੀ ਖੂਬੀਆਂ ਦੀ ਲਿੱਖਾਂ ਸਿਫ਼ਤ ਕੀ ਕੀ,
ਦੁੱਖੀ, ਬੇਕਸਾਂ ਦਾ, ਮਦਦਗਾਰ ਵਧੀਆ।
ਸਚ ਕਹਿਨਾਂ ਮੈਂ ਇਹ ਦੇ ਵਿਚ ਝੂਠ ਨਹੀਂ ਕੋਈ,
ਬੰਦਾ ਸੁਘੜ ਸੁਜਾਨ ਜ਼ਹੀਨ ਵਧੀਆ।
ਜੀਹਨੂੰ ਪੁਛਿਆਂ ਉਹਨੇ ਹੀ ਕਿਹਾ 'ਨੂਰੀ',
ਇਹ ਬਿਹਤਰੀਨ ਇਹ ਹੈ ਬਿਹਤਰੀਨ ਵਧੀਆ।

ਸੁਰਜੀਤ ਸਿੰਘ ਆਰਟਿਸਟ ਸੰਪਾਦਕ ਸੱਚੇ ਪਾਤਸ਼ਾਹ ਧਾਰਮਿਕ ਮਾਸਿਕ ਪੱਤ੍ਰਿਕਾ ਨਵੀਂ ਦਿੱਲੀ ਵਲੋਂ ਤਿੰਨ ਕਾਵਿ ਪੁਸਤਕਾਂ 1. ਧਰਤੀ ਬਾਬੇ ਨਾਨਕ ਦੀ 2. ਤੇਰੀ ਵਡਿਆਈ 3. ਪ੍ਰਭ-ਪ੍ਰੀਤ ਅਤੇ ਸੱਚੇ ਪਾਤਸ਼ਾਹ ਦਾ ਵਿਸ਼ਸ਼ ਅੰਕ ਅ੍ਰਪੇਲ 2011 ਮੇਰੇ ਪਾਸ ਮੇਰੇ ਸ਼ਾਇਰ ਮਿਤਰ ਸ. ਗੁਰਚਰਨ ਸਿੰਘ 'ਚਰਨ' ਦਿੱਲੀ ਰਾਹੀਂ ਪ੍ਰਾਪਤ ਹੋਏ। ਸੱਚੇ ਪਾਤਸ਼ਾਹ ਬਾਰੇ ਮੈਂ ਪਿੱਛੇ ਆਪਣੇ ਖਿਆਲਾਤ ਦਾ ਇਜ਼ਹਾਰ ਕਰ ਚੁੱਕਾ ਹਾਂ। ਸੁਰਜੀਤ ਸਿੰਘ ਆਰਟਿਸਟ ਦੀਆਂ ਕਿਤਾਬਾਂ ਵਿਚੋਂ ਕੁਝ ਕਵਿਤਾਵਾਂ ਆਪ ਜੀ ਦੀ ਨਜ਼ਰ ਕਰ ਰਿਹਾ ਹਾਂ।

ਇਹਨਾਂ ਦੀ ਹਰ ਕਵਿਤਾ ਭਾਂਵੇ ਨਜ਼ਰ ਵਿਚ ਛੋਟੀ ਹੈ ਪਰ ਇਹਨਾਂ ਵਿੱਚੋਂ ਖਿਆਲਾਤ ਦੀ ਬੁਲੰਧੀ ਕਾਵਿ ਦਾ ਉਤਮ ਰਸ ਗੁਰੂ ਦਾ ਪ੍ਰੇਮ ਨਾਮ ਸਿਮਰਨ ਤੇ ਨੇਕ ਇਨਸਾਨ ਬਣਨ ਦੀ ਝੱਲਕ ਆਪ ਜੀ ਨੂੰ ਅਵੱਸ਼ ਪ੍ਰਭਾਵਤ ਕਰੇਗੀ।

ਵਲੋਂ – ਅਨੂਪ ਸਿੰਘ ਨੂਰੀ
ਸਾਹਿਤਕਾਰ ਕਰਤਾਰਪੁਰ।

# ਸਿੰਘ

ਅੰਮ੍ਰਿਤ ਪੀ ਕੇ ਖੰਡੇ ਦੀ ਧਾਰ ਵਿਚੋਂ,
ਸਿੱਖ ਗੁਰੂ ਦਾ ਸਿੰਘ ਸਰਦਾਰ ਬਣਦਾ।

ਲੋੜ ਪੈਣ ਤੇ ਤਲੀ ਤੇ ਸੀਸ ਧਰਕੇ,
ਪੰਥ ਖਾਲਸੇ ਦਾ ਪਹਿਰੇਦਾਰ ਬਣਦਾ।

ਤਾਰੀ ਉਬਲਦੀ ਦੇਗ ਦੇ ਵਿਚ ਲਾ ਕੇ,
ਸਿੰਘ ਸੂਰਮਾਂ ਬਲੀ ਬਲਕਾਰ ਬਣਦਾ।

ਖਾਤਰ ਕੌਮ ਦੀ ਜਿਹੜਾ ਸ਼ਹੀਦ ਹੋ ਜਾਏ,
ਸਿੱਖੀ ਸ਼ਾਨ ਦਾ ਉਹ ਹਕਦਾਰ ਬਣਦਾ।

************



# ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ

ਪੂਰਨ ਪੁਰਖ ਅਕਾਲ ਦੇ ਖੁਸ਼ ਹੁੰਦੇ,
ਛਡਕੇ ਏਸ ਸੰਸਾਰ ਨੂੰ ਜਾਣ ਲੱਗੇ।

ਜੋਤੀ ਜੋਤ ਦੀ ਜੋਤੀ ਦੇ ਵਿਚ ਮਿਲ ਕੇ,
ਅਠਵੇਂ ਗੁਰੂ ਸਨ ਜਦੋਂ ਸਮਾਣ ਲੱਗੇ।

ਗੁਰੂ ਬਾਬੇ ਬਕਾਲੇ ਚੋਂ ਲਭਣਾਂ ਏ,
ਸਿੱਖੀ ਸੇਵਕਾਂ ਤਾਂਈ ਫਰਮਾਣ ਲੱਗੇ।

ਛੋਟੀ ਉਮਰ ਵਿੱਚ ਮਾਰ ਕੇ ਮਾਰ ਵੱਡੇ,
ਦੁਨੀਆਂ ਜਾਣਦੀ ਇਹ ਸੀ ਵਖਾਣ ਲੱਗੇ।

ਇਸ ਤੋਂ ਬਾਅਦ ਸਰੀਰ ਤਿਆਗ ਕੇ ਤੇ,
ਘੜੀ ਵਿਚ ਸਵਰਗ ਸਿਧਾਰ ਗਏ ਉਹ।

ਜਾਂਦੇ ਜਾਂਦੇ ਵੀ ਸਿੱਖੀ ਦੇ ਪਾਂਧੀਆਂ ਨੂੰ,
ਮਹਿਮਾਂ ਦਸ ਆਪਣੀ ਅਪਰਮ ਪਾਰ ਗਏ ਉਹ।

************

# ਜੀਵਨ

ਇਹ ਜੀਵਨ ਤੂੰ ਬਖਸ਼ਿਆ ਦਾਤਾ,
ਇਸਨੂੰ ਅਸੀਂ ਬਿਤਾਈਏ ਕਿਦਾਂ।
ਤੇਰੀ ਸ਼ੁਕਰ ਗੁਜ਼ਾਰੀ ਸਦਕੇ,
ਤੈਨੂੰ ਭੇਂਟ ਚੜ੍ਹਾਈਏ ਕਿਦਾਂ।
ਪੰਜ ਐਬਾਂ ਵਿਚ ਫੱਸੇ ਹੋਏ ਹਾਂ,
ਸਿਮਰਨ ਵਿਚ ਮਨ ਲਾਈਏ ਕਿਦਾਂ।
ਭਵ ਸਾਗਰ ਜੋ ਠਾਠਾਂ ਮਾਰੇ,
ਇਸਨੂੰ ਤਰਕੇ ਜਾਈਏ ਕਿਦਾਂ।
ਸਿਮਰਨ ਦੇ ਵਿਚ ਮਨ ਲਗਦਾ ਨਹੀਂ,
ਤੈਨੂੰ ਪ੍ਰਭੂ ਰੀਝਾਈਏ ਕਿਦਾਂ।
ਮੰਦੇ ਕੰਮੀਂ ਮਨ ਜਾਂਦੇ ਨੂੰ,
ਇਸਨੂੰ ਵਰਜ ਹਟਾਈਏ ਕਿਦਾਂ।
ਕੱਣ ਕੱਣ ਵਿਚ ਹੈ ਤੇਰਾ ਵਾਸਾ,
ਤੇਰੀ ਦਸ ਥਹੁ ਪਾਈਏ ਕਿਦਾਂ।
ਮਰਨਾ ਜੀਣਾਂ ਤੇਰੇ ਹੱਥ ਹੈ,
ਤੇਰਾ ਸ਼ੁਕਰ ਮਨਾਈਏ ਕਿਦਾਂ।
ਮੈਂ ਨਿਰਗੁਣ ਵਿਚ ਗੁਣ ਨਹੀਂ ਕੋਈ,
ਤੇਰਾ ਸ਼ੁਕਰ ਮਨਾਈਏ ਕਿਦਾਂ।
ਮਨ ਸਰਜੀਤ ਅਮੋੜ ਬੜਾ ਹੈ,
ਇਸਨੂੰ ਮੋੜ ਲਿਆਈਏ ਕਿਦਾਂ।

***********



# ਸਭ ਜਗ ਝੁਕਾਇਆ ਸਿੰਘਾਂ ਨੇ

ਹਰ ਜ਼ੁਲਮ ਜਬਰ ਦੀ ਜੰਗ ਅੰਦਰ,
ਹੈ ਖ਼ੂਨ ਬਹਾਇਆ ਸਿੰਘਾਂ ਨੇ।
ਤੋਪਾਂ ਦੇ ਚਲਦੇ ਗੋਲੇ ਸਨ,
ਤੇ ਸੀਨਾ ਡਾਹਿਆ ਸਿੰਘਾਂ ਨੇ।
ਟੈਂਕਾਂ ਦੇ ਟੋਟੇ ਟੋਟੇ ਕਰ,
ਸੀ ਧਰਮ ਬਚਾਇਆ ਸਿੰਘਾਂ ਨੇ।
ਦੁਸ਼ਮਣ ਤੱਦ ਹੋਸ਼ ਭੁੱਲਾ ਬੈਠੇ,
ਜਦ ਜੈਕਾਰਾ ਲਾਇਆ ਸਿੰਘਾਂ ਨੇ।
ਇਨਾਂ ਮੌਤ ਨੂੰ ਭੜਥੂ ਪਾ ਦਿੱਤਾ,
ਜਦ ਹੱਥ ਵਿਖਾਇਆ ਸਿੰਘਾਂ ਨੇ।
ਮੁਗਲਾਂ ਦੀਆਂ ਜਾਲਮ ਫੌਜਾਂ ਨੂੰ,
ਕਈ ਵਾਰ ਹਰਾਇਆ ਸਿੰਘਾਂ ਨੇ।
ਅਬਦਾਲੀ ਵੀ ਜਾਂਦੀ ਵਾਰ ਕਿਹਾ,
ਮੈਨੂੰ ਬਹੁਤ ਸਤਾਇਆ ਸਿੰਘਾਂ ਨੇ।
ਮੇਰੇ ਲੁਟ ਦੇ ਮਾਲ ਚੋਂ ਅਧੋਂ ਵਧ,
ਹਿੱਸਾ ਵੰਡਵਾਇਆ ਸਿੰਘਾਂ ਨੇ।
ਇਨਾਂ ਆਪਣੇਂ ਗੁਰੂ ਗੋਬਿੰਦ ਪਾਸੋਂ,
ਵਰ ਫਤਹਿ ਦਾ ਪਾਇਆ ਸਿੰਘਾਂ ਨੇ।
ਤਾਂਹੀਉਂ ਸਰਜੀਤ ਇਹ ਝੁਕਦੇ ਨਹੀਂ,
ਸਭ ਜਗਤ ਝੁਕਾਇਆ ਸਿੰਘਾਂ ਨੇ।

**********

# 'ਸੀਤਲ ਸਿੰਘ ਸੀਤਲ' (ਦਿੱਲੀ)



ਸੀਤਲ ਸਿੰਘ 'ਸੀਤਲ' ਦਾ ਜਨਮ 13-4-1944 (ਤੇਰਾਂ ਅਪ੍ਰੈਲ ਉੱਨੀ ਸੌ ਚੌਤਾਲੀ) ਨੂੰ ਪਿੰਡ ਕਾਹਨਾਕਾਛਾ ਜ਼ਿਲ੍ਹਾ ਲਾਹੌਰ ਪਾਕਿਸਤਾਨ ਵਿਖੇ ਪਿਤਾ ਸ. ਨਰੈਣ ਸਿੰਘ ਜੀ ਅਤੇ ਮਾਤਾ ਇੰਦਰ ਕੌਰ (ਵੀਰਾਂ) ਦੇ ਘਰ ਹੋਇਆ।

ਵਿਦਿਆ ਦਸਵੀਂ ਪਾਸ ਕਵਿਤਾ ਸੁਨਣ ਅਤੇ ਲਿਖਣ ਦੀ ਲਗਨ ਸ. ਤਰਲੋਕ ਸਿੰਘ ਜੀ ਤਰਲੋਕ ਪ੍ਰੀਤਮ ਬੁਕ ਸਟਾਲ 364 ਲਾਜਪਤ ਰਾਏ ਮਾਰਕੀਟ ਦਿੱਲੀ ਤੋਂ 1953 ਵਿੱਚ ਸ਼ੁਰੂ ਹੋਈ। 1-2-1964 ਤੋਂ 31-1-2004 ਤਕ ਆਪਜੀ ਨੇ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਫ਼ਤਰ ਵਿੱਚ ਨੌਕਰੀ ਕਰਕੇ ਸੇਵਾ ਨਿਭਾਈ।

1968 ਵਿੱਚ ਬਿਸ਼ਨ ਸਿੰਘ 'ਉਪਾਸ਼ਕ' ਤਾਰਾ ਚੰਦ ਆਜਾਦ ਬਲਵੰਤ ਸਿੰਘ 'ਨਿਰਵੈਰ' ਸਵਰਨ ਸਿੰਘ 'ਸ਼ਾਨ' ਗੁਰਬਖ਼ਸ ਸਿੰਘ 'ਦਰਪਣ' ਤਾਰਾ ਸਿੰਘ 'ਕਾਮਿਲ' ਤੇ ਹੋਰ ਪਤਵੰਤੇ ਕਵੀਆਂ ਵੀਰਾਂ ਰਾਹੀ ਗੁਰਦੁਆਰਾ ਬੰਗਲਾ ਸਾਹਿਬ ਸਕੂਲ ਦੇ ਗਰਾਉਂਡ ਵਿੱਚ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਪ੍ਰਸਿੱਧ ਕਵੀ ਪੰਡਿੰਤ ਸ਼ੰਕਰ ਜੀ 'ਸ਼ਾਕੀ' ਨੂੰ ਆਪਣਾ ਉਸਤਾਦ ਧਾਰਿਆ ਇਸ ਦੇ ਨਾਲ ਨਾਲ ਪਟਨਾ ਸਾਹਿਬ, ਫਤਿਹ ਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਦਰਬਾਰ ਸਾਹਿਬ ਪਾਉਂਟਾਂ ਸਾਹਿਬ, ਅੰਬਾਲਾ ਸ਼ਹਿਰ ਮੁੰਬਈ,ਦਿੱਲੀ ਅਤੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਦੀ ਸਟੇਜਾਂ ਉੱਤੇ



ਜਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹਿੰਦੇ ਹਨ।

ਕਾਫ਼ੀ ਸਮੇਂ ਤਕ ਆਪ ਪੰਜਾਬੀ ਭਾਸ਼ਾ ਵਿੱਚ ਛਪਣ ਵਾਲੀਆਂ ਪ੍ਰਸਿੱਧ ਅਖ਼ਬਾਰਾਂ ਅਤੇ ਰਸਾਲਿਆਂ ਦੇ ਹੋਣ ਹਾਰ ਏਜੰਟ ਹੋਣ ਦੀ ਸੇਵਾ ਵੀ ਨਿਭਾਉਂਦੇ ਰਹੇ ਹਨ।

ਮਿਤੀ 24-2-1967 ਅਤੇ ਮਿਤੀ 7-4-1969 ਨੂੰ ਇਹਨਾਂ ਦੇ ਲਿਖੇ ਹੋਏ ਗੀਤ ਆਲ ਇੰਡੀਆ ਰੇਡੀਓ ਸ਼ਟੇਸ਼ਨ ਦਿੱਲੀ ਵਿਖੇ ਪਤ੍ਰਿਕਾ ਨੰਬਰ ਡੀ ਈ ਐਲ-(1) 67-ਪੀ3 ਮਿਤੀ 24-2-1967 ਦੇ ਅਨੁਸਾਰ ਕਨਟ੍ਰੈਕਟ ਦੇ ਤੌਰ ਤੇ 7-4-1969 ਨੂੰ ਪੰਜਾਬੀ ਸੈਕਸ਼ਨ ਦਿੱਲੀ ਵਿਖੇ ਪਰਵਾਨ ਕੀਤੇ ਗਏ।

ਜੋ ਕਿ ਸਮੇਂ ਦੇ ਮੁਤਾਬਿਕ ਰੇਡੀਓ ਰਾਹੀ ਗੂੰਜਦੇ ਰਹਿੰਦੇ ਹਨ।

ਹੁਣ ਤਕ ਗੀਤਾਂ ਭਰੀ ਚੰਗੇਰ ਵਿੱਚ ਛਪੀਆਂ ਪੁਸਤਕਾਂ

1. ਨਖ਼ਰੇ ਨਾ ਕਰ ਗੋਰੀਏ।
2. ਤੇਰੇ ਨਖ਼ਰੇ ਮੇਰੇ ਤਰਲੇ।
3. ਤੇਰੀਆਂ ਸੱਧਰਾਂ ਮੇਰੇ ਚਾਅ।
4. ਗੋਰੀ ਜਦੋਂ ਘੁੰਡ ਚੁਕਿਆ।
5. ਸੁਫ਼ਨੇ 'ਚ ਆ ਜਾ ਗੋਰੀਏ।
6. ਬੁਲ ਬੁਲ ਵਰਗੀ ਜੱਟੀ।

ਇਸ ਦੇ ਨਾਲ ਨਾਲ ਧਾਰਮਿਕ ਟ੍ਰੈਕਟ ਛਾਪਣ ਦਾ ਉਪਰਾਲਾ

1. ਪੰਜੇਬਾਂ ਵਾਲੀ।
2. ਰੱਬੀ ਜੋਤ।
3. ਮਾਛੀਵਾੜੇ ਦਾ ਰਾਹੀ।
4. ਨਾਨਕੀ ਦਾ ਵੀਰ ਆਦਿ।

ਸੀਤਲ ਸਿੰਘ 'ਸੀਤਲ' ਪੰਜਾਬੀ ਦਾ ਸ਼ਾਇਰ ਵਧੀਆ।
ਦਿੱਲੀ ਨਗਰ ਦੇ ਵਿੱਚ ਨਿਵਾਸ ਰਖਦੈ।
ਆਪਣੇ ਸੀਤਲ ਤੇ ਨਿੱਘੇ ਸੁਭਾ ਸਦਕੇ,
ਆਪਣੇ ਪਾਸ ਮੁਹੱਬਤ ਦੀ ਰਾਸ ਰਖਦੈ।
ਮਿਲਣ ਸਾਰ ਮੁਹੱਬਤ ਦੀ ਮਹਿਕ ਵਰਗਾ,
ਬੋਲ ਚਾਲ ਵਿੱਚ ਪੂਰਨ ਮਿਠਾਸ ਰਖਦੈ।

ਕਵਿਤਾ ਏਸਦੀ ਵਾਚਕੇ ਪਤਾ ਲਗਾ,
ਧਰਮ, ਕਰਮ ਵਿੱਚ ਐਨ ਵਿਸ਼ਵਾਸ ਰਖਦੈ।
ਧਾਰਮਿਕ, ਗੀਤ ਕਵਿਤਾ ਇਸਨੇ ਕਈ ਲਿਖੀਆਂ,
ਕਵੀ ਦਰਬਾਰਾਂ ਦੀ ਬਣ ਗਿਆ ਸ਼ਾਨ ਸੀਤਲ।
ਚਰਨ ਕਵੀ ਨੇ ਮੈਨੂੰ ਇਹ ਦਸਿਆ ਹੈ,
ਉੱਤਮ ਬੜਾ ਹੈ 'ਨੂਰੀ' ਮਹਾਨ ਸੀਤਲ।

ਚਾਰ ਨਜ਼ਮਾਂ ਜੋ ਇਹਨਾਂ ਦੀਆਂ ਪੁੱਜੀਆਂ ਨੇ,
ਮੈਂ ਇਹ ਗਹੁ ਦੇ ਨਾਲ ਵਿਚਾਰੀਆਂ ਨੇ।
ਮਿਸਰਾ ਤਰ੍ਹਾਂ ਦਾ ਖੂਬ ਨਿਭਾ ਕੀਤਾ,
ਸੁਣਨ ਯੋਗ ਵਿਦਵਾਨਾਂ ਦੇ ਸਾਰੀਆਂ ਨੇ।
ਜਜ਼ਬਾ ਸਿੱਖੀ ਦਾ ਇਹਨਾਂ ਚੋਂ ਨਜ਼ਰ ਆਉਂਦਾ,
ਮਾਣ ਕਰਨ ਤਾਹੀਓਂ ਸੰਗਤਾਂ ਪਿਆਰੀਆਂ ਨੇ।
ਉੱਚੇ, ਸੁੱਚੇ, ਤਖੀਅਲ ਦੀ ਮਹਿਕ ਆਉਂਦੀ,
ਕਾਵਿ ਕਲਾ ਦੀਆਂ ਵਾਹਵਾ ਉਡਾਰੀਆਂ ਨੇ।
ਛੱਪ ਰਹੀ ਪੁਸਤਕ ਚ ਇਹਨਾਂ ਨੂੰ ਛਾਪ ਕੇ ਤੇ,
ਏਸ ਕਵੀ ਉੱਤੇ ਸਾਨੂੰ ਮਾਣ ਪਿਆਰੇ।
ਇਹ ਦੇ ਵਿੱਚ ਨਹੀਂ ਰਤਾ ਵੀ ਝੂਠ 'ਨੂਰੀ',
ਇਹ ਹਨ ਕਵੀ ਦਰਬਾਰਾਂ ਦੀ ਸ਼ਾਨ ਪਿਆਰੇ।

ਵਲੋਂ -ਅਨੂਪ ਸਿੰਘ 'ਨੂਰੀ'
ਸਾਹਿਤਕਾਰ ਕਰਤਾਰਪੁਰ।



# ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ

ਗੁਰੂ ਗ੍ਰੰਥ ਦੀ ਸੋਭਾ ਨਹੀਂ ਹੋ ਸਕਦੀ,
ਕਰਾਂ ਕੀ ਕੀ ਮੈਂ ਸਿਫ਼ਤ ਬਿਆਨ ਇਹਦੀ।
ਜਿਹਨੇ ਮੰਨਤ ਮੰਨੀ ਹੋਈ ਮੰਨਤ ਪੂਰੀ,
ਮਹਿਮਾਂ ਗਾਉਂਦਾ ਨਹੀਂ ਐਵੇਂ ਜਹਾਨ ਇਹਦੀ।
ਸਿਰਜਨਾ ਕਰਕੇ ਪੰਜਵੇਂ ਗੁਰੂ ਅਰਜਨ,
ਜੁਗੋ ਜੁੱਗ ਬਨਾਈ ਹੈ ਸ਼ਾਨ ਇਹਦੀ।
ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਹੋਏ,
ਪਹਿਲੇ ਸੇਵਾ ਜਿਹਨਾਂ ਨੇ ਕੀਤੀ ਮਹਾਨ ਇਹਦੀ।
ਵੱਧ ਸਵਰਗ ਤੋਂ ਧਰਤ ਉਹ ਨਜ਼ਰ ਆਉਂਦੀ,
ਹੋਵੇ ਜਿੱਥੇ ਗੁਰਬਾਣੀ ਵਖਿਆਨ ਇਹਦੀ।
ਦੱਸਾਂ ਗੁਰੂਆਂ ਦੀ ਆਖਦੇ ਜੋਤ ਜਿਹਨੂੰ,
ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ।

ਰਾਮ ਸਰ ਵਿੱਚ ਬਹਿ ਕੇ ਗੁਰੂ ਅਰਜਨ,
ਸਾਰੀ ਬਾਣੀਆਂ ਨੂੰ ਇਕੋ ਸਾਰ ਕੀਤਾ।
ਭਗਤਾਂ, ਭੱਟਾਂ, ਤੇ ਗੁਰੂਆਂ ਨੂੰ ਦਰਜ ਕਰ ਕੇ,
ਸੋਹਣੇ ਢੰਗ ਨਾਲ ਤਰਤੀਬ ਵਾਰ ਕੀਤਾ।
ਜ਼ਾਤ ਪਾਤ ਦਾ ਰਖਿਆ ਭੇਦ ਕੋਈ ਨਹੀਂ,
ਸਾਰੀ ਮਨੁੱਖਤਾ ਨੂੰ ਮਿਲਣ-ਸਾਰ ਕੀਤਾ।
ਦੁੱਖ, ਸੁੱਖ, ਵਿੱਚ ਜੇਹੜਾ ਸਹਾਈ ਹੋਵੇ,
ਬਾਣੀ ਗੁਰੂ ਗ੍ਰੰਥ ਤਿਆਰ ਕੀਤਾ।
ਧੁਰ ਕੀ ਬਾਣੀ ਦੇ ਵਿੱਚ ਧਿਆਨ ਧਰ ਕੇ,
ਲੈਂਦੀ ਦੁਨੀਆਂ ਹੈ ਸਿੱਖਿਆ ਮਹਾਨ ਇਹਦੀ।

ਦਸਾਂ ਗੁਰੂਆਂ ਦੀ ਆਖਦੇ ਜੋਤ ਜਿਹਨੂੰ,
ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ।

ਹਰਿਮੰਦਿਰ ਅਮ੍ਰਿੰਤਸਰ ਦੀ ਧਰਤ ਉੱਤੇ,
ਹੋਇਆ ਨਾਲ ਸਤਿਕਾਰ ਪ੍ਰਕਾਸ਼ ਇਹਦਾ।
ਬੇੜੇ ਉਹਨਾਂ ਦੇ ਸਦਾ ਹੀ ਪਾਰ ਲੱਗੇ,
ਜਿਹਨਾਂ ਰੱਖਿਆ ਸਦਾ ਵਿਸ਼ਵਾਸ਼ ਇਹਦਾ।
ਨਾਲ ਬਰਕਤਾਂ ਓਸ ਦੀ ਭਰੀ ਝੋਲੀ,
ਬਣਿਆ ਜੋ ਵੀ ਦਿਲੋਂ ਏ ਦਾਸ ਇਹਦਾ।
ਸਾਗਰ ਨਿਰਾ ਗਿਆਨ ਦਾ ਇਹ ਜਾਪੇ,
ਪੜ੍ਹ ਪੜ੍ਹ ਵੇਖਿਆ ਜਦੋਂ ਇਤਿਹਾਸ ਇਹਦਾ।
ਜਾਨ ਮੁਰਦਿਆਂ ਦਿਲਾਂ ਵਿੱਚ ਪਾਉਂਣ ਵਾਲੀ,
ਸ਼ਕਤੀ ਮੰਨਦਾ ਹੈ ਸ਼ਕਤੀ ਮਾਨ ਇਹ ਦੀ।
ਦੱਸਾਂ ਗੁਰੂਆਂ ਦੀ ਆਖਦੇ ਜੋਤ ਜਿਹਨੂੰ,
ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ।

ਏਸ ਦਰ ਆ ਕੇ ਜੇ ਦਿਲੋਂ ਅਰਦਾਸ ਕਰੀਏ,
ਤਾਂ ਫਿਰ ਦਾਤ ਮਿਲਦੀ ਧੀ ਪੁੱਤਰ ਦੀਏ।
ਅੰਤਰ ਧਿਆਨ ਹੋ ਕੇ ਜੇ ਕਰੀਏ ਪਾਠ ਇਹਦਾ,
ਮੈਲ ਮਨ ਵਾਲੀ ਆਪੇ ਹੀ ਉੱਤਰ ਦੀ ਏ।
ਹੋਵੇ ਰੋਗ ਤੇ ਕਰੇ ਅਰੋਗ ਆਪੇ,
ਜੋਤ ਇਸ ਵਿਚ ਨਾਨਕ ਤੇ ਕਲਗੀਧਰ ਦੀ ਏ।
ਬਾਣੀ ਰਸ ਜਾਵੇ ਜਿਸ ਦੇ ਰੋਮ ਰੋਮ ਅੰਦਰ,
ਕਾਇਆ ਓਸ ਦੀ ਸਦਾ ਹੀ ਉਭਰ ਦੀ ਏ।
ਇਹਦੇ ਦਰ ਆ ਕੇ ਹਰ ਕੋਈ ਕਰੇ ਸੇਵਾ,
ਉਤਮ ਜੱਗ ਤੇ ਸਭ ਤੋਂ ਸ਼ਾਨ ਇਹਦੀ।
ਦਸਾਂ ਗੁਰੂਆਂ ਦੀ ਆਖਦੇ ਜੋਤ ਜਿਹਨੂੰ,
ਇਕੋ ਗੁਰੂ ਗ੍ਰੰਥ ਪਹਿਚਾਨ ਇਹਦੀ।



ਦਿਨ-ਬ-ਦਿਨ ਗੁਰਬਾਣੀ ਦੇ ਸਿਰ ਸੱਦਕੇ,
ਹੈ ਸਿੱਖੀ ਦਾ ਉੱਚਾ ਮੀਨਾਰ ਹੋਇਆ।
ਹਰ ਜਾਤ ਨੇ ਇਹਨੂੰ ਸਤਿਕਾਰਿਆ ਏ,
ਜਿੱਥੇ ਜਿੱਥੇ ਵੀ ਇਹਦਾ ਪਰਚਾਰ ਹੋਇਆ।
ਹੋਰ ਗ੍ਰੰਥਾਂ ਨੂੰ ਕੋਈ ਨਹੀਂ ਗੁਰੂ ਕਹਿੰਦਾ,
ਵਾਂਗ ਗੁਰੂਆਂ ਇਸਦਾ ਸਤਿਕਾਰ ਹੋਇਆ।
ਸੰਮਤ 1708 ਨੂੰ ਜੋਤੀ ਜੋਤ ਸਮਾਉਂਣ ਵੇਲੇ,
ਦਸਵੇਂ ਗੁਰਾਂ ਦੇ ਮੁਖੋਂ ਉਚਾਰ ਹੋਇਆ।
ਗੁਰੂ ਗ੍ਰੰਥ ਹੈ 'ਸੀਤਲ' ਤੁਸਾਂ ਸਾਰਿਆਂ ਦਾ,
ਬਾਣੀ ਤੁਸਾਂ ਤੇ ਰਹੇਗੀ ਮੇਹਰ-ਬਾਨ ਇਹਦੀ।
ਦਸਾਂ ਗੁਰੂਆਂ ਦੀ ਆਖਦੇ ਜੋਤ ਜਿਹਨੂੰ,
ਇੱਕੋ ਗੁਰੂ ਗ੍ਰੰਥ ਪਹਿਚਾਨ ਇਹਦੀ।

**************

# ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ

ਪਾਉਂਟਾ ਸਾਹਿਬ ਦੀ ਏ ਸੋਹਣੀਏ ਧਰਤਏ ਨੀ,
ਕੀ-ਕੀ ਕਰਾਂ ਮੈਂ ਸਿਫ਼ਤ ਬਿਆਨ ਤੇਰੀ।
ਪੜ੍ਹਕੇ ਵੇਖਿਆ ਜਦੋਂ ਇਤਿਹਾਸ ਤੇਰਾ,
ਮਹਿਮਾਂ ਜਾਣੀ ਮੈਂ ਬੜੀ ਮਹਾਨ ਤੇਰੀ।
ਦੂਰ ਦੂਰ ਤੋਂ ਸੰਗਤਾਂ ਆਉਂਣ ਚੱਲ ਕੇ,
ਸੋਹਣੇ ਮੁੱਖ ਚੋਂ ਕਰਨ ਗੁਨ-ਗਾਨ ਤੇਰੀ।
ਸਰਬੰਸ ਦਾਨੀਆਂ ਰੱਤਾ ਨਾ ਝੂਠ ਆਖਾਂ,
ਪੂਜਾ ਕਰਦਾ ਏ ਕੁਲ ਜਹਾਨ ਤੇਰੀ।
ਦਸਵੇਂ ਗੁਰਾਂ ਦੇ ਚਰਨਾਂ ਦੀ ਛੋਹ ਸਦਕੇ,
ਜੱਗ ਤੋਂ ਵਖਰੀ ਹੈ ਦਾਸਤਾਨ ਤੇਰੀ।

ਹਰ ਪੂਰਨ ਮਾਸ਼ੀ ਨੂੰ ਏਥੇ ਦੀਵਾਨ ਸੱਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

ਏਸ ਧਰਤੀ ਨੂੰ ਲੱਗੇ ਨੇ ਭਾਗ ਐਸੇ,
ਹੋਣ ਲੱਗੀ ਦਿਨ-ਬ-ਦਿਨ ਰੋਸ਼ਨਾਈ ਏਥੇ।
ਸਾਹਿਬ ਅਜੀਤ ਸਿੰਘ ਦਾ ਏਥੇ ਜਨਮ ਹੋਇਆ,
ਤੇ ਹਰ ਪਾਸਿਉਂ ਮਿਲੀ ਵਧਾਈ ਏਥੇ।
ਰੂਪ ਖਾਲਸੇ ਦਾ ਦੂਰੋਂ ਨਜ਼ਰ ਆਵੇ,
ਸੋਹਣੇ ਸੀਸ ਦਸਤਾਰ ਸਜਾਈ ਏਥੇ।
ਚੜ੍ਹਦੀ ਕਲਾ 'ਚ ਸਦਾ ਹੀ ਪੰਥ ਹੋਵੇ,
ਇਹ ਸੋਚ ਕੇ ਕੀਤੀ ਭਲਾਈ ਏਥੇ।
ਤੇਰੇ ਉਪਕਾਰ ਏਨੇ ਗਿਣੇ ਨਾ ਜਾਣ ਮੈਥੋਂ,
ਮਹਿਮਾਂ ਕਿਵੇਂ ਮੈਂ ਕਰਾਂ ਵਖਿਆਨ ਤੇਰੀ।
ਹਰ ਪੂਰਨ ਮਾਸ਼ੀ ਨੂੰ ਏਸੇ ਦੀਵਾਨ ਸਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

ਮੇਰੇ ਸਤਿਗੁਰਾਂ ਆਪਣੀ ਮੇਹਰ ਸਦਕੇ,
ਝੰਡੇ ਸਿੱਖੀ ਦੇ ਉਹਨਾਂ ਝੁਲਾਏ ਏਥੇ।
ਨਾਲ ਬਾਣੀ ਦੇ ਸੰਗਤਾਂ ਨੂੰ ਜੋੜਿਆ ਏ,
ਤੱਤ ਬਾਣੀ ਦੇ ਸਾਰੇ ਸਮਝਾਏ ਏਥੇ।
ਕਵਿਤਾ ਰੂਪੀ ਇਤਿਹਾਸਾਂ ਨੂੰ ਰੂਪ ਦੇ ਕੇ,
ਹੈਸਨ ਕਵੀਂ ਦਰਬਾਨ ਕਰਾਏ ਅਥੇ।
ਇਕ ਕਵੀਆਂ ਦੀ ਏਥੇ ਗੱਲ ਕੋਈ ਨਹੀਂ,
ਕਵੀਂ 52 ਦਾਤਾਰ ਬੁਲਵਾਏ ਏਥੇ।
ਉਹਦੀ ਓਟ ਲੈ ਕੇ ਜੋ ਵੀ ਕੰਮ ਕੀਤਾ,
ਹਰ ਸੋਚ ਸੀ ਚੜ੍ਹੀ ਪਰਵਾਨ ਤੇਰੀ।
ਹਰ ਪੂਰਨ ਮਾਸ਼ੀ ਨੂੰ ਏਥੇ ਦੀਵਾਨ ਸਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।



ਕੰਢੇ ਜਮਨਾ ਦੇ ਜੋ ਨਜ਼ਰ ਅਸਥਾਨ ਆਉਂਦੈ,
ਹੋਇਆ ਕਰਦੇ ਸੀ ਕਵੀਂ ਦਰਬਾਰ ਏਥੇ।
ਕਵਿਤਾ ਲਿੱਖਣ ਲਗਿਆ ਕਵਿਤਾ 'ਚ ਵਿਘਨ ਪੈਂਦਾ,
ਪਾਉਂਦੀ ਸ਼ੋਰ ਸੀ ਜਮਨਾ ਬੇ-ਸ਼ਮਾਰ ਏਥੇ।
ਲਿਖੀਏ ਕਵਿਤਾ ਲਿੱਖੀ ਨਾ ਜਾਏ ਸਾਥੋਂ,
ਹੱਥ ਜੋੜ ਕਵੀਆਂ ਸੀ ਕੀਤੀ ਪੁਕਾਰ ਏਥੇ
ਦਸਵੇਂ ਗੁਰਾਂ ਨੇ ਐਸਾ ਜਮਨਾ ਨੂੰ ਵਾਰ ਦਿੱਤਾ,
ਲੰਘੇ ਨਾਲ ਸ਼ਾਨਤੀ ਹੁਣ ਕਰ ਨਮਸ਼ਕਾਰ ਏਥੇ
ਦਿੱਤੀਆਂ65 ਹਜ਼ਾਰ ਮੋਹਰਾਂ ਕਵੀਂ ਤਾਈਂ,
ਨਿਗਾਹ ਹੋਈ ਸੀ ਜਦੋਂ ਮੇਹਰਬਾਨ ਤੇਰੀ।
ਹਰ ਪੂਰਨ ਮਾਸੀ ਨੂੰ ਏਥੇ ਦੀਵਾਨ ਸੱਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

ਬੁੱਧੂ ਸ਼ਾਹ ਤਾਈਂ ਹੱਥੀਂ ਇਨਾਮ ਦੇ ਕੇ,
ਮਾਨ ਉਸ ਦਾ ਗੁਰਾਂ ਵਧਾਇਆ ਹੈਸੀ।
ਜਿਸ ਕੰਘੇ ਨਾਲ ਪਾਤਸ਼ਾਹ ਕੇਸ ਸਵਾਰਦੇ ਸੀ,
ਅਰਜ ਕਰ ਉਹਨੇ ਧਿਆਨ ਦਵਾਇਆ ਹੈਸੀ।
ਤੇਰੇ ਕੰਘੇ ਚੋਂ ਨਿੱਤ ਦਰਸ਼ਨ ਦੀਦਾਰ ਕਰ ਸਾਂ,
ਹਾਲ ਦਿਲ ਦਾ ਕਹਿ ਕੇ ਸੁਨਾਇਆ ਹੈਸੀ।
ਬੁੱਧੂ ਸ਼ਾਹ ਨੇ ਜਦੋਂ ਕੰਘੇ ਦੀ ਮੰਗ ਕੀਤੀ,
ਗੁਰਾਂ ਮਾਨ ਦੇ ਨਾਲ ਫੜਾਇਆ ਹੈਸੀ।
ਤੇਰੇ ਦਰ ਆ ਕੇ ਰੀਝਾਂ ਲੱਥਦੀਆਂ ਨੇ,
ਇਹ ਤਾਂ ਨਿਰੀ ਹੈ ਸੁਖਾਂ ਦੀ ਖਾਨ ਤੇਰੀ।
ਹਰ ਪੂਰਨ ਮਾਸ਼ੀ ਨੂੰ ਏਥੇ ਦੀਵਾਨ ਸੱਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

ਪਾਉਂਟਾ ਸਾਹਿਬ ਦੀ ਸੋਹਣੀ ਧਰਤ ਉੱਤੇ,
ਦਾਤੇ ਅਜੱਬ ਹੀ ਖੇਲ ਰਚਾਏ ਹੈਸਨ।
ਹੱਲ ਚੱਲ ਮੱਚੀ ਜਦ ਭੰਗਾਣੀ ਦੇ ਯੁੱਧ ਅੰਦਰ,
ਪੁਠੇ ਪੈਰ ਹੀ ਦੁਸ਼ਮਨ ਭਜਾਏ ਹੈਸਨ।
ਗੁਰਦੁਆਰਾ ਤੀਰ ਗੜ੍ਹ ਸਾਹਿਬ ਕਹਿਣ ਜਿਸ ਨੂੰ,
ਤੀਰ ਸਤਿਗੁਰਾਂ ਉਥੋਂ ਚਲਾਏ ਹੈਸਨ।
ਸ਼ੇਰ ਗਾਹ ਵਿੱਚ ਸ਼ੇਰ ਸ਼ਿਕਾਰ ਕਰਕੇ,
ਦਾਤੇ ਕੌਮ ਦੇ ਭਾਗ ਜਗਾਏ ਹੈਸਨ।
ਤੇਰੀ ਸ਼ਕਤੀ ਦਾ ਕਿਸੇ ਨਾ ਭੇਦ ਪਾਇਆ,
ਸ਼ਕਤੀਮਾਨ ਹੈ ਸ਼ਕਤੀਮਾਨ ਮਹਾਨ ਤੇਰੀ।
ਹਰ ਪੂਰਨ ਮਾਸ਼ੀ ਨੂੰ ਏਥੇ ਦੀਵਾਨ ਸੱਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

ਪਾਉਂਟਾ ਸਾਹਿਬ ਦੇ ਆ ਕੇ ਦੁਆਰ ਉੱਤੇ,
ਨਾਲ ਸ਼ਰਧਾ ਜਿਸ ਦਾ ਸੀਸ ਝੁੱਕ ਜਾਂਦੈ।
ਕਟਿਆ ਜਾਵੇ ਚੌਰਾਸੀ ਦਾ ਗੇੜ ਉਸਦਾ,
ਦੁੱਖ ਦਰਦ ਉਸਦਾ ਸਾਰਾ ਮੁੱਕ ਜਾਂਦੈ।
ਦੁੱਖ ਦਰਦ ਆ ਕੇ ਉਸ ਨੂੰ ਘੇਰਦੇ ਨੇ,
ਜੇਹੜੇ ਆਪਣੀ ਰਾਹ ਤੋਂ ਉੱਕ ਜਾਂਦੈ।
ਏਹਦੀ ਮੇਹਰ ਸੱਦਕੇ ਬੂਟਾ ਹਰਾ ਹੁੰਦੈ,
ਇਹ ਜੇ ਨਜ਼ਰ ਫੇਰੇ ਬੂਟਾ ਸੁਕ ਜਾਂਦੈ।
ਮਾਤਾ ਗੁਜਰੀ ਦੇ ਅੱਖਾਂ ਦੇ ਤਾਰਿਆ ਵੇ,
ਤੇਰੇ ਸੇਵਕਾਂ ਕੀਤੀ ਪਹਿਚਾਨ ਤੇਰੀ।
ਹਰ ਪੂਰਨ ਮਾਸੀ ਨੂੰ ਏਥੇ ਦੀਵਾਨ ਸੱਜਦੇ,
ਹੋਣੀ ਏਸ ਤੋਂ ਵੱਧ ਕੀ ਸ਼ਾਨ ਤੇਰੀ।

**************



# ਰਿਣੀ ਰਹੇਗਾ ਸਦਾ ਸੰਸਾਰ ਤੇਰਾ

ਮਾਤਾ ਤ੍ਰਿਪਤਾ ਦੀ ਅੱਖਾਂ ਦੇ ਤਾਰਿਆ ਵੇ,
ਕਰਾਂ ਕੀ ਮੈਂ ਸਿਫ਼ਤ ਬਿਆਨ ਤੇਰੀ।
ਹਰ ਕੋਈ ਹੀ ਤੇਰਾ ਪਿਆ ਨਾਮ ਜਪੇ,
ਤੇ ਅੱਠੇ ਪਹਿਰ ਹੀ ਕਰਨ ਗੁਨ-ਗਾਨ ਤੇਰੀ।
ਜਾਨ ਮੁਰਦਿਆਂ ਵਿੱਚ ਵੀ ਪੈਂ ਜਾਂਦੀ,
ਸ਼ਕਤੀਮਾਨ ਹੈ ਸ਼ਕਤੀਮਾਨ ਮਹਾਨ ਤੇਰੀ।
ਭੁਲੇ ਭਟਕਿਆਂ ਨੂੰ ਰਾਹੇ ਸਦਾ ਪਾਇਆ,
ਮਹਿਮਾਂ ਗਾਉਂਦਾ ਹੈ ਹਰ ਇਨਸਾਨ ਤੇਰੀ।
ਉਹ ਦਾ ਗੇੜ ਚੁਰਾਸੀ ਦਾ ਜਾਏ ਕਟਿਆ,
ਸੱਚੇ ਦਿਲੋਂ ਜੋ ਕਰਦਾ ਦੀਦਾਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

ਲਿਖਣ ਲਗਿਆ ਲਿਖੇ ਨਾ ਜਾਣ ਮੈਥੋਂ,
ਕੀ ਕੀ ਕੌਤਕ ਮੈਂ ਕਰਾਂ ਬਿਆਨ ਦਾਤਾ।
ਕੌੜੇ ਰੀਠਿਆਂ ਨੂੰ ਮਿੱਠਾ ਸ਼ਹਿਦ ਕੀਤਾ,
ਕੀਤੀ ਬਾਲੇ ਮਰਦਾਨੇ ਦੀ ਗੁਜਰਾਨ ਦਾਤਾ।
ਮਲਕ ਭਾਗੋ ਦੀ ਝੂਠੀ ਕਮਾਈ ਵਿੱਚੋਂ,
ਆਇਉਂ ਪੂੜਿਆਂ ਚੋਂ ਲਹੂੰ ਵਗਾਨ ਦਾਤਾ।
ਭਾਈ ਲਾਲੋ ਨੂੰ ਛਾਤੀ ਦੇ ਨਾਲ ਲਾ ਕੇ,
ਉਹਦੀ ਮੇਹਨਤ ਦਾ ਕੀਤਾ ਵਖਿਆਨ ਦਾਤਾ।
ਇੱਕ ਹੱਥ ਪਿਆ ਨੁਚੜਦਾ ਲਹੂੰ ਦਿਸੇ,
ਦੂਜੇ ਦੁੱਧ ਦੀ ਧਾਰ ਵਿੱਚ ਪਿਆਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਂਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

ਵੱਲੀ ਕੰਧਾਰੀ ਨੇ ਪੱਥਰ ਜੋ ਰੇੜ੍ਹਿਆ ਸੀ,
ਓਟ ਹੱਥ ਦੀ ਦੇ ਕੇ ਅਟਕਾ ਦਿੱਤਾ।
ਪਥਰ ਮੋਮ ਕੀਤਾ ਮੇਹਰ ਦੀ ਨਿਗਾਹ ਕਰਕੇ,
ਪੰਜਾ ਓਸ ਦੀ ਹਿੱਕ ਤੇ ਲਾ ਜਿੱਤਾ।
ਹੰਕਾਰ ਵਲੀ ਕੰਧਾਰੀ ਦਾ ਤੋੜ ਕੇ ਤੇ,
ਪਾਣੀ ਮਰਦਾਨੇ ਦੇ ਤਾਈਂ ਪਿਲਾ ਦਿੱਤਾ।
ਸੀਸ ਜਿਸ ਨੂੰ ਸਦਾ ਝੁਕਾਏ ਦੁਨੀਆਂ,
ਐਸਾ ਰੱਬ ਦਾ ਭੇਦ ਸਮਝਾ ਦਿੱਤਾ।
ਦੂਰ ਦੂਰ ਤੋਂ ਸੰਗਤਾਂ ਆਉਂਣ ਚਲ ਕੇ,
ਜਦੋਂ ਜਾਗਦਾ ਏ ਦਿਲੀ ਵਿਚਾਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਂਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਤੇ,
ਵਲ ਦਸਿਆ ਨੇਕ ਕਮਾਈ ਦਾ ਏ।
ਲੋੜ ਵੰਦਾਂ ਦੀ ਸਦਾ ਹੀ ਮਦਦ ਕਰਕੇ,
ਦਸਿਆ ਕਿਸ ਤਰ੍ਹਾਂ ਵੰਡ ਕੇ ਖਾਈ ਦਾ ਏ।
ਦੱਸਾਂ ਨੌਂਹਾਂ ਦੀ ਦੱਸੀ ਤੂੰ ਕਿਰਤ ਕਰਨੀ,
ਭਲਾ ਏਸੇ ਵਿੱਚ ਸਦਾ ਭਲਾਈ ਦਾ ਏ।
ਦਸਿਆ ਸੂਈ ਵੀ ਜਾਣੀ ਨਹੀਂ ਨਾਲ ਤੇਰੇ,
ਖਾਲੀ ਹੱਥ ਆ ਕੇ ਖ਼ਾਲੀ ਜਾਈ ਦਾ ਏ।
ਜਿਸ ਪਾਸੇ ਵੀ ਬਾਬਾ ਤੂੰ ਪਾਈ ਫੇਰੀ,
ਹੁੰਦਾ ਰਿਹਾ ਏ ਇਹੋ ਪਰਚਾਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਂਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।



ੴ ਕਾਰ ਦੇ ਕੀ ਨੇ ਅਰਥ ਹੁੰਦੇ,
ਦਿੱਤਾ ਪਾਂਧੇ ਨੂੰ ਇਹਦਾ ਗਿਆਨ ਬਾਬਾ।
ਦੱਸ ਦੱਸ ਕੇ ਭੇਦ ਬਈਮਾਨੀਆਂ ਦੇ,
ਚੋਰਾਂ, ਠੱਗਾਂ, ਤਈਂ ਬਣਾਇਆ ਇਨਸਾਨ ਬਾਬਾ।
ਬੁਰਾ ਕਦੇ ਵੀ ਕਿਸੇ ਦਾ ਮੰਗਣਾ ਨਹੀਂ,
ਏਸ ਗੱਲ ਦਾ ਦਿੱਤਾ ਵਰਦਾਨ ਬਾਬਾ।
ਦਸਿਆ ਨਾਮ ਸਿਮਰਨ ਸਦਾ ਕਰਨਾ,
ਇਸ ਗੱਲ ਦਾ ਕੀਤਾ ਆਪ ਵਖਿਆਨ ਬਾਬਾ।
ਜਿਵੇਂ ਜੇਲ੍ਹ ਅੰਦਰ ਚੱਕੀਆਂ ਚਲਣ ਆਪੇ,
ਮੋਦੀ ਖਾਨੇ ਦਾ ਵਧਿਆ ਭੰਡਾਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਂਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

ਜੇ ਨਾ ਆਉਂਦਾ ਤੂੰ ਕਲਯੁੱਗ ਦੇ ਵਿੱਚ ਦਾਤਾ,
ਕਲਯੁਗੀਆਂ ਭਾਰੂ ਸੀ ਹੋ ਜਾਣਾ।
ਮਾੜੇ ਬੰਦਿਆਂ ਦੀਆਂ ਮਾੜੀਆਂ ਸ਼ਤਕੀਆਂ ਨੇ,
ਧੱਕੇ ਨਾਲ ਕਮਾ ਸੀ ਧਰੋ ਜਾਣਾ।
ਜਾਬਰ ਆਖਿਆ ਬਾਬਰ ਵਰਗਿਆਂ ਨੂੰ,
ਤੇਰੇ ਅੱਗੇ ਕੀ ਕਿਸੇ ਖਲੋ ਜਾਣਾ।
ਬੂਹਾ ਤੇਰੇ ਦੁਆਰ ਦਾ ਖੁਲ੍ਹਦਿਆਂ ਹੀ,
ਡਾਹਡੇ ਲੋਕਾਂ ਨੇ ਬੂਹਾ ਸੀ ਢੋ ਜਾਣਾ।
ਤੇਰੇ ਚਰਨਾਂ ਤੇ ਸੀਸ ਮੈਂ ਰੱਖ ਆਖਾਂ,
ਹੁੰਦਾ ਜੱਗ ਰਹੂ ਸ਼ੁਕਰ ਗੁਜ਼ਾਰ ਤੇਰਾ।
ਨਾਨਕ ਨਾਮ ਦੀ ਜੋਤ ਜਗਾਉਂਣ ਵਾਲੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

ਤੇਰੀ ਬਾਣੀ ਦਾ ਐਸਾ ਏ ਅਸਰ ਡਿੱਠਾ,
ਕਈ ਤਰ ਗਏ ਕਈ ਜਾਣਗੇ ਤਰ ਨਾਨਕ।

ਮੱਕੇ ਗਿਉਂ ਤੇ ਮੱਕਾ ਘੁੰਮਾ ਛਡਿਆ,
ਹਰ ਪਾਸੇ ਕਹਿ ਕੇ ਖੁਦਾ ਦਾ ਘਰ ਨਾਨਕ।
ਹਰੀਆਂ ਭਰੀਆਂ ਖੇਤੀਆਂ ਨਜ਼ਰ ਆਈਆਂ,
ਗਈਆਂ ਮੱਝੀਆਂ ਜਿਸ ਨੂੰ ਚਰ ਨਾਨਕ।
ਦਰਸ਼ਨ ਦਸਵੇਂ ਦੁਆਰ ਦੇ ਉਸ ਕੀਤੇ,
ਮਿਲ੍ਹਿਆ ਜਿਹਨੇ ਤੇਰਾ ਏ ਦਰ ਨਾਨਕ।
ਭੁੱਲਾਂ 'ਸੀਤਲ' ਦੀਆਂ ਸਦਾ ਤੂੰ ਬਖ਼ਸ਼ੀਆਂ ਨੇ,
ਭਾਵੇਂ ਕਿਤਨਾ ਵੀ ਇਹ ਗੁਨਾਹ-ਗਾਰ ਤੇਰਾ।
ਤੇਰੀ ਬਾਨੀ ਦੇ ਬਾਣਾਂ ਦੀ ਮਿਹਰ ਸਦਕੇ,
ਰਿਣੀ ਰਹੇਗਾ ਸਦਾ ਸੰਸਾਰ ਤੇਰਾ।

*****************

# ਹੋਇਆ ਅੱਜ ਦੇ ਦਿਨ ਅਵਤਾਰ ਤੇਰਾ

ਅੰਮ੍ਰਿਤਸਰ ਦੀਏ ਸੋਹਣੀਏ ਧਰਤੀਏ ਨੀ,
ਅੱਠੇ ਪਹਿਰ ਹੀ ਕਰਾਂ ਪਰਨਾਮ ਤੈਨੂੰ।
ਤਕਿਆ ਨਹੀਂ ਅਸਾਂ ਕਦੇ ਵਿਰਾਨਗੀ ਨੂੰ,
ਨਾਲ ਰੌਣਕਾਂ ਹੀ ਤੱਕਿਆ ਸ਼ੁਭਾ-ਸ਼ਾਮ ਤੈਨੂੰ।
ਕੇਹੜਾ ਦੇਸ਼ ਵਿਦੇਸ਼ ਤੂੰ ਦੱਸ ਆਪੇ,
ਜਿਥੇ ਮੰਨਦੇ ਨਹੀਂ ਦੱਸ ਗੁਰਧਾਮ ਤੈਨੂੰ।
ਹੰਭਲਾ ਦਸਤਕਾਰੀਆਂ ਏਥੇ ਵੀ ਮਾਰਿਆ ਏ,
ਤਾਂਹੀਉਂ ਮਿਲਿਆ ਹੈ ਉੱਚਾ ਮੁਕਾਮ ਤੈਨੂੰ।
ਭਾਈ ਜੇਠੇ ਨੂੰ ਦਯਾ ਕੌਰ ਮਾਤਾ ਨੇ ਜਨਮ ਦਿੱਤਾ,
ਗੁਰੂ ਅਮਰ ਦਾਸ ਨੇ ਤੱਕਿਆ ਪਿਆਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।



ਪਿਤਾ ਹਰਿ ਦਾਸ ਜੀ ਦੇ ਘਰ ਵਿੱਚ ਜਨਮ ਲੈ ਕੇ,
ਪੀੜ੍ਹੀ ਸੋਢੀਆਂ ਚਲੀ ਰੂਪ ਦਿਖਾਨ ਦੇ ਲਈ।
30 ਰਾਗਾਂ ਵਿੱਚ 679 ਸ਼ਬਦ ਰਚ ਕੇ,
ਲਿਖ ਗਏ ਗੁਰੂ ਗ੍ਰੰਥ ਵਿੱਚ ਜਪਣ-ਜਪਾਣ ਦੇ ਲਈ।
ਜਿਉਂ ਜਿਉਂ ਪਤਾ ਲਗਾ ਚੌਥੇ ਗੁਰੂ ਸਾਡੇ,
ਸੰਗਤਾਂ ਟੁਰ ਪਈਆਂ ਸੀਸ ਝੁਕਾਣ ਦੇ ਲਈ।
7 ਸਾਲਾਂ ਵਿੱਚ ਜੋ ਮੇਰੇ ਦਾਤਾਰ ਕਰ ਗਏ,
ਕਰ ਸਕਦਾ ਨਹੀਂ ਕੋਈ ਜਹਾਨ ਦੇ ਲਈ।
ਠੇਠ ਪੰਜਾਬੀ ਵਿੱਚ ਗੁਰਬਾਣੀ ਰੱਚੀ ਦਾਤੇ,
ਹੋਇਆ ਸੰਗਤਾਂ ਉੱਤੇ ਉਪਕਾਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।

ਚੌਥੀਂ ਪਾਤਸ਼ਾਹੀ ਸ਼੍ਰੀ ਗੁਰੂ ਰਾਮ ਦਾਸ ਜੀਓ,
ਕਿਵੇਂ ਕਰਾਂ ਮੈਂ ਉਸਤਤਿ ਬਿਆਨ ਤੇਰੀ।
ਦਯਾ ਮੇਹਰ ਦੀ ਜਿਥੇ ਹੈ ਹੱਦ ਮੁੱਕਦੀ,
ਸ਼ੁਰੂ ਉਥੋਂ ਹੁੰਦੀ ਏ ਦਾਸਤਾਨ ਤੇਰੀ।
ਅਕਬਰ ਬਾਦਸ਼ਾਹ ਤੋਂ ਖ਼ਰੀਦ ਜ਼ਮੀਨ ਏਥੇ,
ਸੰਤੋਖ ਸਰ, ਰਾਮ ਸਰ, ਦੀ ਦੇਣ ਮਹਾਨ ਤੇਰੀ।
ਅਮ੍ਰਿਤਸਰ ਨੂੰ ਨੇ ਚਾਰ ਚੰਨ ਲੱਗੇ,
ਫਤਿਹ ਹੁੰਦੀ ਆਈ ਹੈ ਹਰ ਮੈਦਾਨ ਤੇਰੀ।
ਜੇਹੜੇ ਸ਼ਰਨ ਆਏ ਉਹਨਾਂ ਨੂੰ ਕੰਠ ਲਾਇਆ,
ਤੇਰੇ ਹੋ ਗਏ ਸਦਾ ਲਈ ਵੇਖ ਵਿਹਾਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।

ਦੁਨੀ ਚੰਦ ਰਾਜੇ ਦੀਆਂ ਹੈਸਨ ਚਾਰ ਧੀਆਂ,
ਪੁਛਿਆ ਉਹਨਾਂ ਤਾਈਂ ਲਾਡ ਪਿਆਰ ਅੰਦਰ।
ਦੇਖ ਭਾਲ ਹੈ ਤੁਸਾਂ ਦੀ ਕੌਣ ਕਰਦਾ,
ਜ਼ਰਾ ਦਸੋ ਖਾਂ ਧੀਓ ਸੰਸਾਰ ਅੰਦਰ।
ਤਿੰਨ ਧੀਆਂ ਸੀ ਅੱਗੋ ਜਵਾਬ ਦਿੱਤਾ,
ਸਾਨੂੰ ਰਿਜ਼ਕ ਮਿਲਦਾ ਏ ਤੇਰੇ ਦਰਬਾਰ ਅੰਦਰ।
ਰਜਨੀ ਆਖਦੀ ਬਾਪੂ ਮੈਂ ਸੱਚ ਆਖਾਂ,
ਖਾਵਾਂ ਕਿਸਮਤ ਦਾ ਬਹਿ ਕੇ ਪਰਿਵਾਰ ਅੰਦਰ।
ਪਿੰਗਲੇ ਪਤੀ ਦੀ ਰਾਤ ਦਿਨ ਕਰ ਸੇਵਾ,
ਤੇ ਆਖਦੀ ਇਸ ਵਿੱਚੋਂ ਦਿਸੇ ਦੀਦਾਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।

ਧੰਨ ਧੰਨ ਆਖੋ ਗੁਰੂ ਰਾਮ ਦਾਸ ਜੀ ਨੂੰ,
ਦਿੱਤਾ ਬਦਲ ਹੈ ਜੀਹਨੇ ਜ਼ਮਾਨਿਆਂ ਨੂੰ।
ਰਾਤ ਦਿਨ ਇਹਨਾਂ ਨੇ ਇੱਕ ਕਰਕੇ,
ਲਾਇਆ ਭਾਗ ਹੈ ਇਹਨਾਂ ਵਿਰਾਨਿਆਂ ਨੂੰ।
ਇਹਨਾਂ ਦੇ ਮੁੱਖੜੇ ਤੋਂ ਜੇਹੜਾ ਨੂਰ ਡੁੱਲ੍ਹ ਦਾ,
ਵਸ ਕਰ ਦੇਵੇ ਆਪਣੇ ਬੇ-ਗਾਨਿਆਂ ਨੂੰ।
ਮਹਿੰਮਾਂ ਤੇਰੇ ਹਰਿ ਮੰਦਿਰ ਦੀ ਸੁਣ ਦਾਤਾ,
ਝੁਕਣਾ ਪਿਆ ਹੈ ਅਕਲ ਦੇ ਦਾਨਿਆਂ ਨੂੰ।
ਪਾਤਸ਼ਾਹੀ ਚੌਥੀਂ ਦੇ ਤੱਕ ਰੂਪ ਅੰਦਰ,
ਸੰਗਤਾਂ ਕਰਦੀਆਂ ਸਦਾ ਸਤਿਕਾਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।



ਜਨਮ ਜਨਮ ਦੀ ਮੈਲ ਹੈ ਉਤਰ ਜਾਂਦੀ,
ਹਾਜ਼ਰ ਜੇਹੜੇ ਏਥੇ ਸ਼ਰਧਾ ਨਾਲ ਹੋਵਣ।
ਤੇਰੇ ਦਰ ਆ ਕੇ ਭੁੱਖੇ ਤੇ ਕੰਗਲੇ ਵੀ,
ਮੇਰੇ ਦਾਤਿਆ ਵੇਖੇ ਮਾਲੋ-ਮਾਲ ਹੋਵਣ।
ਤੇਰੇ ਸਰੋਵਰ 'ਚ ਪਿੰਗਲੇ ਇਸ਼ਨਾਨ ਕਰਕੇ,
ਦੁਖੀ, ਰੋਗੀ, ਵੀ ਵੇਖੇ ਖੁਸ਼ਹਾਲ ਹੋਵਣ।
ਉਹਦਾ ਗੇੜ ਚੁਰਾਸੀ ਦਾ ਜਾਏ ਕਟਿਆ,
ਮੇਰੇ ਸਤਿਗੁਰ ਜਿਸ ਉੱਤੇ ਦਿਆਲ ਹੋਵਣ।
ਗੁਨਾਹ ਆਪਣੇ ਮੈਂ ਆਇਆ ਬਖਸਾਉਂਣ ਦਾਤਾ,
ਬੰਦਾ 'ਸੀਤਲ' ਹੈ ਭੁੱਲਣ ਹਾਰ ਤੇਰਾ।
ਗੱਦੀ ਮਿਲਣ ਤੇ ਗੁਰੂ ਰਾਮ ਦਾਸ ਅਖਵਾਉਂਣ ਵਾਲੇ,
ਹੋਇਆ ਅੱਜ ਦੇ ਦਿਨ ਅਵਤਾਰ ਤੇਰਾ।

****************

# ਭੂਪਿੰਦਰ ਸਿੰਘ ਸੱਗੂ (ਵੁਲਵਰਹੈਂਪਟਨ)



ਨਾਮ– ਭੂਪਿੰਦਰ ਸਿੰਘ ਸੱਗੂ (ਵੁਲਵਰਹੈਂਪਟਨ)
ਜਨਮ ਤਾਰੀਖ– ਜੂਨ 1954
ਜਨਮ ਅਸਥਾਨ– ਪਿੰਡ ਆਲੋਵਾਲ (ਨਕੋਦਰ) ਜਿਲ੍ਹਾ ਜਲੰਧਰ।
ਇੰਗਲੈਂਡ ਪ੍ਰਵੇਸ਼– ਜਨਵਰੀ 1978
ਵਿੱਦਿਆ– ਪੰਜਾਬ ਅਤੇ ਇੰਗਲੈਂਡ ਵਿੱਚ
ਬੀ. ਏ. (ਪੰਜਾਬੀ) ਭਾਸ਼ਾ, ਸਹਿਤ ਅਤੇ ਸਭਿਆਚਾਰ (ਯੂ.ਕੇ)
ਏਸ਼ੀਅਨ ਸਟੱਡੀ ( ਐਚ.ਈ) ਸਾਈਸ ਐਂਡ ਟੈਕਨੋਲੋਜੀ
ਐਮ. ਏ. (ਪੰਜਾਬੀ) ਭਾਗ–ਪਹਿਲਾਂ
ਡਿਪਲੋਮਾਂ ਏਸ਼ੀਅਨ ( ਪੰਜਾਬੀ) ਭਾਸ਼ਾ ਪੜ੍ਹਾਉਣ ਦਾ
ਐਨ. ਵੀ. ਕਿਊ, ਟਰਾਂਸਪਰੋਟ ਵਿੱਚ।
ਕਿੱਤਾ– ਪਬਲਿਕ ਟਰਾਂਸਪੋਰਟ ਵਿੱਚ ਮੁਲਾਜ਼ਿਮ

## ਪ੍ਰਕਾਸ਼ਿਤ ਪੁਸਤਕਾਂ–

1. ਰਿਸ਼ਤਿਆਂ ਦਾ ਜੰਗਲ (ਕਵਿਤਾ) 1989



2. ਸੱਚ ਤੇ ਸੂਲੀ (ਕਵਿਤਾ) 1993
3. ਸਿਮਟੇ ਹੋਏ ਪਲ (ਕਵਿਤਾ) 1998
4. ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ) 2002
5. ਫੁੱਲ ਬਣੇ ਅੰਗਿਆਰ (ਕਵਿਤਾ) 2006
6. ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ) 2009
7. ਉਸ ਨੇ ਕਿਹਾ (ਲੰਬੀ ਕਵਿਤਾ) 2010
8. ਚਾਨਣ ਦੀ ਬਾਤ (ਗ਼ਜ਼ਲ ਸੰਗ੍ਰਹਿ ਛਪਾਈ ਅਧੀਨ) 2013

1. ਮਾਣ–ਸਨਮਾਨ– ਪੰਜਾਬ ਸਰਕਾਰ ਸੰਚਾਈ ਮੰਤਰੀ ਸ. ਗੁਰਬਖਸ਼ ਸਿੰਘ ਸੀਬੀਆ ਜੀ ਹੱਥੋਂ (ਸਾਲ–1976) ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ ਪੜ੍ਹਾਈ ਸਮੇਂ।
2. ਸੁਰਤਾਲ ਟਰਸਟ, ਸਾਹਿਤ–ਕਲ੍ਹਾ ਮੰਚ, ਫਿਲੌਰ ( ਅਪ੍ਰੈਲ 1986) (ਡਾ. ਰਣਧੀਰ ਸਿੰਘ ਚੰਦ ਜੀ ਹੋਰਾਂ ਵਲੋਂ)
3. ਅੰਤਰ–ਰਾਸ਼ਟਰੀ ਸੱਭਿਆਚਾਰਕ ਮੇਲੇ ਵਿੱਚ ਅਲਗੋਜ਼ੇ ਵਜਾਉਣ ਲਈ ਅਤੇ ਅਗਰੇਜ਼ੀ ਵਿੱਚ ਕਵਿਤਾ ਪੜ੍ਹਨ ਲਈ 'ਬੈਸਟ ਅਵਾਰਡ' ਤੁਰਕੀ ਦੇਸ਼ ਦੇ ਜਲੋਵਾ ਸ਼ਹਿਰ ਅੰਦਰ (ਸਾਲ ਸਤੰਬਰ 1996)
4. ਪੰਜਾਬੀ– ਕਲਾ–ਮੰਚ, ਫ਼ੌਰਿਸਟ ਗੇਟ, ਲੰਡਨ (ਨਵੰਬਰ 2008)

1. ਦਿਲਚਸਪੀ. ਅਲਗੋਜ਼ੇ ਵਜਾਉਣਾ, ਆਪਣਾ ਹੀ ਲਿਖਿਆ ਗਾਉਣਾਚ, ਸੂਫ਼ੀ ਕਲਾਮ ਸੁਣਨਾ।
   ਸਾਹਿਤ ਸਭਾਵਾਂ – ਸਕੱਤਰ. ਨੈਸ਼ਨਲ ਸ਼ੋਸ਼ਿਲ ਸਰਵਿਸ਼ਜ ਗੁਰੂ ਨਾਨਕ ਨੈਸ਼ਨਲ ਕਾਲਜ਼ ਨਕੋਦਰ 1974–77 ਤੱਕ
   ਪ੍ਰਧਾਨ– 1977 ਤੋਂ 1978 ਜਨਵਰੀ ਤਕ।
2. ਮੈਂਬਰ ਪੰਜਾਬੀ ਸਾਹਿਤ ਸਭਾ ਨਕੋਦਰ 1974–78 (ਪੰਜਾਬ)
3. ਪ੍ਰਗਤੀਸ਼ੀਲ ਲਿਖਾਰੀ ਸਭਾ (ਐਕਟਿਵ ਮੈਂਬਰ) 1985–2000 ਵੁਲਵਰਹੈਂਪਟਨ।(ਯੂ.ਕੇ)
4. ਫਾਊਂਡਰ ਮੈਂਬਰ ਅਤੇ ਸਹਾਇਕ–ਸਕੱਤਰ ਪੰਜਾਬੀ ਅਕੈਡਮੀ– ਵੁਲਵਰਹੈਂਪਟਨ (2000–2004)

5. ਮੈਨਜ਼ਿੰਗ ਕਮੇਟੀ ਬੋਰਡ ਮੈਂਬਰ ਇਟੰਰਨਿਟ ਰਸਾਲਾ www.
likhari.org
6. ਮਜੂਦਾ ਜਨਰਲ ਸਕੱਤਰ. ਪ੍ਰਗਤੀਸ਼ੀਲ ਲਿਖਾਰੀ ਸਭਾ ਬਰਾਂਚ.
ਬ੍ਰਮਿੰਘਮ ਅਤੇ ਸੈਂਡਵਿਲ. ਸਾਲ 2010 ਤੋਂ ਹਾਂ

ਸਾਹਿਤਕ ਪਰਚੇ. ਫਾਊਂਡਰ ਮੈਂਬਰ 'ਪ੍ਰਵਚਨ' ਰਸਾਲ, (ਸ੍ਰਪਰਸਤ.
ਡਾ. ਸਰਵਨ ਚੰਦਰ (ਸਵਰਗਵਾਸੀ) ਅਤੇ ਡਾ. ਦੇਵਿੰਦਰ ਕੌਰ।)

ਵਿਸ਼ੇਸ਼. ਪ੍ਰਤੀਨਿਧ 'ਦੀਪਕ' ਰਸਾਲਾ ਅੰਮ੍ਰਿਤਸਰ ਤੋਂ ਸਾਲ 2009
ਤੋਂ ਚਲ ਰਿਹਾ

ਪਤਾ : 61,Fowler Street, wolverhampton,
WV2-3JD, England,
mob. +44(0) 7501038048

ਭੁਪਿੰਦਰ ਸਿੰਘ ਸੱਗੂ ਜੀ ਦੇ ਪੜ੍ਹਕੇ ਗੀਤ ਗ਼ਜ਼ਲਾਂ,
ਮੈਨੂੰ ਸ਼ਾਇਰ ਉਹ ਪਿਆਰੇ ਕਮਾਲ ਜਾਪੇ।
ਕਿਹਦੇ ਨਾਲ਼ ਮੈਂ ਦਿਆਂ ਤਸਬੀਹ ਇਹਦੀ,
ਇਹ ਖੁਦ ਆਪਣੀ ਆਪ ਮਿਸਾਲ ਜਾਪੇ।
ਬੇਹੱਦ ਸੂਝ ਸਿਆਣਪ ਦੀ ਲਿਖਤ ਇਹਦੀ,
ਵਧੀਆ ਇਸ ਦਾ ਹਰ ਇੱਕ ਖਿਆਲ ਜਾਪੇ।
ਅੰਨੇ ਬੋਲੇ ਕਨੂੰਨ ਦੀ ਬਾਤ ਕਰਕੇ,
ਖੜਾ ਇਹ ਮਜਲੂਮਾਂ ਦੇ ਨਾਲ਼ ਜਾਪੇ।
ਜਿਹਨਾਂ ਇਹਨਾਂ ਦਾ ਮਾਣ ਸਤਿਕਾਰ ਕੀਤਾ,
ਹੀਰਾਂ ਉਹਨਾਂ ਅਨਮੋਲ ਇਹ ਜਾਣਿਆ ਹੈ।
'ਨੂਰੀ' ਸ਼ਾਇਰ ਵੀ ਵਾਚਕੇ ਇਹਦੀ ਕਵਿਤਾ,
ਲੁਤਫ਼ ਸ਼ਾਇਰੀ ਦਾ ਵਧੀਆ ਮਾਣਿਆ ਹੈ।



ਭੁਪਿੰਦਰ ਸਿੰਘ ਸੱਗੂ ਨੂੰ ਜਦੋਂ ਮੈਂ ਫੋਨ ਕੀਤਾ,
ਉੱਤਰ ਵਿੱਚ ਉਸਨੂੰ ਮਿਲਣ ਸਾਰ ਤੱਕਿਆ।
ਤੱਕਿਆ ਉਹ ਮੁਹੱਬਤ ਦੀ ਮਹਿਕ ਵਰਗਾ,
ਸਿੱਖੀ ਰੂਪ ਵਿੱਚ ਸਿੰਘ ਸਰਦਾਰ ਤੱਕਿਆ।
ਬੋਲਚਾਲ ਵਿੱਚ ਪੂਰਨ ਸੰਜ਼ੀਦਗੀ ਹੈ,
ਕਵਿਤਾ ਵਿੱਚ ਉਹ ਬੜਾ ਖ਼ੁਦਦਾਰ ਤੱਕਿਆ।
ਪੂਜਣ ਵਾਲਾ ਨਹੀਂ ਉਕਾ ਉਹ ਪੱਥਰਾਂ ਨੂੰ,
ੴ ਸੰਗ ਉਸ ਦਾ ਪਿਆਰ ਤੱਕਿਆ।
ਉਹਦੀ ਮਿਲਵਰਤਨ ਮੂੰਹੋ ਬੋਲਦੀ ਹੈ,
ਉਹਦੇ ਬੋਲਾਂ 'ਚੋਂ ਇੱਦਾ ਕੁਝ ਜਾਣਿਆ ਮੈਂ।
ਇਸ ਪੁਸਤਕ ਵਿੱਚ ਉਸ ਨੂੰ ਕਰ ਸ਼ਾਮਲ,
ਹੀਰਾਂ 'ਨੂਰੀ' ਅਨਮੋਲ ਪਹਿਚਾਣਿਆ ਮੈਂ।

ਵਲੋਂ – ਅਨੂਪ ਸਿੰਘ ਨੂਰੀ

***********

ਭੁਪਿੰਦਰ ਸਿੰਘ ਸੱਗੂ, ਵੁਲਵਰਹੈਂਪਟਨ

# ਕਲਯੁੱਗ ਤਾਰਨ ਲਈ

ਨਾਨਕ ਨੂਰ ਆਇਆ, ਨ੍ਹੇਰੀ ਧਰਤ ਉੱਤੋ,
ਬੀਆ ਬਾਨ ਵਿਚ ਜਿਵੇਂ ਬਹਾਰ ਆਏ।
ਮਹਿਕੀ ਲਾਜਵੰਤੀ ਪੂਰੇ ਚਮਨ ਅੰਦਰ,
ਪੱਤੀ ਪੱਤੀ ਦੇ ਉੱਤੇ ਸ਼ਿੰਗਾਰ ਆਏ।
ਹਨੇਰਾ ਦੂਰ ਹੋਇਆ ਪਾਪ ਕੁਫ਼ਰ ਵਾਲਾ,
ਸਾਰੇ ਜੱਗ ਨੂੰ ਦੇਣ ਦੀਦਾਰ ਆਏ।
ਪਰਜਾ ਹਾਕਮਾਂ ਨੇ ਕੋਹੀ ਛੁਰੀ ਹੇਠਾਂ,
ਦਰਦ ਮੰਦਾਂ ਦੀ ਸੁਣ ਪੁਕਾਰ ਆਏ।
ਹਨੇਰਾ ਦੂਰ ਹੋਇਆ ਸਾਰੇ ਜੱਗ ਵਿਚੋਂ,
ਕਲਾਕਾਰ ਜਾਂ ਧਾਰ ਅਵਤਾਰ ਆਏ।
ਭਾਗਾਂ ਵਾਲੀ ਨਨਕਾਣੇ ਦੀ ਧਰਤ ਉੱਤੇ,
ਕੁਲਯੁੱਗ ਤਾਰਨੇ ਲਈ ਨਿਰੰਕਾਰ ਆਏ।

ਹਰ ਇੱਕ ਖੇਤ ਨੂੰ ਭਾਗ ਲਗਾਵਗੇ ਲਈ,
ਮੱਝਾਂ ਚਾਰਦਾ ਰੂਪ ਕਰਤਾਰ ਦਾ ਸੀ।
ਉਹਦੇ ਮੁੱਖ ਤੋਂ ਧੁੱਪ ਹਟਾਵਣੇ ਲਈ
ਫ਼ਨੀਅਰ ਆਪਣਾ ਫ਼ੰਨ ਖਿਲਾਰਦਾ ਸੀ।
ਕਰੀ ਚਾਕਰੀ ਸੀ ਜਦੋਂ ਬਣ ਮੋਦੀ
ਤੇਰਾਂ ਤੇਰਾਂ ਦੀ ਰਟ ਉਚਾਰਦਾ ਸੀ।
ਭੁੱਖੇ ਨੰਗੇ ਫ਼ਕੀਰਾਂ ਨਾਲ਼ ਗੰਢ ਯਾਰੀ,
ਤਪਦੇ ਸੀਨਿਆਂ ਦੇ ਤਾਈਂ ਠਾਰਦਾ ਸੀ।
ਰਾਕਸ਼, ਦੈਂਤ, ਸੱਜਣ ਠੱਗ ਵਰਗਿਆਂ ਦਾ,
ਚੱਲ ਕੇ ਆਪ ਸੀ ਕਰਨ ਉਧਾਰ ਆਏ।



ਭਾਗਾਂ ਵਾਲੀ ਨਨਕਾਣੇ ਦੀ ਧਰਤ ਉੱਤੇ,
ਕਲਯੁੱਗ ਤਾਰਨੇ ਲਈ ਨਿਰੰਕਾਰ ਆਏ।

ਮੱਕੇ ਜਾ ਕੇ ਗੱਲ ਮੁਕਾ ਦਿੱਤੀ,
ਜ਼ੱਰੇ ਜ਼ੱਰੇ 'ਚ ਰੱਬ ਦਾ ਨੂਰ ਡਿੱਠਾ।
ਮਿਲੇ ਸ਼ਾਂਤੀ ਨਾ ਪੱਥਰ ਬਹੁ ਪੂਜੇ,
ਲੋਕਾਂ ਬਾਣੀ ਦੇ ਵਿੱਚ ਸਰੂਰ ਡਿੱਠਾ।
ਮਿਲੀ ਦਇਆ ਨਾ ਭਾਗੋ ਵਰਗਿਆਂ ਤੋਂ,
ਜ਼ਾਤ ਪਾਤ ਦਾ ਭਰਮ ਜ਼ਰੂਰ ਡਿੱਠਾ।
ਝਾਤ ਮਾਰੀ ਗਰੀਬਾਂ ਦੇ ਦਿਲ ਅੰਦਰ,
ਰਿਸਦਾ ਲਾਲੋ ਦੇ ਦਿਲ ਨਾਸੂਰ ਡਿੱਠਾ।
ਵੰਡ ਖਾਵਣਾ ਤੇ ਹੱਥੀਂ ਕਿਰਤ ਕਰਨੀ,
ਆਪਣੇ ਅਮਲ ਬੀ ਕਰਨ ਪਰਚਾਰ ਆਏ।
ਭਾਗਾਂ ਵਾਲੀ ਨਨਕਾਣੇ ਦੀ ਧਰਤ ਉੱਤੇ,
ਕਲਯੁੱਗ ਤਾਰਨੇ ਲਈ ਨਿਰੰਕਾਰ ਆਏ।

ਬਾਬੇ ਮਾਰਿਆ ਤਰਕ ਦਾ ਤੀਰ ਐਸਾ,
ਮਾਣ ਵਲੀ ਕੰਧਾਰੀ ਦਾ ਤੋੜ ਦਿੱਤਾ।
ਘੁੱਟ ਪਾਣੀ ਦਾ ਦੇਵੇ ਨਾ ਪੀਣ ਤਾਈਂ,
ਬਾਬੇ ਰੁੱਖ ਦਰਿਆਵਾਂ ਦਾ ਮੋੜ ਦਿੱਤਾ।
ਪਰਬਤ ਚੜ੍ਹ ਕੇ ਐਸੀ ਵਾਜ ਮਾਰੀ,
ਦਿਲ ਸਿੱਧਾਂ ਦਾ ਬਾਬੇ ਝੰਜੋੜ ਦਿੱਤਾ।
ਬਾਬਰ ਨਾਲ਼ ਵੀ ਸਿੱਧੀਆਂ ਕਰ ਗੱਲਾਂ,
ਜਾਬਰ ਬੰਦੇ ਨੂੰ ਸੱਚ ਨਾਲ਼ ਜੋੜ ਦਿੱਤਾ।
ਮਨ-ਮੰਦਰ ਤੋਂ ਵੱਡਾ ਨਾ ਰੱਬ ਕੋਈ,
ਹੋਕਾ ਦੇਣ ਸੀ ਵਿੱਚ ਸੰਸਾਰ ਆਏ।
ਭਾਗਾਂ ਵਾਲੀ ਨਨਕਾਣੇ ਦੀ ਧਰਤ ਉੱਤੇ,
ਕਲਯੁੱਗ ਤਾਰਨੇ ਲਈ ਨਿਰੰਕਾਰ ਆਏ।

ਧਰਮ ਉੱਡਿਆ ਜਦੋਂ ਸੀ ਖੰਭ ਲਾ ਕੇ,
ਧਰਮੀ ਬੰਦੇ ਵੀ ਪਾਪ ਕਮਾਉਣ ਲੱਗੇ।
ਕੂਕ ਸੁਣੇ ਨਾ ਕੋਈ ਮਨੁੱਖਤਾ ਦੀ,
ਰਾਜੇ ਬਣ ਕਸਾਈ ਪਰਜਾ ਕੋਹਣ ਲੱਗੇ।
ਨ੍ਹੇਰਾ ਕੁਫ਼ਰ ਦਾ ਮੱਚਿਆ ਚਹੁੰ-ਕੂਟੀਂ,
ਨਾਨਕ ਗੁਰੂ ਜਦੋਂ ਧਰਮੀ ਆਉਣ ਲੱਗੇ।
ਮਿੱਟੀ ਧੁੰਦ ਪਾਪ ਦੀ, ਤੇ ਠੰਡ ਵਰਤੀ,
ਅਰਸ਼ੋਂ ਦੇਵਤੇ ਫੁੱਲ ਵਰਸਾਉਣ ਲੱਗੇ।
ਧਰਤੀ ਉੱਤੇ ਨਪੀੜੀ ਮਨੁੱਖਤਾ ਦੀ,
ਹਾਹਾਕਾਰ ਸੁਣ 'ਸੱਗੂ' ਅਵਤਾਰ ਆਏ।
ਭਾਗਾਂ ਵਾਲੀ ਨਨਕਾਣੇ ਦੀ ਧਰਤ ਉੱਤੇ,
ਕਲਯੁੱਗ ਤਾਰਨੇ ਲਈ ਨਿਰੰਕਾਰ ਆਏ।

*************

## ਜੁਗਨੂੰਆਂ ਦਾ ਸ਼ਹਿਰ

'ਨ੍ਹੇਰ ਮੱਚਿਆ ਜੁਗਨੂੰਆਂ ਦੇ ਸ਼ਹਿਰ ਵਿੱਚ
ਰੌਸ਼ਨੀ ਦੇ ਦੀਪ ਬੁੱਝਦੇ ਜਾ ਰਹੇ,
ਆਪਣੀ ਪਹਿਚਾਣ ਕਿੱਦਾਂ ਦੇਣਗੇ
ਬਰਫ਼ ਦੇ ਪਰਬਤ ਨੇ ਖ਼ੁਰਦੇ ਜਾ ਰਹੇ।



ਮਜ਼੍ਹਬ ਦੀ ਸ਼ਿੱਦਤ ਨਿਰੀ ਦੀਵਾਨਗੀ
ਸੇਕ ਮਾਰੂ-ਅੱਗ ਦਾ, ਫੁੱਲ ਸਹਿ ਰਹੇ।
ਨਫ਼ਰਤ ਦਾ ਬਾਰੂਦ ਸਾਹੀਂ ਘੁਲ ਰਿਹਾ
ਜੁਗਾਂ ਤੋਂ ਮਾਸੂਮ ਏਦਾਂ ਕਹਿ ਰਹੇ।

ਸੁਪਨਿਆਂ ਦੇ ਮਹਿਲ ਪਲਾਂ 'ਚ ਢਹਿ ਗਏ
ਇਹ ਵਹਿਸ਼ੀ ਲੋਕ ਕਿਥੋਂ ਆ ਗਏ,
ਕੌਣ ਖ਼ੂਨੀ ਰੰਗ ਨੂੰ ਹੈ ਡੋਲ੍ਹਦਾ
ਕਲੀਆਂ ਦੇ ਚਾਵਾਂ ਨੂੰ ਕੱਚੇ ਖਾ ਗਏ।

ਰਾਕਟਾਂ ਦੇ ਯੁੱਗ ਅੰਦਰ ਦੇਖਿਆ
ਇਨਸਾਨ ਦਾ ਸੁਪਨਾ ਹੈ ਸੂਲੀ ਲਟਕਿਆ,
ਹਰ ਤਰਫ਼ ਫ਼ਰਿਆਦ ਧਾਹਾਂ ਮਾਰਦੀ
ਸੱਚ ਦਾ ਕਲਬੂਤ ਰੋਇਆ ਵਿਲਕਿਆ।

ਜੰਗ, ਜ਼ੁਲਮ, ਜਬਰ ਮਾਨਵ ਜਰ ਰਿਹਾ
ਤਾਜ ਦੀ ਮਸਤੀ 'ਚ ਹਾਕਮ ਸੌਂ ਰਿਹਾ,
ਰੌਸ਼ਨੀ ਨੂੰ 'ਨ੍ਹੇਰ ਸਾਲਮ ਨਿਗਲਦਾ
ਕਾਨੂੰਨ ਅੰਨ੍ਹਾਂ, ਬੋਲਾ, ਗੂੰਗਾ ਹੋ ਰਿਹਾ।

ਮਸ਼ਕਾਂ ਬੱਧੇ ਬੇ-ਗੁਨਾਹੇ ਜਾ ਰਹੇ
ਜ਼ਿੰਦਗੀ ਦਾ ਗੀਤ ਫਿਰ ਵੀ ਗਾ ਰਹੇ,
ਸੱਚ ਨੂੰ ਪਰਵਾਨ ਜਿਹੜੇ ਹੋ ਗਏ
ਸ਼ਖ਼ਸ ਉਹੀ ਸੂਲੀ ਨੇ ਚੜ੍ਹਦੇ ਜਾ ਰਹੇ।

*************

## ਗ਼ਜ਼ਲ

ਪੱਥਰ ਅੱਗੇ ਫੁੱਲ ਚੜ੍ਹਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।
ਜ਼ਾਲਮ ਅੱਗੇ ਸੀਸ ਝੁਕਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਵਸਲ ਤਿਰੇ ਦੀ ਉਂਗਲੀ ਫੜ ਕੇ ਲੰਘ ਜਾਵਾਂਗਾ ਮਾਰੂਥਲ,
ਤੇ ਗ਼ੈਰਾਂ ਦਾ ਦਰ ਖੜਕਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਰਿਸ਼ਤੇ ਦੀ ਸੀਮਾ ਦੇ ਤਾਈਂ ਛੱਡ ਆਇਆਂ ਹਾਂ ਦੂਰ ਪਰੇ,
ਮੈਂ ਮੁੜ ਫਿਰ ਉਸ ਰਾਹੇ ਜਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਸੱਜਣ ਲੰਘਿਆ ਨੀਵੀਂ ਪਾ ਕੇ ਦਿਲ ’ਤੇ ਕਹਿਰ ਗੁਜ਼ਾਰ ਗਿਆ,
ਪਿੱਛੇ ਵਾਜਾਂ ਮਾਰ ਬਲਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਹੱਕਾਂ ਦੇ ਲਈ ਜੂਝ ਮਰਾਂਗਾ, ਸੂਲੀ ਨੂੰ ਵੀ ਚੁੰਮਾਂਗਾ,
ਵੇਖ ਕੇ ਮੁਸ਼ਕਿਲ ਪਿੱਛੇ ਆਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਆਪਣੇ ਮਨ ਦੀ ਪਿਆਸ ਬੁਝਾਵਣ ਲਈ, ਮੈਂ ਡੀਕਾਂ ਸਾਗਰ ਨੂੰ,
ਸਾਗਰ ਕੰਢੇ ਪਿਆਸ ਹੰਢਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

ਆਪਣੀ ਰੱਤ ਦਾ ਦੀਪ ਜਗਾਵਾਂ, ਆਉਂਦੇ ਜਾਂਦੇ ਰਾਹੀਆਂ ਲਈ,
ਸਮੇਂ ਦੇ ਝੱਖੜ ਵਿੱਚ ਬੁਝ ਜਾਵਾਂ, ਇਹ ਮੈਨੂੰ ਮਨਜ਼ੂਰ ਨਹੀਂ।

************



## ਅਸੀਂ ਵਤਨ ਦੇ, ਵਤਨ ਹੈ ਜਾਨ ਸਾਡੀ

ਅਸੀਂ ਹਿੰਦੀ ਹਾਂ ਹਿੰਦ ਦੇ ਅਸੀਂ ਰਾਖੇ,
ਸਾਨੂੰ ਮਾਣ ਹੈ ਪੰਜਾਂ ਪਿਆਰਿਆਂ ਤੇ।
ਜੀਹਨਾਂ ਸੀਸ ਦੇ ਕੇ ਸਿੰਘਾਂ ਲਈ ਸਿੱਖੀ,
ਉਹਨਾਂ ਦੂਲਿਆਂ ਗੁਰੂ ਦੁਲਾਰਿਆਂ ਤੇ।
ਗ਼ਦਰ ਲਹਿਰ ਚਲਾਈ ਜੋ ਬਾਬਿਆਂ ਨੇ,
ਲਾ ਕੇ ਚੋਣ ਰਣਜੀਤ ਨਗਾਰਿਆਂ ਤੇ।
ਆਓ ਉਹਨਾਂ ਦੇ ਅੱਜ ਬਲਿਹਾਰ ਜਾਈਏ,
ਸੂਝ ਬੂਝ ਦੇ ਇਹਨਾਂ ਸਿਤਾਰਿਆਂ ਤੇ।
ਸਾਡੀ ਅਣਖ ਨੂੰ ਜੀਹਨਾਂ ਵੰਗਾਰਿਆਂ ਹੈ,
ਪਾਈਏ ਲਾਅਨਤਾਂ ਉਹਨਾਂ ਹੈ ਸਿਆਰਿਆਂ ਤੇ।
ਅਸੀਂ ਵਤਨ ਦੇ, ਵਤਨ ਹੈ ਜਾਨ ਸਾਡੀ,
ਜ਼ਿੰਦ ਵਾਰਾਂਗੇ ਇਹ ਦੇ ਇਸ਼ਾਰਿਆਂ ਤੇ।

ਸਾਡੇ ਵਤਨ ਦੀ ਸਰ ਜ਼ਮਾਨ ਉੱਤੇ,
ਜੀਹਨਾਂ ਆਣ ਕੇ ਹਿੱਕਾਂ ਨੂੰ ਤਾਣਿਆਂ ਸੀ।
ਸਾਡੇ ਉੱਤੇ ਹਕੂਮਤ ਦਾ ਪਾ ਦਾਬਾ,
ਰਾਜ ਭਾਗ ਕਰਨਾ ਜੀਹਨਾਂ ਠਾਣਿਆਂ ਸੀ।
ਲੈਂਡ ਐਲੀਟੇਸ਼ਨ ਜਿਹੇ ਐਕਟ ਬਣਾ ਕੋੜੇ,
ਸਾਨੂੰ ਮਾਲਕਾਂ ਨੂੰ ਗਾਹਕ ਜਾਣਿਆਂ ਸੀ।
ਸਾਡੇ ਪੈਰੀ ਗੁਲਾਮੀ ਜੰਝੀਰ ਪਾ ਕੇ,
ਵਤਨ ਸਿਰੀ ਸਾਡੇ ਜ਼ੁਲਮੀ ਤਾਣਿਆਂ ਸੀ।
ਅਸੀਂ ਓਸ ਸਰਕਾਰ ਨੂੰ ਦੱਸ ਰਹੇ ਹਾਂ,
ਸਾਨੂੰ ਰੋਹ ਇਹ ਹੈ ਤੁਸਾਂ ਤੇ ਕਾਰਿਆਂ ਤੇ
ਇਹ ਵਤਨ ਸਾਡਾ ਇਸ ਦੀ ਆਨ ਖ਼ਾਤਰ,
ਜ਼ਿੰਦ ਵਾਰਾਂਗੇ ਇਹਦੇ ਇਸ਼ਾਰਿਆਂ ਤੇ।

ਖ਼ੂਨੀ ਵਰਕ ਇਤਿਹਾਸ ਦਾ ਜਿਕਰ ਕਰੀਏ,
ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ।
ਬੂਟੇ ਕੌਮੀ ਆਜ਼ਾਦੀ ਦੇ ਸਿੰਜਣੇਂ ਲਈ,
ਜੀਹਨਾਂ ਡੋਹਲਿਆ ਖ਼ੂਨ ਜ਼ਿੰਦਗਾਨੀਆਂ ਦਾ।
ਰੱਸੇ ਫਾਂਸੀ ਦੇ ਚੁੰਮਦੇ ਰਹੇ ਜਿਹੜੇ,
ਸਾਨੀ ਕੌਣ ਹੈ ਉਹਨਾਂ ਲਾ ਸਾਨੀਆਂ ਦਾ।
ਗ਼ਦਰ ਬਾਬਿਆ ਨੇ ਆਖ਼ਰ ਅੰਤ ਕੀਤਾ,
ਗੋਰੇ ਰਾਜ ਦੀਆਂ ਮਨ ਮਾਨੀਆਂ ਦਾ।
ਦੇਸ਼ ਭਗਤਾਂ ਨੇ ਸਿਰਾਂ ਦੀ ਬਲੀ ਦੇ ਕੇ,
ਬੇੜੀ ਕੌਮ ਦੀ ਲਾਈ ਕਿਨਾਰਿਆਂ ਤੇ।
ਨਾਅਰਾ ਉਹਨਾਂ ਦਾ ਸੀ ਕੌਮੀ ਸ਼ਾਨ ਖ਼ਾਤਰ,
ਜ਼ਿੰਦ ਵਾਰਾਂਗੇ ਇਹਦੇ ਇਸ਼ਾਰਿਆਂ ਤੇ।

ਉਏ ਗੋਰਿਓ! ਅਕਲ ਦਿਉ ਥੋਥਿਓ ਓਏ,
ਪੜ੍ਹਕੇ ਸਾਡਾ ਇਤਿਹਾਸ ਵਿਚਾਰ ਵੇਖੋ
ਕਿੰਨ੍ਹੀ ਸਾਡੇ ਸ਼ਹੀਦਾਂ ਦੀ ਲਿਸਟ ਲੰਮੀ,
ਕਦੇ ਏਸ ਉੱਤੇ ਝਾਤੀ ਮਾਰ ਵੇਖੋ।
ਬਾਬੇ ਗ਼ਦਰੀ ਵੀ ਸਾਡੇ ਦਲੇਰ ਕਿੰਨ੍ਹੇ,
ਗ਼ਦਰ ਲਹਿਰ ਦੇ ਛਪੇ ਅਖ਼ਬਾਰ ਵੇਖੋ।
ਸਾਡੇ ਬੱਚੇ ਵੀ ਮੌਤ ਨੂੰ ਟਿਚ ਜਾਨਣ,
ਹੋਏ ਵਤਨ ਲਈ ਜਿਹੜੇ ਨਿਸਾਰ ਵੇਖੋ
ਗੋਬਿੰਦ ਗੁਰੂ ਦੇ ਸੋਹਣੇ ਸਪੂਤ ਵੇਖੋ,
ਨੱਚੇ ਕਿਵੇਂ ਸੀ ਤੇਗ਼ਾਂ ਦੋ ਧਾਰਿਆਂ ਤੇ।
ਅਸੀਂ ਵਤਨ ਦੇ ਵਤਨ ਹੈ ਜਾਨ ਸਾਡੀ,
ਜ਼ਿੰਦ ਵਾਰਾਂਗੇ ਇਹਦੇ ਇਸ਼ਾਰਿਆਂ ਤੇ।



ਗ਼ਦਰ ਲਹਿਰ ਇੱਕ ਸਿੱਖ ਇਨਕਲਾਬ ਹੈਸੀ,
95 ਫੀਸਦੀ ਸਿੰਘ ਸਰਦਾਰ।
ਐਕਸ਼ਨ ਸਾਰੇ ਪੰਜਾਬ ਵਿਚ ਇਹਨਾਂ ਕੀਤੇ,
ਸੈਂਟਰ ਇਹਨਾਂ ਦੇ ਗੁਰੂ ਦਰਬਾਰ।
ਮੁਸਲਮਾਨ ਵੀ ਇੱਕ ਦੋ ਹੋਏ ਸ਼ਾਮਲ,
ਜ਼ਜਬੇ ਜੀਹਨਾਂ ਦੇ ਹੋਏ ਬੇਦਾਰ।
ਵਿਸ਼ਨੂੰ ਗਣੇਸ਼ ਤੋਂ ਬਿਨਾਂ ਸਭ ਹੋਰ ਹਿੰਦੂ,
ਸਾਬਤ ਕੌਮ ਦੇ ਹੋਏ ਗ਼ਦਾਰ।
ਮੁਆਫ਼ੀ ਮੰਗ ਕੇ ਕਿਹਾ ਹਰਦਿਆਲ ਲਾਲੇ,
ਮੇਹਰ ਕਰੋ ਕੁਝ ਅਸਾਂ ਨਿਕਾਰਿਆਂ ਤੇ।
ਸਿੱਖਾਂ ਆਖਿਆ ਵਤਨ ਇਹ ਜਾਨ ਸਾਡੀ,
ਜਾਨ ਵਾਰਾਂਗੇ ਇਹ ਦੇ ਇਸ਼ਾਰਿਆਂ ਤੇ।

ਪਰਮਾਂ ਨੰਦ, ਰਾਮ ਚੰਦ ਤੇ ਹੋਰ ਹਿੰਦੂ,
ਏਸੇ ਤਰ੍ਹਾਂ ਦੇ ਕੌਮੀ ਗਦਾਰ ਨਿਕਲੇ।
ਅਮਰੂ, ਨਥਾ, ਗੰਗੂ, ਸੇਵਾ, ਰਘੂ, ਬਾਬੂ,
ਏਹੋ ਜਿਹੇ ਕਈ ਗੋਰੇ ਦੇ ਯਾਰ ਨਿਕਲੇ।
ਜਗਤਾਰ, ਪਰਮਾਨੰਦ, ਪ੍ਰਿਥੀ, ਸਿੰਹੂ ਹਿੰਦੂ,
ਬਚ ਜਾਣ ਦੇ ਵਿੱਚ ਹੁਸ਼ਿਆਰ ਨਿਕਲੇ
ਕੇਸਾਂ ਵਾਲੇ ਹੀ ਸਿੰਘ ਸ਼ਹੀਦ ਹੋਏ,
ਨਜ਼ਰ ਬੰਦ ਵੀ ਸਿੰਘ ਸਰਦਾਰ ਨਿਕਲੇ।
ਖ਼ੁਫੀਏ ਮਹਿਕਮੇ ਦਾ ਹਾਪ ਕਿਨਸਨ ਦੋਗਲਾ ਇੱਕ,
ਬਾਬੇ ਦੁੱਖੀ ਸਨ ਉਹ ਦਿਆਂ ਕਾਰਿਆਂ ਤੋਂ।
ਸੇਵਾ ਸਿੰਘ ਲੋਪੋਕੀ ਨੇ ਕਿਹਾ ਮਾਰ ਉਹ ਨੂੰ,
ਜ਼ਿੰਦ ਵਾਰਾਂਗੇ ਵਤਨ ਇਸ਼ਾਰਿਆਂ ਤੋਂ।

**************

# ਨੇਕ ਦਿਲ ਇਨਸਾਨ - ਜਸਵਿੰਦਰ ਦੂਹੜਾ



ਜਸਵਿੰਦਰ ਦੂਹੜਾ ਨਿਵਾਸੀ ਹੈ ਦੂਹੜਿਆਂ ਦਾ,
ਜਲੰਧਰ ਜਿਲ੍ਹੇ 'ਚ ਦੂਹੜੇ ਗਰਾਮ ਇਹਦਾ।
ਕਵਿਤਾ, ਗੀਤ, ਗ਼ਜ਼ਲ ਲਿਖਦਾ ਬਹੁਤ ਵਧੀਆ,
ਦੂਹੜਾ ਪੈ ਗਿਆ ਤਦੇ ਉਪ-ਨਾਮ ਇਹਦਾ।
ਦੂਹੜਾ, ਦੂਹੜਾ ਹੀ ਕਹਿੰਦੇ ਨੇ ਲੋਕ ਇਸਨੂੰ,
ਬਹੁਤ ਘੱਟ ਜਾਨਣ ਪੂਰਾ ਨਾਮ ਇਹਦਾ।
ਸ਼ਾਇਰ 'ਸੰਧੂ' ਨੇ ਨੂਰੀ ਨੂੰ ਦੱਸਿਆ ਏ,
ਵਧੀਆ ਬਹੁਤ ਕੰਪਿਊਟਰ ਦਾ ਕਾਮ ਇਹਦਾ।
ਵਾਹ ਪਿਆ ਤੇ ਮੈਨੂੰ ਮਹਿਸੂਸ ਹੋਇਆ,
ਮਾਣ ਇਹਦਾ ਹਰ ਸ਼ਾਇਰ ਮਹਾਨ ਕਰਦਾ।
ਇਹਨੂੰ ਵੇਖਿਆ ਪਰਖਿਆਂ ਜਾਣਿਆ ਮੈਂ,
ਸਾਹਿਤਕਾਰਾਂ ਦਾ ਇਹ ਵੀ ਹੈ ਮਾਣ ਕਰਦਾ।

ਇਹਦੇ ਵਿੱਚ ਇੱਕ ਖੂਬੀ ਕਮਾਲ ਦੇਖੀ,
ਸਾਹਿਤਕਾਰਾਂ ਦਾ ਖਾਸ ਖ਼ਿਆਲ ਰੱਖਦਾ।



ਨੇਕੀ ਨਿਮਰਤਾ ਦੀ ਦੌਲਤ ਪਾਸ ਇਸਦੇ,
ਹਿਰਦਾ ਆਪਣਾ ਬੜਾ ਵਿਸ਼ਾਲ ਰੱਖਦਾ।
ਕੀਤੇ ਕੌਲ ਦਾ ਬੜਾ ਪਾਬੰਦ ਹੈ ਇਹ,
ਵਾਅਦਾ ਕਰੇ ਜੋ ਉਸਦਾ ਖ਼ਿਆਲ ਰੱਖਦਾ।
ਇਸਨੂੰ ਮਿਲਦਿਆ ਦਿਲਾਂ ਦੇ ਕੰਵਲ ਖਿੜਦੇ,
ਐਸਾ ਪਾਸ ਮੁਹੱਬਤ ਦਾ ਮਾਲ ਰੱਖਦਾ।
ਇਹਦੀ ਨੇਕੀ ਦਾ ਕੀ- ਕੀ ਸਬੂਤ ਦੇਈਏ,
ਸ਼ਾਇਰ 'ਸੰਧੂ' ਜਿਹੇ ਕਰਨ ਵਡਿਆਈ ਇਹਦੀ।
ਇਸ ਨੇ ਐਮ. ਏ. ਪੰਜਾਬੀ ਦੀ ਪਾਸ ਕੀਤੀ,
ਧਰਮ ਕੰਢੇ ਜਿਹੀ 'ਨੂਰੀ' ਸਚਾਈ ਇਹਦੀ।

ਵਲੋਂ - ਅਨੂਪ ਸਿੰਘ ਨੂਰੀ

************

## ਜਸਵਿੰਦਰ ਦੂਹੜਾ

## ਗ਼ਜ਼ਲ

ਭਾਈ-ਭਾਈ ਦਾ ਹੈ ਵੈਰੀ,
ਮਸਲਾ ਇਹ ਹਰ ਇਕ ਘਰ ਦਾ ਹੈ।
ਕੌਣ ਕਿਸੇ ਦਾ ਦਰਦੀ ਬਣਦਾ,
ਬੰਦਾ ਹੋਇਆ ਪੱਥਰ ਦਾ ਹੈ।

ਸਾਰਾ ਦਿਨ ਮੈਂ ਹੱਸਾਂ ਖੇਡਾਂ,
ਖਾਬ ਸਜਾਵਾਂ ਨੈਣਾਂ ਦੇ ਵਿੱਚ
ਐਪਰ ਸੂਰਜ ਢਲਦੇ ਮੇਰਾ,
ਹਰ ਇਕ ਹੀ ਸੁਫ਼ਨਾ ਮਰਦਾ ਹੈ।

ਆਪਣੀ-ਆਪਣੀ ਰੋਟੀ ਰਾਹੜਕੇ,
ਤੁਰ ਗਏ ਹਾਕਮ ਵਾਰੋ-ਵਾਰੀ
ਜਨਤਾ ਸਮਝੇ ਖਬਰੇ ਮਸਲਾ,
ਉਹਦੇ ਮਸਜਿਦ ਮੰਦਰ ਦਾ ਹੈ।

ਯਾ ਰੱਬ ! ਤੇਰੀ ਦੁਨੀਆਂ ਦੇ ਵਿੱਚ,
ਵੱਡਿਆ ਦੀ ਤੱਕ ਰਹਿਣੀ- ਬਹਿਣੀ
ਮੇਰੇ ਅੰਦਰ ਬੈਠਾ ਬੱਚਾ,
ਵੱਡਾ ਹੋਣੋਂ ਹੀ ਡਰਦਾ ਹੈ।

ਮਜ਼ਬੂਰੀ ਕਾਰਨ ਕਈ ਵਾਰੀ,
ਜਿੱਤੀ ਬਾਜ਼ੀ ਹਰ ਜਾਂਦੇ ਹਾਂ
ਜਿੱਤ ਕੇ ਹਾਰਨ ਨੂੰ ਦੱਸੋ ਖਾਂ,
ਓਦਾਂ ਕਿਸਦਾ ਚਿੱਤ ਕਰਦਾ ਹੈ।

ਜਾਬਰ ਕੋਲੋਂ ਡਰਦੇ ਲੋਕੀਂ,
ਚੁੱਪ ਕਰ ਕੋਲੋ ਦੀ ਲੰਘ ਜਾਂਦੇ
'ਬਾਬੇ' ਵਾਗੂੰ ਕਿਹੜਾ ਯਾਰੋਂ,
ਸੀਸ ਤਲੀ 'ਤੇ ਹੁਣ ਧਰਦਾ ਹੈ।

ਬਲਦਾ ਹੈ ਮੱਥੇ ਦਾ ਸੂਰਜ,
ਤਨ ਵਿੱਚ ਵੀ ਹੈ ਗਰਮੀ ਮੇਰੇ
ਮੇਰੀ ਛਾਂਵੇ ਬੈਠਾ ਫਿਰ ਕਿਉਂ,
ਹਾਏ-ਹਾਏ ਉਹ ਕਰਦਾ ਹੈ।

ਹੱਕ ਦਾ ਹੋਕਾ ਦਿੱਤਾ ਹੈ ਤੂੰ,
ਆਪਣੀ ਖੈਰ ਮਨਾ 'ਜਸਵਿੰਦਰ'
ਹਾਕਮ ਦਾ ਮੁਖ਼ਬਰ ਵੀ ਚੱਕਰ,
ਲਾਉਂਦਾ ਹੁਣ ਤੇਰੇ ਘਰ ਦਾ ਹੈ।

*************



## ਗ਼ਜ਼ਲ

ਮੂੰਹ 'ਤੇ ਸੱਚੀ ਗੱਲ ਕਹਿ ਦੇਣਾ ਮੇਰੀ ਆਦਤ ਹੈ।
ਕੀ ਇਹ ਆਦਤ ਮੇਰੀ ਬਹੁਤੀ ਭੈੜੀ ਆਦਤ ਹੈ।

ਲੂੰਬੜ ਨੀਤੀ ਦੀ ਤਾਂ ਆਸ ਕਰੋ ਨਾ ਮੇਰੇ ਤੋਂ
ਕੁਝ ਨਾ ਛੁਪਾਣਾ ਸੱਚ ਕਹਿਣਾ ਮੇਰੀ ਆਦਤ ਹੈ।

ਸੁਣਦਾ ਹਾਂ ਸਭ ਦੀ ਪਰ ਕੰਨਾਂ ਦਾ ਮੈਂ ਕੱਚਾ ਨਹੀਂ
ਹਰ ਗੱਲ ਬਾਰੇ ਮੈਨੂੰ ਸੋਚਣ ਦੀ ਵੀਂ ਆਦਤ ਹੈ ।

ਇਹ ਮੁਨਸਿਫ਼ ਨਹੀ, ਇਹ ਕਾਤਿਲ ਹੈ ਸਾਡੀਆਂ ਰੀਝਾਂ ਦਾ
ਸਾਡੀਆਂ ਸਾਝਾਂ ਨੂੰ ਵੰਡ ਦੇਣਾ ਇਸਦੀ ਆਦਤ ਹੈ।

ਤੈਨੂੰ ਮਿਲਾ ਮੈਂ ਪਾਕੇ ਮੁਖੋਟਾ, ਇਹ ਤਾਂ ਠੀਕ ਨਹੀਂ
ਅਸਲੀ ਚਿਹਰੇ ਨਾਲ ਹੀ ਮਿਲਣਾ ਮੇਰੀ ਆਦਤ ਹੈ।

ਹਰ ਵੇਲੇ ਸੋਚਾਂ ਵਿੱਚ ਰਹਿਣਾ ਕੁਝ ਵੀ ਨਾ ਕਹਿਣਾ
'ਜਸਵਿੰਦਰ' ਤੇਰੀ ਇਹ ਮਸਤਾਂ ਜਿਹੀ ਆਦਤ ਹੈ।

****************

# ਗ਼ਜ਼ਲ

ਸੋਚਾਂ ਵਿੱਚ ਪੈ ਜਾਵਾਂ ਅਕਸਰ, ਆਕੇ ਬੁੱਢੇ ਰੁੱਖਾਂ ਥੱਲੇ ।
ਜੀਵਨ ਦੇ ਆਖ਼ਰ ਵਿੱਚ ਆਕੇ, ਕੀ ਰਹਿ ਜਾਂਦਾ ਸਾਡੇ ਪੱਲੇ ।

ਮੇਰਾ ਸ਼ਿਕਵਾ ਕਿਸੇ ਨਾਲ ਨਹੀਂ, ਮੇਰੀ ਕਿਸਮਤ ਵਿੱਚ ਹੈ ਲਿਖਿਆ
ਰਾਹਾਂ ਵਿੱਚ ਭਟਕਣਾ ਯਾਰਾਂ, ਇੱਦਾਂ ਹੀ ਮੈਂ ਕਲਮ 'ਕੱਲੇ ।

ਸ਼ੁਭ ਇੱਛਾਵਾਂ ਦੇ ਤਾਂ ਕਾਰਡ , ਆਉਂਦੇ ਸਨ ਹਰ ਸਾਲ ਹੀ ਮੈਨੂੰ
ਐਪਰ ਕੌਣ ਹੈ ਜਿਸਨੇ ਮੈਨੂੰ, ਕਾਰਡ ਦੀ ਥਾਂ ਫੁੱਲ ਨੇ ਘੱਲੇ ।

ਜੇ ਮੈਂ ਜੀਵਨ ਵਿੱਚੋਂ ਤੇਰੀਆਂ, ਯਾਦਾਂ ਨੂੰ ਕਰ ਦੇਵਾ ਮਨਫ਼ੀ
ਬਾਕੀ ਬਸ ਫਿਰ ਰਹਿਣਾ ਮਿੱਤਰਾਂ, ਮਨਫ਼ੀ ਮਨਫ਼ੀ ਮੇਰੇ ਪੱਲੇ ।

ਕਮਰੇ ਵਿੱਚ ਜਦ ਹੋਵਾਂ 'ਕੱਲਾ, ਅਕਸਰ ਹੀ ਮੈਂ ਡਰ ਜਾਂਦਾ ਹਾਂ
ਸ਼ੀਸ਼ੇ ਵਿੱਚੋਂ ਜਾਪੇ ਮੈਨੂੰ, ਤਕਦਾ ਕੋਈ ਮੇਰੀ ਵੱਲੇ ।

ਆਪਣਾ ਰਾਝਾਂ ਰਾਜ਼ੀ ਰੱਖੀਂ, ਮੇਰੇ ਬਾਰੇ ਨਾ ਤੂੰ ਸੋਚੀਂ
ਜਿਹੜੀ ਗੱਲੇ ਤੂੰ ਹੈ ਰਾਜ਼ੀ, ਰਾਜ਼ੀ ਮੈਂ ਵੀ ਉੱਸੇ ਗੱਲੇ ।

ਰਲਕੇ ਦੇਖੇ ਸਨ ਜੋ ਸੁਫ਼ਨੇ, ਆਪਾਂ ਆਪਣੇ ਜੀਵਨ ਬਾਰੇ
ਹੁਣ ਵੀ ਸੋਚਾਂ ਵਿੱਚ ਆ ਜਾਂਦੇ, ਭੁੱਲੇ ਭਟਕੇ ਝੱਲੇ-ਝੱਲੇ ।

ਜੀਵਨ ਦੇ ਵਿੱਚ ਕੀ ਕੁਝ ਖੱਟਿਆ, ਜਦ ਵੀ ਬਹਿਕੇ ਸੋਚਣ ਲੱਗਾ
ਹੋਠਾਂ ਉੱਤੇ ਆ ਗਏ ਹੌਂਕੇ, ਅੱਖਾਂ ਵਿੱਚੋਂ ਅੱਥਰੂ ਚੱਲੇ ।

****************



# ਅੱਕੜ-ਬੱਕੜ

ਅੱਕੜ ਬੱਕੜ ਭੰਬਾਂ ਭੋਂ
ਅੱਸੀ ਨੱਬੇ ਪੂਰਾ ਸੌ
ਕੋਈ ਕਿਸੇ ਦੇ ਕੰਮ ਨਾ ਆਵੇ
ਗੌਂ ਭਨਾਵੇ ਇੱਥੇ ਜੋ
ਅੱਕੜ ਬੱਕੜ ਭੰਬਾਂ ਭੋਂ......।

ਧਰਮ ਵੇਚਿਆ, ਇਮਾਨ ਵੇਚਿਆ
ਵੇਚ ਦਿੱਤਾ ਹਿੰਦੋਸਤਾਨ
ਇਕ ਦਿਨ ਬੀਬੀ ਬੱਚਿਆਂ ਸਣੇ
ਵੇਚ ਦੇਣਾ ਮਕਾਨ
ਹੱਕ-ਹਲਾਲ ਵੱਲ ਨ੍ਹੀਂ ਦੇਖਣਾ
ਹਰਾਮ ਖਾਣ ਦੀ ਖਾ ਲਈ ਸੌਹ
ਅੱਕੜ ਬੱਕੜ ਭੰਬਾਂ ਬੋਂ......।

ਦਇਆ, ਸਿਖਿਆ ਤੇ ਇਨਸਾਫ਼
ਸਾਰੇ ਸ਼ਬਦ ਹੋ ਗਏ ਪਾਪ
ਡਾਕਟਰ, ਹਾਕਮ ਤੇ ਵਕੀਲ
ਪੈਸੇ ਵਾਲੇ ਦੇ ਨੇ ਖਾਸ
ਖੀਸੀਓ ਖ਼ਾਲੀ ਦੇਖ ਕੇ ਬੰਦਾ
ਉੱਠਕੇ ਲੈਂਦੇ ਬੂਹਾ ਢੋਅ....
ਅੱਕੜ ਬੱਕੜ ਭੰਬਾਂ ਭੋਂ..........।

ਲੂੰਬੜ ਸਾਰੇ ਸਾਧ ਹੋ ਗਏ
ਚਾਰੇ ਪਾਸੇ ਅਪਰਾਧ ਹੋ ਗਏ
ਜ਼ੁਰਮ ਦੇ ਪਹਾੜੇ ਯਾਦ ਹੋ ਗਏ
ਸਾਰੇ ਧਰਮ ਆਜ਼ਾਦ ਹੋ ਗਏ
ਇਕ ਦਿਨ ਇਸ ਬੰਦੇ ਨੇ ਹੀ
ਜਾਣਾ ਜਾ ਕੇ ਰੱਬ ਦੀ ਥਾਂ ਖਲੋ
ਅੱਕੜ ਬੱਕੜ ਭੰਬਾਂ ਭੌਂ.........।

ਪੰਡਤ ਕਈ ਗਊ ਨੇ ਖਾਂਦੇ
ਕਾਜ਼ੀ ਕਈ ਵੀ ਸੂਰ ਨਾ ਛੱਡਦੇ
ਕਰਮ ਧਰਮ ਸਭ ਛੁਪ ਖਲੋਏ
ਮਸਲੇ ਰਹਿ ਗਏ ਦਾੜ੍ਹੀ ਪੱਗਦੇ
ਮੰਦਰ ਮਸਜਿਦ ਗੁਰੂ-ਦੁਆਰੇ ਅੰਦਰ
ਕੀ ਦੱਸਾਂ ਕੀ-ਕੀ ਰਿਹਾ ਏ ਹੋ
ਅੱਕੜ ਬੱਕੜ ਭੰਬਾਂ ਭੌਂ.....।

ਸਾਰੇ ਪਾਸੇ ਭ੍ਰਿਸ਼ਟਾਚਾਰੀ
ਹਾਏ ਗੁਰਬਤ ਹਾਏ ਅੱਤਿਆਚਾਰੀ
ਹਰ ਪਾਸੇ ਬੇਵਸੀ ਤੇ ਲਚਾਰੀ
ਹਾਕਮ ਨੂੰ ਕੋਈ ਸੁੱਧ-ਬੁੱਧ ਨਹੀਂ
ਰਿਹਾ ਅਰਾਮ ਨਾਲ ਤਖ਼ਤ ਤੇ ਸੌਂ
ਅਕੜ ਬੱਕੜ ਭੰਬਾਂ ਭੌਂ........।



ਔਰਤ ਦੀ ਵੀ ਦਸ਼ਾ ਹੈ ਮਾੜੀ
ਹਰ ਥਾਂ ਹੋ ਰਹੀ ਖ਼ੁਆਰੀ
ਕੋਈ ਨਾ ਦੇਖੇ ਕੋਈ ਨਾ ਸੁਣੇ
ਵਿਲਕ ਰਹੀ ਹੈ ਕਰਮਾ ਮਾਰੀ
ਬੰਦਾ ਆਪਣੇ ਆਪ ਨੂੰ ਦੇਖੇ
ਇਨਸਾਨੀਅਤ ਕਿਧਰੇ ਗਈ ਹੈ ਮੋਅ
ਅੱਕੜ ਬੱਕੜ ਭੰਬਾਂ ਭੌਂ...।

ਆਪਣੇ ਲੋਕੀ ਆਪਣਾ ਦੇਸ਼ ਹੈ
ਚੁੱਪ ਕਰ ਜਾ ਤੂੰ ਭੰਬਾਂ ਭੌਂ
ਰਾਮ ਰਾਵਨ ਸਭ ਇਕ ਜਿਹੇ ਨੇ
ਤੈਨੂੰ ਹੀ ਨਹੀ ਕੋਈ ਕੰਨਸੋਂ
ਸ਼ਿਕਵਾ ਨਾ ਕਰ ਤੂੰ ਕਿਸੇ ਨਾਲ ਵੀ
ਅਕਸਰ ਕੱਚੇ ਕੋਠੇ ਜਾਂਦੇ ਚੋ
ਅੱਕੜ ਬੱਕੜ ਭੰਬਾਂ ਭੌਂ...।

*******

# ਗੁਰਬਤ ਦਾ ਗੀਤ

ਇਹ ਮੇਰਾ ਗੀਤ-
ਉਸ ਪੰਜਾਬਣ ਦੇ ਨਾਂ
ਜਿਸ ਦੇ ਸਿਰ 'ਤੇ ਨਾ ਭਾਈਆਂ-
'ਤੇ ਨਾ ਹੀ ਰਹੀ ਬਾਬਲ ਦੀ ਛਾਂ
ਜਿਸਨੂੰ ਜਵਾਨ ਹੁੰਦਿਆਂ ਵੇਖ
ਮੁਰਝਾਈ ਬੈਠੀ ਸੀ ਉਸ ਦੀ ਮਾਂ.....।

ਬਚਪਨ ਬੀਤਿਆ ਜਿਸਦਾ
ਖੇਤਾਂ ਦੇ ਵਿੱਚ ਰੂੜੀ ਪਾਉਂਦਿਆਂ
ਆਇਆ ਜੋਬਨ ਜਿਸ ਉੱਤੇ
'ਗੁਰਬਤ ਦਾ ਗੀਤ' ਗਾਉਂਦਿਆਂ
ਦਾਜ ਦੇ ਵਹਿਸ਼ੀ ਦੈਂਤ ਨੇ ਉਸਦੀਆਂ
ਖਾ ਲਈਆਂ ਸੱਧਰਾਂ........।

ਹਾਣ ਹੰਡਾਉਂਣ ਦੀ ਇੱਛਾ ਜਦ-
ਉਸਦੀ ਦਿਲ ਵਿਚ ਮੋਈ ਸੀ
ਮੇਰੇ ਮੋਢੇ 'ਤੇ ਸਿਰ ਧਰਕੇ
ਉਹ ਮਾਰਕੇ ਧਾਹਾਂ ਰੋਈ ਸੀ
ਠੰਡ ਨਾ ਪਾਈ ਉਦ੍ਹੇ ਤਪਦੇ ਦਿਲ ਨੂੰ
ਮੇਰੇ ਹਮਦਰਦੀ ਭਰੇ ਲਫ਼ਜਾਂ............।



ਢਿੱਡ ਦੀ ਖ਼ਾਤਰ ਕੀਤਾ ਉਸਨੇ
ਆਪਣੇ ਤਨ ਦਾ ਵੀ ਸੌਦਾ
ਬਾਲੜੀ ਉਮਰੇ ਉਸਦੇ ਚਾਵਾਂ ਦਾ
ਸੜ ਗਿਆ ਨਾਜ਼ੁਕ ਪੌਦਾ
ਬਸੇਰਾ ਉਸਦਾ ਜਾਪੇ ਜਿਉਂ
ਔਂਤ ਗਿਆਂ ਦੀ ਹੋਵੇ ਥਾਂ......।

ਕੋਮਲ ਹੱਥਾਂ ਦੇ ਰੱਟਨ
'ਉਹ' ਜਦ ਮੈਨੂੰ ਦਿਖਾਉਂਦੀ ਸੀ
ਚੀਖ਼ਦੀ ਸੀ ਬੇ-ਵਸੀ ਮੇਰੀ
'ਤੇ ਅੱਖ ਮੇਰੀ ਭਰ ਆਉਂਦੀ ਸੀ
ਕਹਿ ਨਹੀਂ ਸਕਦਾ ਹਰਫ਼ਾ ਵਿੱਚ ਮੈਂ
ਉਸਦੀ ਸਾਰੀ ਦਾਸਤਾਂ.....।

ਚਾਂਦਨੀ ਰਾਤੇ ਹੁਣ ਜਦ ਕਦੇ 'ਉਹ'
ਮੇਰੇ ਖ਼ਾਬਾਂ ਦੇ ਵਿੱਚ ਆਉਂਦੀ ਹੈ
'ਮੈਂ ਮਰ ਗਈ ਹੋਰਾਂ ਮਰ ਜਾਣਾ'
ਉਹ ਇਹੀ ਨਗ਼ਮਾ ਗਾਉਂਦੀ ਹੈ
'ਜਿੰਨੀ ਲੱਗਦੀ ਵਾਹ ਤੂੰ ਲਾ ਲੈ'
ਬਦਲਨਾ ਨਹੀਂ ਇਹਨਾਂ ਲੋਕਾਂ......।

***********

# ਗੀਤ

ਮੰਡੇਰ 'ਤੇ ਗਾਉਂਦੀਏ ਚਿੜੀਏ
ਤੂੰ ਦੂਰ ਕਿੱਤੇ ਉੱਡ ਜਾਅ
ਤੇਰਾ ਰਾਗ ਕਿਸੇ ਨਈ ਸੁਣਨਾ
ਤੂੰ ਐਵੇਂ ਨਾ ਸਿਰ ਖਪਾ
ਮੰਡੇਰ 'ਤੇ ਗਾਉਂਦੀਏ ਚਿੜੀਏ....।

ਇੱਥੇ ਵੱਸਦੇ ਘਰ ਜਾਲਮਾਂ
ਕੀਤੇ ਪਲਾਂ ਦੇ ਵਿੱਚ ਤਬਾਹ
ਇੱਥੇ ਕਲੀਆਂ ਫੁੱਲ ਗੁਲਾਬ ਦੇ
ਦਿੱਤੇ ਤੋੜਕੇ ਸੁਕਣੇ ਪਾ
ਮੰਡੇਰ 'ਤੇ ਗਾਉਂਦੀਏ ਚਿੜੀਏ.....।

ਇੱਥੇ ਸੁਹਾਗ ਨੂੰ ਰੋਣ ਸੁਵਾਣੀਆਂ
ਮਾਂ ਰੋਵੇ ਪੁੱਤ ਲਈ ਸੱਥਰ ਵਿਛਾ
ਹੁਣ ਬਲਦੇ ਸਿਵੇ ਨਈ ਬੁਝਦੇ
ਅਸੀਂ ਥੱਕੇ ਹੰਝੂਆਂ ਦਾ ਮੀਂਹ ਵਰਸਾ
ਮੰਡੇਰ 'ਤੇ ਗਾਉਂਦੀਏ ਚਿੜੀਏ.....।

ਵੇਖ ਕਰਦਿਆਂ ਤਾਂਡਵ ਮੌਤ ਨੂੰ
ਸ਼ੈਤਾਨ ਵੀ ਗਿਆ ਸ਼ਰਮਾ
ਨੀ ਸਾਡੇ ਥਰ ਥਰ ਦਿਲ ਕੰਬਦੇ
ਤੈਨੂੰ ਗੀਤਾਂ ਦਾ ਚੜਿਆ ਚਾਅ
ਮੰਡੇਰ 'ਤੇ ਗਾਉਂਦੀਏ ਚਿੜੀਏ.......।



ਜੀਅ ਕਰਦਾ ਨਈ ਜੇ ਉੱਡਣ ਨੂੰ
ਤਾਂ ਡੇਰਾ ਸਿਵਿਆਂ ਵਿੱਚ ਜਾਕੇ ਲਾ
ਉੱਥੇ ਮਾਣੀ ਨਿੱਘ ਚਿਤਾਵਾਂ ਦਾ
ਨਾਲੇ ਅਸਾਂ ਲਈ ਕਰੀਂ ਦੁਆ
ਮੰਡੇਰ 'ਤੇ ਗਾਉਂਦੀਏ ਚਿੜੀਏ......।

**ਜਸਵਿੰਦਰ ਦੂਹੜਾ**
ਪਿੰਡ ਤੇ ਡਾਕ. ਦੂਹੜੇ
ਜਲੰਧਰ -14302
ਫੋਨ. 9872336944

# ਸਾਡੇ ਸਹਿਯੋਗੀ

1. ਸ. ਹਰੀ ਸਿੰਘ ਮਥਾਰੂ ਕੋਆਰਡੀਨੇਟਰ ਸੰਤ ਸਿਪਾਹੀ ਵਿਚਾਰ ਮੰਚ ਗੁੜਗਾਉਂ, ਇਹਨਾਂ ਕਵੀ ਦਰਬਾਰ ਵਿੱਚ ਮਿੱਤੀ 30-09-2012ਨੂੰ ਭਾਈ ਤਾਰੂ ਸਿੰਘ ਜੀ ਸ਼ਹੀਦ ਬਾਰੇ ਕਰਵਾਏ ਕਵੀ ਦਰਬਾਰ ਵਿੱਚ ਹਰ ਇੱਕ ਕਵੀ ਨੂੰ 1500-1500 ਸੌ ਰੁਪਏ ਦੇ ਕੇ ਨਿਵਾਜਿਆ।

2. ਮੇਰੇ ਚਾਚਾ ਜੀ ਦੇ ਵੱਡੇ ਸਪੁੱਤਰ ਮੇਰੇ ਵੀਰ
ਸ. ਹਰਭਜਨ ਸਿੰਘ ਜੀ ਜੱਬਲ
ਯੂ. ਕੇ. ਸਲੋਹ ਪਿਛੋਕੜ ਮਾਨਾ ਤਲਵੰਡੀ
ਜਿਲ੍ਹਾ ਕਪੂਰਥਲਾ।

3. ਮੇਰੀ ਵੱਡੀ ਬੇਟੀ ਰਣਜੀਤ ਕੌਰ ਤੇ
ਉਹਨਾਂ ਦੇ ਪਤੀ ਸ. ਰਤਨ ਸਿੰਘ
ਡੁਬਈ (ਅਜਮਾਨ)।
ਪਿਛੋਕੜ ਕਾਕੜ ਕਲਾਂ ਜਿਲ੍ਹਾਂ ਜਲੰਧਰ।

4. ਮੇਰੀ ਛੋਟੀ ਬੇਟੀ ਡਾ. ਬਲਵਿੰਦਰ ਕੌਰ
ਪ੍ਰੋਫੇਸਰ ਤੇ ਉਸ ਦੇ ਪਤੀ
ਡਾ. ਗੋਬਿੰਦ ਸਿੰਘ ਪ੍ਰਿੰਸੀਪਲ ਮਸਤੂਆਣਾ
ਜਿਲ੍ਹਾ ਸੰਗਰੂਰ।

5. ਸ. ਅਜੀਤ ਸਿੰਘ ਉਭੀ ਯੂ. ਕੇ.
ਬਰਮਿੰਗਮ ਪਿਛੋਕੜ ਮਲੀਆਂ
ਨਜ਼ਦੀਕ ਕਰਤਾਰਪੁਰ ਜਿਲ੍ਹਾ ਜਲੰਧਰ।

6. ਸ. ਸਾਧੂ ਸਿੰਘ
ਹੈਲਥ ਇਨਸਪੈਕਟਰ ਰੀਟਾਇਰਡ
ਕਰਤਾਰਪੁਰ ਜਿਲ੍ਹਾ ਜਲੰਧਰ।



7. ਸ. ਹਰ ਗੋਬਿੰਦ ਸਿੰਘ ਜੀ ਗਰੇਵਾਲ ਯੂ. ਕੇ.
ਬਿਡਸਨ ਪਿਛੋਕੜ ਲੁਧਿਆਣਾ।

8. ਡਾ. ਆਰ. ਕੇ ਬਾਲੀ ਜੀ ਅੱਖਾਂ ਦੇ ਮਾਹਿਰ
ਸਿਵਲ ਹਸਪਤਾਲ ਭੁੱਲਥ।
98158-99250-99159-66274

9. ਨੰਬਰਦਾਰ ਚਰਨਜੀਤ ਸਿੰਘ ਚੰਨੀ
ਨਵਾਂ ਪਿੰਡ ਨਜ਼ਦੀਕ ਬਿਧੀਪੁਰ ਜਲੰਧਰ।

10. ਸ. ਸਰਿੰਦਰ ਸਿੰਘ ਧਾਲੀਵਾਲ
ਹੌਲੀ ਵੁਡ ਰੈਸਟੋਰੈਂਟ ਜੀ. ਟੀ ਰੋਡ ਕਰਤਾਰਪੁਰ।

11. ਭਾਈ ਕੁਲਤਾਰ ਸਿੰਘ ਰਾਗੀ ਪੁੱਤਰ
ਭਾਈ ਅਵਤਾਰ ਸਿੰਘ ਰਾਗੀ ਦਿੱਲੀ ਪਿਛੋਕੜ ਸੈਦਪੁਰ
ਨਜ਼ਦੀਕ ਸੁਲਤਾਨਪੁਰ ਲੋਧੀ।

12. ਸ. ਸੋਹਨ ਸਿੰਘ ਢਿਲੋਂ ਯੂ. ਕੇ
ਬਰਮਿੰਗਮ ਪਿਛੋਕੜ ਕਰਤਾਰਪੁਰ
ਜਿਲ੍ਹਾ ਜਲੰਧਰ।

13. ਸ. ਇੰਦਰਜੀਤ ਸਿੰਘ ਘੁੰਗਰਾਲੀ
ਮੁੱਖ ਸੰਪਾਦਕ ਸਾਡਾ ਪੰਜਾਬ ਜਲੰਧਰ।

14. ਪੰਥ ਪ੍ਰਸਿੱਧ ਰਾਗੀ ਭਾਈ ਰੁਘਬੀਰ ਸਿੰਘ ਜੀ ਦੀਵਾਨਾ
ਭੋਗਪੁਰ ਜਲੰਧਰ।

15. ਵੀਰ ਕਰਮਜੀਤ ਸਿੰਘ ਸਪੁੱਤਰ
ਸਵ. ਹੈਂਡ ਮਾਸਟਰ ਗੁਰਦਿਆਲ ਸਿੰਘ ਜੀ ਪਿਛੋਕੜ

ਸੈਦਪੁਰ ਨਜ਼ਦੀਕ ਸੁਲਤਾਨਪੁਰ ਲੋਧੀ
(ਮੇਰੇ ਮਾਮਾ ਜੀ ਦੇ ਬੇਟੇ)।

16. ਵੀਰ ਦਿਲਜੀਤ ਸਿੰਘ ਜੀ ਏ. ਜੀ. ਐਮ ਰੀਟਾਇਰਡ ਦਿੱਲੀ
(ਮੇਰੇ ਮਾਸੀ ਜੀ ਦੇ ਪੁੱਤਰ)।

17. ਗਿਆਨੀ ਅਮਰ ਇਕਬਾਲ ਸਿੰਘ
ਕਥਾ ਵਾਚਕ ਲੁਧਿਆਣਾ।

18. ਸ. ਅਮਰਜੀਤ ਸਿੰਘ ਜੀ ਮਦਾਨ
ਪ੍ਰੀਤਵਾਚ ਕੰਪਨੀ ਕਪੂਰਥਲਾ।

19. ਸੂਬੇਦਾਰ ਹਰਬੰਸ ਸਿੰਘ ਜੀ
ਪਿੰਡ ਜਾਰਜ ਪੁਰ ਕਪੂਰਥਲਾ।

20. ਗਿਆਨੀ ਸਰਿੰਦਰ ਸਿੰਘ ਜੀ ਡੁਬਈ (ਅਜਮਾਨ)
ਪਿਛੋਕੜ ਨਗਰ ਬੋਪਾਰਾਏ ਨਜ਼ਦੀਕ ਨਕੋਦਰ।

21. ਜਥੇਦਾਰ ਭਾਈ ਬਲਦੇਵ ਸਿੰਘ ਜੀ
ਮੁੱਖੀ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ।

22. ਚੌਧਰੀ ਜਗਜੀਤ ਸਿੰਘ
ਪ੍ਰਧਾਨ ਐਮ. ਜੀ. ਐਸ. ਐਮ. ਜਨਤਾ ਕਾਲਜ ਕਰਤਾਰਪੁਰ।

23. ਪ੍ਰਿੰਸੀਪਲ ਡਾ. ਜਸਵੀਰ ਕੌਰ ਜੀ ਗਿੱਲ।

24. ਡਾ. ਸ. ਗੁਰਮੇਜ ਸਿੰਘ ਜੀ ਗਿੱਲ ਐਮ. ਐਸ.
ਬਾਨੀ ਜਨਤਾ ਹਸਪਤਾਲ ਟਾਂਡਾ ਰੋਡ ਜਲੰਧਰ।



25. ਸ. ਹਰਦੀਪ ਸਿੰਘ ਜੀ ਘਟਾਉੜਾ
ਮਾਲਕ ਆਤਮਾ ਮਕੈਨੀਕਲ ਵਰਕਸ ਜੀ. ਟੀ. ਰੋਡ
ਕਰਤਾਰਪੁਰ।

26. ਸ. ਲਖਵਿੰਦਰ ਸਿੰਘ, ਪਲਵਿੰਦਰ ਸਿੰਘ, ਚਰਨਜੀਤ ਸਿੰਘ
ਬੇਟੇ ਸ. ਲਖਵਿੰਦਰ ਸਿੰਘ ਟਰੈਕਟਰ ਵਰਕਸ਼ਾਪ ਕਰਤਾਰਪੁਰ।

27. ਸ. ਗੁਰਦੀਪ ਸਿੰਘ ਜੀ ਭੋਗਲ
ਰੀਟਾਇਰਡ ਡਰਾਇੰਗ ਮਾਸਟਰ ਜਲੰਧਰ।

28. ਸ. ਕੁਲਵਿੰਦਰ ਸਿੰਘ ਲੁਡੀ
ਐਮ. ਸੀ. ਨਗਰਪਾਲਕਾ ਕਰਤਾਰਪੁਰ।

29. ਰੁਮੇਸ਼ ਕੁਮਾਰ ਮਾਘੋ ਜੀ ਜਲੰਧਰ
ਨਜ਼ਦੀਕ ਡੀ. ਏ. ਵੀ. ਫਾਟਕ ਜਲੰਧਰ।

30. ਉਹ ਸਾਰੇ ਸ਼ਾਇਰ ਸਾਹਿਬਾਨ ਜਿਨ੍ਹਾਂ ਨੇ ਆਪਣੀਆਂ ਅਨਮੋਲ ਰਚਨਾਵਾਂ ਇਸ ਪੁਸਤਕ ਲਈ ਭੇਜ ਕੇ ਦਾਸ ਨੂੰ ਨਿਵਾਜਿਆ।

31. ਲਵਲੀ ਫਨੀਚਰ ਹਾਉਸ ਕਰਤਾਰਪੁਰ।

32. ਸਰਦਾਰ ਸਿੰਘ ਜੀ ਐਡਵੋਕੇਟ ਕਰਤਾਰਪੁਰ।

33. ਸ. ਬਲਵਿੰਦਰ ਸਿੰਘ ਚਾਹਲ ਐਡਵੋਕੇਟ ਕਰਤਾਰਪੁਰ।

34. ਸ. ਗੁਰਚਰਨ ਸਿੰਘ ਚਰਨ ਦਿੱਲੀ ਜੀਹਨਾਂ ਦੀ ਸਖ਼ਤ ਮਿਹਨਤ ਨਾਲ਼ ਇਹ ਪੁਸਤਕ ਆਪ ਜੀ ਦੇ ਹੱਥਾਂ ਵਿੱਚ ਆ ਰਹੀ ਹੈ। ਇਹਨਾਂ ਦੀ ਵੱਡੀ ਦੇਣ 52 ਕਵੀਆਂ ਦੇ ਕਵੀ ਦਰਬਾਰ ਕਰਵਾਉਣੇ।



## ਸੰਪਾਦਕ

ਪੁਸਤਕ 'ਅਨੁਪਮ ਕਾਵਯ ਉਡਾਰੀਆਂ' ਵਿਚ ਪੰਥ ਦੇ ਮਹਾਨ 13 ਕਵੀਆਂ ਦੀਆਂ ਧਾਰਮਿਕ ਤੇ ਸਾਹਿਤਕ ਵਧੀਆ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਮੈਨੂੰ ਖੁਸ਼ੀ ਹੈ ਕਿ ਸਾਰੇ ਸ਼ਾਇਰ ਕਵਿਤਾ ਦੇ ਗੁਣਾ ਨੂੰ ਸਮਝਦੇ ਹੋਏ, ਵਜ਼ਨ ਬਹਿਰ ਕਾਫ਼ੀਆ ਰਦੀਫ ਦਾ ਖਿਆਲ ਰੱਖਦੇ ਹੋਏ ਆਪਣੀਆਂ ਰਚਨਾਵਾਂ ਕਰਦੇਂ ਹਨ। ਮੈਂ ਉਨ੍ਹਾਂ ਕਵੀਆਂ ਨੂੰ ਬਿਲਕੁਲ ਕਵੀ ਨਹੀਂ ਮੰਨਦਾ ਜੋ ਵਾਰਤਕਨੁਮਾ ਖੁਲ੍ਹੀਆਂ ਕਵਿਤਾਵਾਂ ਲਿਖ ਕੇ ਕਹਿੰਦੇ ਹਨ ਕਿ ਅਸੀਂ ਵੀ ਕਵੀ ਹਾਂ ਸਾਨੂੰ ਵੀ ਸ਼ਾਇਰ ਮੰਨੋ। ਮੈਂ ਉਨ੍ਹਾਂ ਨੂੰ ਕਵੀ ਤਾਂ ਕੀ ਸੂਝਵਾਨ ਇਨਸਾਨ ਵੀ ਮੰਨਣ ਨੂੰ ਤਿਆਰ ਨਹੀਂ।


ਅਨੂਪ ਸਿੰਘ ਨੂਰੀ
ਪ੍ਰਧਾਨ ਇੰਟਰਨੈਸ਼ਨਲ ਪੰਜਾਬੀ ਲੇਖਕ ਸਭਾ
ਦਿਆਲ ਪੁਰ ਗੇਟ ਕਰਤਾਰਪੁਰ,
ਜ਼ਿਲ੍ਹਾ ਜਲੰਧਰ
ਮੋਬਾ: 98556-30313




ਸ: ਅਮਰਜੀਤ ਸਿੰਘ ਸੰਧੂ



ਸ: ਹਰਭਜਨ ਸਿੰਘ ਸਾਜਕ



ਸ੍ਰੀ ਲਾਲੀ ਕਰਤਾਪੁਰੀ


ਸ. ਚੰਨਣ ਸਿੰਘ ਚੰਨ ਮੋਮੀ



ਸ: ਤਰਲੋਕ ਸਿੰਘ ਦੀਵਾਨਾ



ਗਿਆਨੀ ਗੁਰਚਰਨ ਸਿੰਘ ਕੰਵਲ



ਸ: ਗੁਰਚਰਨ ਸਿੰਘ 'ਚਰਨ'


ਸ: ਭਗਵਾਨ ਸਿੰਘ ਦੀਪਕ


ਸ: ਸੁਰਜੀਤ ਸਿੰਘ ਆਰਟਿਸਟ


ਸ: ਸੀਤਲ ਸਿੰਘ 'ਸੀਤਲ'


ਸ: ਭੁਪਿੰਦਰ ਸਿੰਘ ਸੰਧੂ


ਸ੍ਰੀ ਜਸਵਿੰਦਰ ਦੁਹੜਾ